Space for Advertisement

13ਵਾਂ ਸਾਲ

ਹਫਤਾਵਾਰੀ

# ਦੇਸ਼ ਦੁਆਬਾ

VOL -14 ISSUE - 14
July 9, 2025

Postal Address
Desh Doaba
5101 Doe Hollow Pl., Antelope, CA-95843


www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ



*ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਦੀ ਬਰਸੀ 'ਤੇ ਅਦਾਰਾ "ਦੇਸ਼ ਦੁਆਬਾ"'ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ*
*(ਉਹਨਾਂ ਨੂੰ ਸਮਰਪਿਤ ਲੇਖ ਦੇਖੋ ਸਫਾ 6 -7 'ਤੇ)*



*ਡਾਕਟਰ ਰੌਣਕੀ ਰਾਮ ਨੂੰ ਡਾ. ਗੁਰਮੀਤ ਕੱਲਰਮਾਜਰੀ ਅਤੇ ਸ਼੍ਰ. ਫਤਹਿਜੰਗ ਸਿੰਘ ਸਾਬਕਾ ਜੁਆਇੰਟ ਡਾਇਰੈਕਟਰ "ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ" ਪੁਸਤਕ ਭੇਂਟ ਕਰਦੇ ਹੋਏ।*

# ਅਮਰੀਕਾ ਨੇ ਕਈ ਮੁਲਕਾਂ 'ਤੇ ਟੈਰਿਫ ਲਗਾਇਆ

## ਅਮਰੀਕਾ-ਭਾਰਤ ਵਪਾਰ ਸਮਝੌਤਾ ਸਿਰੇ ਚੜ੍ਹਨ ਦੇ ਨੇੜੇ: ਟਰੰਪ

**ਵਾਸ਼ਿੰਗਟਨ (ਬਿਊਰੋ)-** ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਅਮਰੀਕਾ, ਭਾਰਤ ਨਾਲ ਵਪਾਰ ਸਮਝੌਤਾ ਕਰਨ ਦੇ ਬਹੁਤ ਨੇੜੇ ਹੈ। ਅਮਰੀਕੀ ਸਦਰ ਨੇ ਅੱਜ ਕਿਹਾ, "ਹੁਣ, ਅਸੀਂ ਯੂਨਾਈਟਿਡ ਕਿੰਗਡਮ (ਬਰਤਾਨੀਆ) ਨਾਲ ਸਮਝੌਤਾ ਕੀਤਾ ਹੈ, ਅਸੀਂ ਚੀਨ ਨਾਲ ਸਮਝੌਤਾ ਕੀਤਾ ਹੈ...ਅਸੀਂ ਭਾਰਤ ਨਾਲ ਸਮਝੌਤਾ ਕਰਨ ਦੇ ਬਹੁਤ ਨੇੜੇ ਹਾਂ, ਜਿਨ੍ਹਾਂ ਹੋਰਨਾਂ ਨੂੰ ਅਸੀਂ ਮਿਲੇ ਸੀ ਅਤੇ ਸਾਨੂੰ ਨਹੀਂ ਲੱਗਦਾ ਕਿ ਅਸੀਂ ਕੋਈ ਸਮਝੌਤਾ ਕਰ ਸਕਾਂਗੇ, ਇਸ ਲਈ ਅਸੀਂ ਉਨ੍ਹਾਂ ਨੂੰ ਪੱਤਰ ਭੇਜੇ ਹਨ। ਜੇ ਤੁਸੀਂ ਅਮਰੀਕਾ ਨਾਲ ਵਪਾਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਨ੍ਹਾਂ ਟੈਕਸਾਂ ਦੀ ਅਦਾਇਗੀ ਕਰਨੀ ਹੋਵੇਗੀ।" ਅਮਰੀਕੀ ਰਾਸ਼ਟਰਪਤੀ ਨੇ ਇਹ ਟਿੱਪਣੀਆਂ ਅਜਿਹੇ ਮੌਕੇ ਕੀਤੀਆਂ ਹਨ, ਜਦੋਂ ਟਰੰਪ ਪ੍ਰਸ਼ਾਸਨ ਨੇ ਸੋਮਵਾਰ ਨੂੰ ਵੱਖ-ਵੱਖ ਦੇਸ਼ਾਂ ਨੂੰ 'ਪੱਤਰਾਂ' ਦੀ ਪਹਿਲੀ ਕਿਸ਼ਤ ਭੇਜੀ ਹੈ, ਜਿਸ ਵਿੱਚ ਉਨ੍ਹਾਂ ਦੇਸ਼ਾਂ ਦੇ ਉਤਪਾਦਾਂ 'ਤੇ ਅਮਰੀਕਾ ਵੱਲੋਂ ਲਗਾਏ ਜਾਣ ਵਾਲੇ ਦਰਾਮਦ ਟੈਕਸਾਂ ਦਾ ਵੇਰਵਾ ਦਿੱਤਾ ਗਿਆ ਸੀ। ਟਰੰਪ ਦੇ ਦਸਤਖ਼ਤ ਵਾਲੇ ਇਹ ਪੱਤਰ, ਜਿਨ੍ਹਾਂ ਮੁਲਕਾਂ ਨੂੰ ਭੇਜੇ ਗਏ ਹਨ, ਉਨ੍ਹਾਂ ਵਿਚ ਬੰਗਲਾਦੇਸ਼, ਬੋਸਨੀਆ, ਹਰਜ਼ੇਗੋਵਿਨਾ, ਕੰਬੋਡੀਆ, ਇੰਡੋਨੇਸ਼ੀਆ, ਜਾਪਾਨ, ਕਜ਼ਾਖਸਤਾਨ, ਲਾ ਪੀਪਲਜ਼ ਡੈਮੋਕਰੈਟਿਕ ਰਿਪਬਲਿਕ, ਮਲੇਸ਼ੀਆ, ਸਰਬੀਆ, ਦੱਖਣੀ ਅਫ਼ਰੀਕਾ, ਦੱਖਣੀ ਕੋਰੀਆ, ਥਾਈਲੈਂਡ ਤੇ ਟਿਊਨੀਸ਼ੀਆ ਸ਼ਾਮਲ ਹਨ। ਟਰੰਪ ਨੇ ਕਿਹਾ, "ਅਸੀਂ ਵੱਖ ਵੱਖ ਮੁਲਕਾਂ ਨੂੰ ਪੱਤਰ ਭੇਜ ਰਹੇ ਹਾਂ ਕਿ ਉਨ੍ਹਾਂ ਨੂੰ ਕਿੰਨੇ ਟੈਕਸ ਦੀ ਅਦਾਇਗੀ ਕਰਨੀ ਹੋਵੇਗੀ।" ਟਰੰਪ ਨੇ ਕਿਹਾ ਕਿ ਇਹ ਮੁਲਕ ਅਮਰੀਕਾ ਨੂੰ 'ਲੁੱਟ' ਰਹੇ ਸਨ ਅਤੇ 'ਸਾਡੇ ਤੋਂ ਇੰਨੇ ਜ਼ਿਆਦਾ ਟੈਕਸ ਵਸੂਲ ਰਹੇ ਸਨ ਕਿ ਜਿਹੜੇ ਪਹਿਲਾਂ ਕਦੇ ਕਿਸੇ ਨੇ ਨਹੀਂ ਦੇਖੇ। ਸਾਡੇ ਕੋਲ ਕੁਝ ਦੇਸ਼ ਹਨ ਜੋ 200 ਫੀਸਦ ਟੈਰਿਫ ਵਸੂਲ ਰਹੇ ਸਨ ਅਤੇ ਕਾਰੋਬਾਰ ਕਰਨਾ ਅਸੰਭਵ ਬਣਾ ਰਹੇ ਸਨ।" ਟਰੰਪ ਵ੍ਹਾਈਟ ਹਾਊਸ ਵਿੱਚ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨਾਲ ਰਾਤ ਦੇ ਭੋਜਨ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਦੌਰਾਨ ਟਰੰਪ ਨੇ ਮੁੜ ਦਾਅਵਾ ਕੀਤਾ ਕਿ ਉਨ੍ਹਾਂ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਜੰਗ ਰੋਕਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਟਰੰਪ ਨੇ ਕਿਹਾ ਕਿ ਉਨ੍ਹਾਂ ਦੋਵਾਂ ਮੁਲਕਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ ਲੜਾਈ ਜਾਰੀ ਰੱਖਦੇ ਹਨ ਤਾਂ ਵਾਸ਼ਿੰਗਟਨ ਉਨ੍ਹਾਂ ਨਾਲ ਵਪਾਰ ਨਹੀਂ ਕਰੇਗਾ।



ਅਮਰੀਕਾ ਵੱਲੋਂ ਜਵਾਬੀ ਟੈਕਸ ਦੀ ਮੁਅੱਤਲੀ ਨੂੰ ਪਹਿਲੀ ਅਗਸਤ ਤੱਕ ਵਧਾਏ ਜਾਣ ਨਾਲ ਭਾਰਤੀ ਬਰਾਮਦਕਾਰਾਂ ਨੂੰ ਰਾਹਤ ਮਿਲੇਗੀ। ਇਸ ਦੇ ਨਾਲ ਹੀ ਭਾਰਤ ਤੇ ਅਮਰੀਕਾ ਨੂੰ ਵਪਾਰ ਸਮਝੌਤੇ ਨੂੰ ਅੰਤਿਮ ਰੂਪ ਦੇਣ ਅਤੇ ਹੋਰ ਮਸਲੇ ਸੁਲਝਾਉਣ ਲਈ ਵਾਧੂ ਸਮਾਂ ਮਿਲੇਗਾ। ਟਰੰਪ ਵੱਲੋਂ ਜਿਨ੍ਹਾਂ ਮੁਲਕਾਂ ਨੂੰ ਜਵਾਬੀ ਟੈਕਸ ਲਾਏ ਜਾਣ ਸਬੰਧੀ ਪੱਧਰ ਭੇਜੇ ਗਏ ਹਨ ਉਨ੍ਹਾਂ 'ਚ ਭਾਰਤ ਦਾ ਨਾਂ ਨਹੀਂ ਹੈ। ਅਮਰੀਕੀ ਰਾਸ਼ਟਰਪਤੀ ਨੇ ਇੱਕ ਵੱਖਰੇ ਕਾਰਜਕਾਰੀ ਹੁਕਮ 'ਚ ਕਈ ਹੋਰ ਮੁਲਕਾਂ 'ਤੇ ਵਧਾਇਆ ਗਿਆ ਟੈਕਸ ਟਾਲਣ ਦੀ ਮਿਆਦ 1 ਅਗਸਤ ਤੱਕ ਵਧਾ ਦਿੱਤੀ ਹੈ।

# ਟਰੰਪ ਅਤੇ ਐਲਨ ਮਸਕ ਦੀ ਲੜਾਈ- ਅਮਰੀਕੀ ਹਵਾਈ ਸੈਨਾ ਨੇ ਸਪੇਸਐਕਸ ਪ੍ਰੋਜੈਕਟ ਨੂੰ ਕੀਤਾ ਮੁਅੱਤਲ

**ਵਾਸ਼ਿੰਗਟਨ-** ਅਮਰੀਕੀ ਹਵਾਈ ਸੈਨਾ ਨੇ ਸਪੇਸਐਕਸ ਨਾਲ ਸਬੰਧਤ ਇੱਕ ਪ੍ਰਸਤਾਵਿਤ ਰਾਕੇਟ ਕਾਰਗੋ ਡਿਲੀਵਰੀ ਪ੍ਰੋਗਰਾਮ ਨੂੰ ਮੁਅੱਤਲ ਕਰ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਇਹ ਪ੍ਰੋਜੈਕਟ ਪ੍ਰਸ਼ਾਂਤ ਮਹਾਂਸਾਗਰ ਵਿੱਚ ਇੱਕ ਮਹੱਤਵਪੂਰਨ ਸਮੁੰਦਰੀ ਪੰਛੀਆਂ ਦੇ ਅਸਥਾਨ ਨੂੰ ਗੰਭੀਰਤਾ ਨਾਲ ਵਿਗਾੜ ਸਕਦਾ ਹੈ। ਹਵਾਈ ਸੈਨਾ ਨੇ ਸਪੇਸਐਕਸ ਨਾਲ ਹਾਈਪਰਸੋਨਿਕ ਰਾਕੇਟ ਕਾਰਗੋ ਟੈਸਟਾਂ ਨੂੰ ਪੂਰੀ ਤਰ੍ਹਾਂ ਰੋਕ ਦਿੱਤਾ ਹੈ।



ਹੁਣ ਰੁਕਿਆ ਹੋਇਆ ਪ੍ਰੋਜੈਕਟ ਇੱਕ ਅਮਰੀਕੀ ਫੌਜੀ ਪਹਿਲਕਦਮੀ ਦਾ ਹਿੱਸਾ ਸੀ ਜਿਸਦਾ ਉਦੇਸ਼ ਸਪੇਸਐਕਸ ਦੁਆਰਾ ਨਿਰਮਿਤ ਵਪਾਰਕ ਰਾਕੇਟਾਂ ਦੀ ਵਰਤੋਂ ਦੀ ਪੜਚੋਲ ਕਰਨਾ ਸੀ ਤਾਂ ਜੋ ਦੁਨੀਆ ਵਿੱਚ ਕਿਤੇ ਵੀ 90 ਮਿੰਟਾਂ ਦੇ ਅੰਦਰ 100 ਟਨ ਤੱਕ ਫੌਜੀ ਮਾਲ ਪਹੁੰਚਾਇਆ ਜਾ ਸਕੇ। ਇਸ ਸੰਕਲਪ ਦੀ ਜਾਂਚ ਏਅਰ ਫੋਰਸ ਰਿਸਰਚ ਲੈਬਾਰਟਰੀ ਦੁਆਰਾ ਪ੍ਰਬੰਧਿਤ ਰਾਕੇਟ ਕਾਰਗੋ ਪ੍ਰੋਗਰਾਮ ਦੇ ਤਹਿਤ ਕੀਤੀ ਜਾ ਰਹੀ ਸੀ।

ਇਹ ਟੈਸਟ ਇਸ ਟਾਪੂ 'ਤੇ ਕੀਤਾ ਜਾਣਾ ਸੀ ਜੋ ਸੰਘੀ ਤੌਰ 'ਤੇ ਸੁਰੱਖਿਅਤ ਹੈ। ਪ੍ਰਸਤਾਵਿਤ ਟੈਸਟ ਸਾਈਟ - ਜੌਹਨਸਟਨ ਐਟੋਲ - ਹਵਾਈ ਤੋਂ ਲਗਪਗ 1,300 ਕਿਲੋਮੀਟਰ ਦੂਰ ਸਥਿਤ 2.5 ਵਰਗ ਕਿਲੋਮੀਟਰ ਦਾ ਇੱਕ ਅਣ-ਆਬਾਦ ਟਾਪੂ ਹੈ। ਇਹ ਐਟੋਲ ਪੈਸੀਫਿਕ ਰਿਮੋਟ ਆਈਲੈਂਡਜ਼ ਮਰੀਨ ਨੈਸ਼ਨਲ ਸਮਾਰਕ ਦਾ ਹਿੱਸਾ ਹੈ ਅਤੇ ਸੰਘੀ ਤੌਰ 'ਤੇ ਜੰਗਲੀ ਜੀਵ ਪਨਾਹ ਵਜੋਂ ਸੁਰੱਖਿਅਤ ਹੈ।


















# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE: VISA, MasterCard, AMERICAN EXPRESS, DISCOVER NETWORK





**209-239-1551**

**1003 MOFFAT BLVD., MANTECA, CA 95336**



# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

# ਡਾ. ਗੁਰਮੀਤ ਕੱਲਰਮਾਜਰੀ ਵੱਲੋਂ ਸੰਪਾਦਿਤ ਪੁਸਤਕ "ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ" ਰਿਲੀਜ

**ਚੰਡੀਗੜ੍ਹ–** ਬੀਤੇ ਦਿਨੀ ਪੰਜਾਬੀ ਵਿਭਾਗ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਪ੍ਰਗਤੀਸ਼ੀਲ ਲੇਖਕ ਸੰਘ ਚੰਡੀਗੜ੍ਹ ਵੱਲੋਂ ਡਾ. ਗੁਰਮੀਤ ਕੱਲਰਮਾਜਰੀ ਵੱਲੋਂ ਸੰਪਾਦਿਤ ਮੰਗੂ ਰਾਮ ਮੁਗੋਵਾਲੀਆ ਜੀ ਦੀਆਂ ਮੂਲ ਲਿਖਤਾਂ ਤੇ ਕਵਿਤਾ ਤੇ ਆਧਾਰਿਤ ਪੁਸਤਕ "ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ" ਰਿਲੀਜ ਕੀਤੀ ਗਈ।

ਇਸ ਮੌਕੇ ਡਾ. ਸਰਬਜੀਤ ਸਿੰਘ ਪ੍ਰਧਾਨ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ, ਡਾ. ਗੁਰਮੀਤ ਕੱਲਰਮਾਜਰੀ, ਸ਼੍ਰੀ ਫਤਹਿਜੰਗ ਸਿੰਘ ਸਾਬਕਾ ਜੁਆਇੰਟ ਡਾਇਰੈਕਟਰ, ਡਾ. ਗੁਰਮੇਲ ਸਿੰਘ, ਸ਼੍ਰੀ ਗੋਬਿੰਦ ਸਿੰਘ, ਸ਼੍ਰੀ ਹਰਦੀਪ ਸਿੰਘ ਬੀਬੀ ਰਮਨਪ੍ਰੀਤ ਕੌਰ, ਸ਼੍ਰੀ ਮਹਿਤਾਬ ਸਿੰਘ ਅਤੇ ਗੁਰਦੀਪ ਸਿੰਘ ਆਦਿ ਨੇ ਸ਼ਿਰਕਤ ਕੀਤੀ। ਪੁਸਤਕ ਬਾਰੇ ਜਾਣ-ਪਛਾਣ ਕਰਵਾਉਂਦਿਆਂ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਇਸ ਪੁਸਤਕ ਵਿਚ ਦਲਿਤ ਕ੍ਰਾਂਤੀਕਾਰੀ ਆਗੂ ਕਵੀ, ਲੇਖਕ ਤੇ ਪੱਤਰਕਾਰ ਬਾਬੂ ਮੰਗੂ ਰਾਮ ਮੁਗੋਵਾਲੀਆ ਦੀਆਂ ਮੂਲ ਲਿਖਤਾਂ ਨੂੰ ਤੇ ਉਨਾਂ ਦੇ ਜੀਵਨ ਸੰਘਰਸ਼ ਬਾਰੇ ਲਿਖੇ ਲੇਖਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਡਾ. ਗੁਰਮੀਤ ਕੱਲਰਮਾਜਰੀ ਦੀ ਮਿਹਨਤ ਤੇ ਘਾਲਣਾ ਕਰਕੇ ਅਜਿਹੇ ਸਤਿਕਾਰਿਤ ਆਗੂਆਂ ਦਾ ਸਾਹਿਤਕ ਤੇ ਰਾਜਨੀਤਕ ਪੱਖ ਸਾਡੇ ਸਾਹਮਣੇ ਆਇਆ ਹੈ। ਇਸ ਕਰਕੇ ਉਹ ਵਧਾਈ ਦੇ ਪਾਤਰ ਹਨ।

*ਡਾਕਟਰ ਰੌਣਕੀ ਰਾਮ ਨੂੰ ਡਾ. ਗੁਰਮੀਤ ਕੱਲਰਮਾਜਰੀ ਅਤੇ ਸ਼੍ਰ. ਫਤਹਿਜੰਗ ਸਿੰਘ ਸਾਬਕਾ ਜੁਆਇੰਟ ਡਾਇਰੈਕਟਰ "ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ" ਪੁਸਤਕ ਭੇਂਟ ਕਰਦੇ ਹੋਏ।*





ਡਾ ਗੁਰਮੀਤ ਕੱਲਰਮਾਜਰੀ ਵੱਲੋਂ ਸੰਪਾਦਿਤ ਮੰਗੂ ਰਾਮ ਮੁਗੋਵਾਲੀਆ ਜੀ ਦੀਆਂ ਮੂਲ ਲਿਖਤਾਂ ਤੇ ਕਵਿਤਾ ਤੇ ਆਧਾਰਿਤ ਪੁਸਤਕ "ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ ਧਰਮ" ਰਿਲੀਜ ਕੀਤੀ ਗਈ।



# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ ਵੱਲੋਂ ਨਵੀਂ ਲਈ ਬਿਲਡਿੰਗ ਨੂੰ ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨ ਸੈਂਟਰ ਬਣਾਇਆ ਗਿਆ




**ਪਿਟਸਬਰਗ (ਬਿਊਰੋ)** ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਵੱਲੋਂ ਨਵੀਂ ਲਈ ਗਈ ਬਿਲਡਿੰਗ 2220, Crestview Dr. Pittsburg CA 94565 ਨੂੰ ਡਾ. ਬੀ. ਆਰ. ਅੰਬੇਡਕਰ ਭਵਨ ਬਣਾ ਦਿੱਤਾ ਗਿਆ ਹੈ। ਜਿਸ ਲਈ ਸਾਰੀ ਸਾਧ ਸੰਗਤ ਨੂੰ ਬਹੁਤ ਮੁਬਾਰਕਬਾਦ। ਇਹ ਕਾਰਜ ਸਾਰੀ ਸਾਧ ਸੰਗਤ ਦੇ ਸਹਿਯੋਗ ਨਾਲ ਹੀ ਨੇਪਰੇ ਚੜ੍ਹਿਆ ਹੈ। ਪਿਟਸਬਰਗ ਵਿਚ ਇਸ ਨਵੀਂ ਲਈ ਗਈ ਬਿਲਡਿੰਗ ਨੂੰ ਡਾ. ਬੀ. ਆਰ. ਅੰਬੇਦਕਰ ਐਜੂਕੇਸ਼ਨ ਸੈਂਟਰ ਦਾ ਨਾਮ ਦਿੱਤਾ ਗਿਆ ਹੈ।

ਇੱਥੇ ਇਹ ਵਰਣਨਯੋਗ ਹੈ ਕਿ ਇਹ ਸਾਰਾ ਕੁਝ ਕਮੇਟੀ ਦੇ ਚੇਅਰਮੈਨ ਵਿਨੋਦ ਕੁਮਾਰ, ਪ੍ਰਧਾਨ ਸੁਨੀਤਾ ਸਿੰਘ, ਜਨਰਲ ਸਕੱਤਰ ਉਪਿੰਦਰ ਪਾਲ ਰਿੱਕੀ, ਖਜਾਨਚੀ ਸ਼ਿੰਦਰ ਪਾਲ ਨਾਰੇਬਟ, ਕਮੇਟੀ ਅਤੇ ਫਾਊਂਡਰ ਅਤੇ ਬਾਕੀ ਮੈਂਬਰਾਂ ਦੇ ਪੂਰਨ ਸਹਿਯੋਗ ਦੇ ਨਾਲ ਹੀ ਸੰਭਵ ਹੋਇਆ ਹੈ। ਕਮੇਟੀ ਅਹੁਦੇਦਾਰਾਂ ਨੇ ਇਸ ਸਹਿਯੋਗ ਲਈ ਸਾਰੀ ਸੰਗਤ ਦਾ ਵੀ ਧੰਨਵਾਦ ਕੀਤਾ।

# ਸ਼ਾਇਰ ਜਗਜੀਤ ਨੌਸ਼ਹਿਰਵੀ ਦੀ ਕਿਤਾਬ 'ਹਾਲ ਉਥਾਈਂ ਕਹੀਏ' ਉੱਪਰ ਵਿਚਾਰ ਚਰਚਾ, ਜੁਲਾਈ 13 ਨੂੰ ਹੇਵਰਡ ਵਿੱਚ ਸਮਾਗਮ ਲਈ ਸੱਦਾ




**ਹੇਵਰਡ–** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਵਲੋਂ 13 ਜੁਲਾਈ ਦਿਨ ਐਤਵਾਰ ਨੂੰ ਹੇਵਰਡ ਵਿਖੇ ਵਿਸ਼ੇਸ਼ ਸਾਹਿਤਕ ਬੈਠਕ ਕੀਤੀ ਜਾ ਰਹੀ ਹੈ ਜਿਸ ਵਿੱਚ ਪੰਜਾਬੀ ਸ਼ਾਇਰ ਜਗਜੀਤ ਨੌਸ਼ਹਿਰਵੀ ਦੇ ਕਾਵਿ ਸੰਗ੍ਰਹਿ 'ਹਾਲ ਉਥਾਈਂ ਕਹੀਏ' ਉੱਪਰ ਸਾਹਿਤਕ ਗੋਸ਼ਟੀ ਕੀਤੀ ਜਾਏਗੀ। ਇਹ ਬੈਠਕ ਸੈਫ–ਾਇਰ ਬੈਂਕੁਇਟ ਹਾਲ, 24989 Santa Clara St, Hayward, Cailforina ਵਿੱਚ 13 ਜੁਲਾਈ ਦਿਨ ਐਤਵਾਰ ਨੂੰ 12 ਵਜੇ ਦੁਪਹਿਰੇ ਸ਼ੁਰੂ ਹੋਏਗੀ। ਹਾਜ਼ਰ ਲੇਖਕਾਂ ਅਤੇ ਪਾਠਕਾਂ ਲਈ ਦੁਪਹਿਰ ਦਾ ਖਾਣਾ 12 ਤੋਂ 1 ਵਜੇ ਤੱਕ ਚਲੇਗਾ ਅਤੇ ਤੁਰੰਤ ਬਾਅਦ ਸਾਹਿਤ ਗੋਸ਼ਟੀ ਦਾ ਅਰੰਭ ਹੋਏਗਾ। ਜਗਜੀਤ ਲੰਮੇ ਸਮੇਂ ਤੋਂ ਪੰਜਾਬੀ ਸਾਹਿਤ ਨਾਲ ਜੁੜਿਆ ਹੋਇਆ ਹੈ। ਉਹ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ ਦਾ ਮੁੱਢਲਾ ਮੈਂਬਰ ਹੈ ਅਤੇ ਕਈ ਵਰ੍ਹਿਆਂ ਤੋਂ ਇਸਦੇ ਜਰਨਲ ਸਕੱਤਰ ਵੱਜੋਂ ਸੇਵਾਵਾਂ ਨਿਭਾਉਂਦਾ ਆ ਰਿਹਾ ਹੈ। ਉਸਦਾ ਇਹ ਪਲੇਠਾ ਕਾਵਿ ਸੰਗ੍ਰਹਿ ਹੈ ਜਿਸ ਵਿੱਚ ਉਸਦੀਆਂ ਗ਼ਜ਼ਲਾਂ, ਗੀਤ ਅਤੇ ਕਵਿਤਾਵਾਂ ਸ਼ਾਮਲ ਹਨ। ਸਾਹਿਤਕ ਹਲਕਿਆਂ ਵਿੱਚ ਇਸ ਕਿਤਾਬ ਦਾ ਵਿਸ਼ੇਸ਼ ਚਰਚਾ ਹੈ। ਵਿਪਸਾਅ ਜਗਜੀਤ ਦੀ ਇਸ ਪ੍ਰਾਪਤੀ ਤੇ ਮਾਣ ਕਰਦੀ ਹੈ।

ਇਸ ਬੈਠਕ ਦੇ ਅੰਤ ਵਿੱਚ ਹਾਜ਼ਰ ਸ਼ਾਇਰ ਕਵੀ ਦਰਬਾਰ ਵਿੱਚ ਆਪਣੀਆਂ ਰਚਨਾਵਾਂ ਵੀ ਸਾਂਝੀਆਂ ਕਰਨਗੇ।

Jeha Chiri Likhiya teha Hukam Kamahe Ghaleh Aave Nanka Sade Uthi Jaye

In the Loving Memory of



Bibi Surinder Kaur
May 20, 1954—July 1, 2024

Davinder Pal
October 15, 1974—March 8, 2024

Please join us for:
Sukhmani Sahib Path
Sunday July 27, 2025
at 10:00 AM

Sri Guru Ravidass Temple
2150 Crestview Drive
Pittsburg, CA 94565

CONTACT
Vinod Kumar - 408-718-2506

NSSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nssbfinancial.com
1519 Gary CT., Rohnert Park, CA 94928

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।



KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ 'ਚ ਫੇਲ੍ਹ ਸਾਬਿਤ ਹੋਈ ਆਪ ਸਰਕਾਰ - ਡਾ. ਅਵਤਾਰ ਸਿੰਘ ਕਰੀਮਪੁਰੀ

ਫਗਵਾੜਾ- (ਬੀ.ਕੇ.ਰੱਤੂ) ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਬੁੱਧਵਾਰ ਨੂੰ ਮੀਡੀਆ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨਸਭਾ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਸੱਤਾ ਵਿੱਚ ਆਉਂਦਿਆਂ ਹੀ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਜਾ ਦੇਣ ਦਾ ਪ੍ਰਬੰਧ ਕੀਤਾ ਜਾਵੇਗਾ, ਪਰ ਸਾਢੇ ਤਿੰਨ ਸਾਲ ਤੱਕ ਇਹ ਸਰਕਾਰ ਚੁੱਪ ਰਹੀ। ਹੁਣ ਜਾ ਕੇ ਇਹ ਦਾਅਵਾ ਕਰ ਰਹੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਲਈ ਪੰਜਾਬ ਵਿਧਾਨਸਭਾ ਦਾ ਸੈਸ਼ਨ ਸੱਦ ਕੇ ਬਿੱਲ ਲਿਆਂਦਾ ਜਾਵੇਗਾ।



ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਆਪ ਸਰਕਾਰ ਵੱਲੋਂ ਜਿਹੜਾ ਬਿੱਲ ਲਿਆਉਣ ਦੀ ਗੱਲ ਕਹੀ ਗਈ ਹੈ, ਉਹ ਭਵਿੱਖ ਦੀਆਂ ਘਟਨਾਵਾਂ 'ਤੇ ਲਾਗੂ ਹੋਣਾ ਹੈ। ਪਰ ਜਿਹੜੀਆਂ ਘਟਨਾਵਾਂ ਬੀਤੇ ਸਮੇਂ ਵਿੱਚ ਹੋ ਚੁੱਕੀਆਂ ਹਨ, ਉਸ ਸਬੰਧੀ ਸਜ਼ਾ ਦੇਣ ਬਾਰੇ ਸਰਕਾਰ ਦਾ ਸਟੈਂਡ ਹਾਂ ਪੱਖੀ ਨਹੀਂ ਹੈ। ਇਸਨੂੰ ਲੈ ਕੇ ਲੋਕਾਂ ਵਿੱਚ ਨਿਰਾਸ਼ਾ ਹੈ। ਡਾ। ਕਰੀਮਪੁਰੀ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਨੇ ਪੰਜਾਬੀਆਂ ਨਾਲ ਧੋਖਾ ਕੀਤਾ ਹੀ। ਆਪ ਨੇ ਡਰੱਗ ਮਾਫੀਆ ਦੇ ਖਾਤਮੇ ਦਾ ਵਾਅਦਾ ਕੀਤਾ ਸੀ, ਪਰ ਇਸ ਮਾਮਲੇ ਵਿੱਚ ਇਹ ਫੇਲ੍ਹ ਹੋਈ ਹੈ। ਰੋਜ਼ਾਨਾ ਲੋਕ ਨਸ਼ੇ ਨਾਲ ਮਰ ਰਹੇ ਹਨ। ਇਸੇ ਤਰ੍ਹਾਂ ਇਸਨੇ ਰੇਤ ਮਾਫੀਆ ਖਤਮ ਕਰਨ ਦਾ ਦਾਅਵਾ ਕੀਤਾ ਸੀ, ਉਹ ਵੀ ਖੋਖਲਾ ਸਾਬਿਤ ਹੋਇਆ। ਰੁਜ਼ਗਾਰ, ਸਿਹਤ-ਸਿੱਖਿਆ, ਕਾਨੂੰਨ ਵਿਵਸਥਾ ਅਤੇ ਸੂਬੇ ਨੂੰ ਕਰਜ਼ਾ ਮੁਕਤ ਬਣਾਉਣ ਦੇ ਮੋਰਚੇ 'ਤੇ ਵੀ ਆਪ ਸਰਕਾਰ ਬੁਰੀ ਤਰ੍ਹਾਂ ਫਲਾਪ ਸਾਬਿਤ ਹੋਈ ਹੈ।

ਡਾ। ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਬਿੱਲ ਦੀ ਨਹੀਂ, ਸਗੋਂ ਵਿੱਲ ਪਾਵਰ ਦੀ ਲੋੜ ਹੈ। ਸਰਕਾਰ ਇਹ ਸਪਸ਼ਟ ਕਰੇ ਕਿ ਉਸਨੇ ਸਾਢੇ ਤਿੰਨ ਸਾਲ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਕਿਉਂ ਨਹੀਂ ਕੀਤੀ। ਦੋਸ਼ੀਆਂ ਨੂੰ ਸਜ਼ਾ ਨਾ ਦੇ ਕੇ ਇਸ ਸਰਕਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਵੀ ਧੋਖਾ ਕੀਤਾ ਹੈ। ਇਹ ਧੋਖਾ ਆਪ ਦੀ ਰਾਜਨੀਤਕ ਹੋਂਦ ਦੀ ਸਮਾਪਤੀ ਦਾ ਕਾਰਨ ਬਣੇਗਾ। ਪੰਜਾਬ ਦੇ ਲੋਕ ਇਸ ਸਰਕਾਰ ਨੂੰ 2027 ਵਿੱਚ ਬਖਸ਼ਣ ਵਾਲੇ ਨਹੀਂ ਹਨ।

ਬਸਪਾ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਇਹ ਵੀ ਕਿਹਾ ਕਿ ਸੂਬੇ ਵਿੱਚ ਬਾਬਾ ਸਾਹਿਬ ਡਾ. ਭੀਮ ਰਾ ਅੰਬੇਡਕਰ ਜੀ ਦੇ ਬੁੱਤਾਂ ਦੀਆਂ ਵੀ ਲਗਾਤਾਰ ਬੇਅਦਬੀਆਂ ਹੋ ਰਹੀਆਂ ਹਨ। ਅੰਮ੍ਰਿਤਸਰ, ਫਿਲੌਰ, ਬਟਾਲਾ, ਜਗਰਾ ਂ ਤੇ ਗੜ੍ਹਸ਼ੰਕਰ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦੇ ਬੁੱਤਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਲੱਗੇ ਜੋਤੀਬਾ ਫੂਲੇ, ਸ਼ਾਹੂ ਜੀ ਮਹਾਰਾਜ, ਨਰਾਇਣਾ ਗੁਰੂ, ਸਵਿੱਤਰੀ ਬਾਈ ਫੂਲੇ, ਬਾਬਾ ਸਾਹਿਬ ਅੰਬੇਡਕਰ, ਸਾਹਿਬ ਕਾਂਸ਼ੀਰਾਮ ਆਦਿ ਮਹਾਪੁਰਖਾਂ ਦੇ ਲੱਗੇ ਬੁੱਤਾਂ ਦੀ ਸੁਰੱਖਿਆ ਦਾ ਮਾਮਲਾ ਬਸਪਾ ਵੱਲੋਂ ਪਹਿਲਾਂ ਵੀ ਚੁੱਕਿਆ ਜਾ ਚੁੱਕਾ ਹੈ। ਇਸਦੇ ਬਾਵਜੂਦ ਕੇਂਦਰ ਦੀ ਭਾਜਪਾ ਤੇ ਸੂਬੇ ਦੀ ਆਪ ਸਰਕਾਰ ਇਸ ਮਾਮਲੇ ਵਿੱਚ ਗੰਭੀਰ ਨਹੀਂ ਹੈ। ਸੰਵਿਧਾਨ ਬਚਾਉਣ ਦੀਆਂ ਗੱਲਾਂ ਕਰਨ ਵਾਲੀ ਕਾਂਗਰਸ ਵੀ ਬੁੱਤਾਂ ਦੀ ਬੇਅਦਬੀ ਦੇ ਮਾਮਲੇ ਵਿੱਚ ਗੂੰਗੀ ਬਣੀ ਹੋਈ ਹੈ। ਅਕਾਲੀ ਦਲ ਨੇ ਵੀ ਚੁੱਪ ਧਾਰੀ ਹੋਈ ਹੈ। ਡਾ। ਕਰੀਮਪੁਰੀ ਨੇ ਕਿਹਾ ਕਿ ਬਸਪਾ ਦੀ ਮੰਗ ਹੈ ਕਿ ਪੰਜਾਬ ਵਿਧਾਨਸਭਾ ਵਿੱਚ ਦੋ ਬਿੱਲ ਲਿਆਂਦੇ ਜਾਣ। ਪਹਿਲਾ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਰੋਕਣ ਲਈ ਅਤੇ ਦੂਜਾ ਬਾਬਾ ਸਾਹਿਬ ਡਾ। ਅੰਬੇਡਕਰ, ਫੂਲੇ, ਨਰਾਇਣਾ ਗੁਰੂ ਆਦਿ ਸਮੇਤ ਸਮਾਜਿਕ ਤੇ ਰਾਜਨੀਤਕ ਆਦਰਸ਼ ਰਹੀਆਂ ਸ਼ਖਸੀਅਤਾਂ ਦੇ ਬੁੱਤਾਂ ਦੀ ਬੇਅਦਬੀ ਕਰਨ ਦੇ ਦੋਸ਼ੀਆਂ ਨੂੰ ਸਖਤ ਸਜ਼ਾ ਦੇਣ ਲਈ ਬਿੱਲ ਲਿਆਂਦਾ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਪਿਛਲੇ 78 ਸਾਲਾਂ ਵਿੱਚ ਕਾਂਗਰਸ, ਭਾਜਪਾ, ਅਕਾਲੀ ਦਲ ਤੇ ਆਪ ਨੇ ਮਿਲ ਕੇ ਪੰਜਾਬ ਨੂੰ ਸਮਾਜਿਕ, ਰਾਜਨੀਤਕ, ਆਰਥਿਕ ਤੇ ਪ੍ਰਸ਼ਾਸਨਿਕ ਖੇਤਰ ਵਿੱਚ ਤਬਾਹ ਕੀਤਾ ਹੈ। ਪੰਜਾਬ ਨੂੰ ਖੁਸ਼ਹਾਲੀ, ਤਰੱਕੀ ਦੇ ਰਾਹ 'ਤੇ ਪਾਉਣ ਲਈ ਬਸਪਾ ਵੱਲੋਂ ਸੂਬੇ ਭਰ ਵਿੱਚ 'ਪੰਜਾਬ ਸੰਭਾਲੋ' ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਉਜਾੜਨ ਵਾਲਿਆਂ ਨੂੰ ਰੱਦ ਕਰਕੇ ਬਸਪਾ ਦੀ 'ਪੰਜਾਬ ਸੰਭਾਲੋ' ਮੁਹਿੰਮ ਦਾ ਹਿੱਸਾ ਬਣਨ।

# ਨਵਾਂਸ਼ਹਿਰ ਤੋਂ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਡਾ. ਨਛੱਤਰ ਪਾਲ ਇਸ ਮਹੀਨੇ ਤੋਂ ਕੈਲੇਫੋਰਨੀਆ ਫੇਰੀ 'ਤੇ



**ਫਰਿਜ਼ਨੋ-** ਵਰਲਡਵਾਈਡ ਬੀ. ਐਸ. ਪੀ. ਸਪੋਰਟਰਜ਼ ਟੀਮ ਦੇ ਸਰਗਰਮ ਮੈਂਬਰ ਸ੍ਰੀ ਅਮਰ ਦੜੋਚ ਅਤੇ ਸ੍ਰੀ ਹਰਜਿੰਦਰ ਕੁਮਾਰ ਅਨੁਸਾਰ ਡਾ. ਨਛੱਤਰ ਪਾਲ ਐਮ. ਐਲ. ਏ. ਜੁਲਾਈ ਮਹੀਨੇ ਕੈਲੇਫੋਰਨੀਆ 'ਚ 13 ਜੁਲਾਈ 2025 ਦਿਨ ਐਤਵਾਰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਅਤੇ 20 ਜੁਲਾਈ 2025 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਨਤਮਸਤਕ ਹੋਣਗੇ। ਇਸ ਉਪਰੰਤ ਵੱਖੋ-ਵੱਖਰੇ ਸਥਾਨਾਂ 'ਤੇ ਬੀ. ਐਸ. ਪੀ. ਸਮਰਥਕਾਂ ਨਾਲ ਵਿਚਾਰ ਸਾਂਝੇ ਕਰਨਗੇ।

ਵਧੇਰੇ ਜਾਣਕਾਰੀ ਲਈ ਵਧੇਰੇ ਜਾਣਕਾਰੀ ਲਈ Worldiwde BSP Supporters Team ਦੇ ਸਾਥੀ ਅਮਰ ਦੜੋਚ ਜੀ ਨਾਲ (559) 905 6217 ਤੇ ਜਾਂ ਹਰਜਿੰਦਰ ਕੁਮਾਰ ਜੀ ਨਾਲ (347) 614 8026 ਤੇ ਸੰਪਰਕ ਕਰ ਸਕਦੇ ਹੋ।



ਅਮਰ ਦੜੋਚ
(559) 905 6217



ਹਰਜਿੰਦਰ ਕੁਮਾਰ ਖੋਤੜਾਂ
(347) 614 8026


## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop

ਦੇਸ਼ ਦੁਆਬਾ

## ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

# ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ




ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਹਿਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।



ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ-ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖ਼ੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖਤਮ ਕਰਕੇ ਕੌਮੀ ਜਾਂ ਕ੍ਰਾਂਡੀਅਲ ਧਰਮ ਨੂੰ ਲਾਗੂ ਕੀਤਾ। ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗਾੜੇ ਰੂਪ ਹਨ। ਹਿੰਦੂਵਾਦ ਲੁਪਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।

ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਉਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖੁਸ਼ੀ ਖੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖਿਲਾਫ, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖਿਲਾਫ ਪਹਿਲੋਂ ਵੀ ਬਗਾਵਤਾਂ ਹੋਈਆਂ।

ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਅੱਛੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਾਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਨਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿ-ਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚ-ਾਇਆ।

ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ।

ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਕ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨ-ਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

(ਬਾਕੀ ਅਗਲੇ ਸਫੇ 'ਤੇ)

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਣ ਅਮੀਰਾਨਾ ਸੋਚ 'ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ 'ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ 'ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧ-ਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿ-ਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ 'ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ 'ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ 'ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ 'ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ 'ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ 'ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ 'ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ 'ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ 'ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ 'ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖ਼ਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

*(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)*

*(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)*




'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵਲੋਂ "ਬੇਟੀ ਬਚਾਓ -ਧਰਤੀ ਬਚਾਓ" ਤਹਿਤ ਪ੍ਰਮੋਦ ਨਗਰ ਵਿਚ ਛਾਂ ਦਾਰ ਬੂਟੇ ਲਗਾਏ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਵਲੋਂ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਬੇਟੀ ਬਚਾ , ਧਰਤੀ ਬਚਾ ਮੁਹਿੰਮ ਅਧੀਨ ਪਰਮੋਦ ਨਗਰ ਵਿੱਚ ਨਵੇਂ ਬਣੇ ਡਾਕਟਰ ਬੀ। ਆਰ। ਅੰਬੇਡਕਰ ਪਾਰਕ ਵਿਚ ਛਾਂਦਾਰ ਮੈਡੀਕੇਟਡ ਬੂਟੇ ਲਗਾਏ ਗਏ। ਇਸ ਮੌਕੇ ਪ੍ਰਿੰਸੀਪਲ ਜਗਦੀਸ਼ ਰਾਏ ਮੁੱਖ ਬੁਲਾਰਾ ਪੰਜਾਬ, ਸੁਰਿੰਦਰ ਪਾਲ ਬੜ੍ਹਪੱਗਾ ਮੁੱਖ ਕਾਨੂੰਨੀ ਸਲਾਹਕਾਰ ,ਜ਼ਿਲ੍ਹਾ ਪ੍ਰਧਾਨ ਜਸਪ੍ਰੀਤ ਕੌਰ,ਸੰਤੋਖ ਸਿੰਘ ਬਲਾਕ ਸਕੱਤਰ , ਕਮਲ ਦੇਵ ਮੈਂਬਰ ਨਗਰ ਕੌਂਸਲ ਦੇ ਸੀਨੀਅਰ ਮੀਤ ਪ੍ਰਧਾਨ ਸੋਮਨਾਥ ਬੰਗੜ, ਕੌਂਸਲਰ ਪਰਵੀਨ ਕੁਮਾਰੀ, ਮਾਸਟਰ ਸੁਖਦੇਵ ਡਾਨਸੀਵਾਲ, ਆਦਿ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਮੌਕੇ ਪਾਰਕ ਵਿੱਚ 30 ਨਿੰਮ ਅਤੇ ਸੁਹ-ਜਣਾ ਦੇ ਬੂਟੇ ਲਗਾਏ । ਇਸ ਮੌਕੇ ਸੋਮਨਾਥ ਬੰਗੜ ਕਾਰਜਕ-ਾਰੀ ਪ੍ਰਧਾਨ ਨਗਰ ਕੌਂਸਲ ਗੜ੍ਹਸ਼ੰਕਰ ਨੇ ਕਿਹਾ ਕਿ ਵਾਤਾਵਰਨ ਨੂੰ ਬਚਾਉਣ ਲਈ ਬੂਟੇ ਲਗਾਉਣਾ ਬਹੁਤ ਹੀ ਜਰੂਰੀ ਹੈ,ਸਾਫ ਵਾਤਾਵਰਨ ਹੀ ਮਨੁੱਖਾਂ ਅਤੇ ਜੀਵ ਜੰਤੂਆਂ ਲਈ ਜਿੰਦਗੀ ਦਾ ਸਰੋਤ ਹੈ। ਪ੍ਰਿੰਸੀਪਲ ਜਗਦੀਸ਼ ਰਾਏ ਨੇ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਨੇ ਪਿਛਲੇ ਅੱਠ ਸਾਲਾਂ ਤੋਂ ਬੇਟੀ ਬਚਾ ਧਰਤੀ ਬਚਾ ਮੁਹਿੰਮ ਚਲਾਈ ਹੋਈ ਹੈ ਜਿਸ ਲੜੀ ਅਧੀਨ ਅੱਜ ਯੁੱਗ ਪੁਰਸ਼ ਡਾਕਟਰ ਭੀਮ ਰਾ ਅੰਬੇਡਕਰ




ਜੀ ਨੂੰ ਸਮਰਪਿਤ ਪਰਮੋਦ ਨਗਰ ਚ ਨਵੇਂ ਬਣੇ ਪਾਰਕ ਵਿੱਚ ਜਿਹੜੇ ਅੱਜ ਬੂਟੇ ਲਗਾਏ ਗਏ ਹਨ, ਹਵਾ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਚ ਸਹਾਈ ਹੋਣਗੇ।

ਮਾਸਟਰ ਸੁਖਦੇਵ ਡਾਨਸੀਵਾਲ ਜੀ ਨੇ ਸੁਸਾਇਟੀ ਵਲੋ ਕੀਤੇ ਗਏ ਇਸ ਕਾਰਜ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰ ਵਿਅਕਤੀ ਨੂੰ ਆਪਣੀ ਜਿੰਦਗੀ ਚ ਇਕ ਦੋ ਦਰੱਖਤ ਲਾ ਕੇ ਉਹਨਾਂ ਨੂੰ ਪਾਲਣਾ ਚਾਹੀਦਾ ਹੈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਕਿ ਅੱਜ ਸਾਡਾ ਹਵਾ ਪਾਣੀ ਗੰਧਲਾ ਹੋ ਗਿਆ ਕਿ ਇਥੋਂ ਦੇ ਵਸਨੀਕ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਗ੍ਰਸਿਤ ਹੋ ਚੁੱਕੇ ਹਨ, ਹਰ ਚੌਥਾ ਵਿਅਕਤੀ ਕੈਂਸਰ ਵਰਗੀ ਭਿਆਨਕ ਬਿਮਾਰੀ ਨਾਲ ਜੂਝ ਰਿਹਾ ਹੈ । ਇਸ ਤੋਂ ਬਚਣ ਲਈ ਵਾਤਾਵਰਨ ਦੀ ਸ਼ੁੱਧਤਾ ਬਹੁਤ ਹੀ ਜਰੂਰੀ ਹੈ। ਬੂਟੇ ਲਗਾਉਣਾ ਅਤੇ ਉਹਨੂੰ ਪਾਲਣਾ ਹਰ ਇਕ ਦੀ ਜਿੰਮੇਵਾਰੀ ਹੈ । ਐਡਵੋਕੇਟ ਸੁਰਿੰਦਰ ਪਾਲ ਬੜਪੱਗਾ ਨੇ ਆਏ ਹੋਏ ਪਤਵੰਤੇ ਸੱਜਣਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਪਾਰਕ ਵਿੱਚ ਲਾਏ ਗਏ ਪੌਦਿਆਂ ਦੀ ਸਾਂਭ ਸੰਭਾਲ ਕਰਨਾ ਸਾਡੀ ਸਾਰੀਆਂ ਦੀ ਜਿੰਮੇਵਾਰੀ ਹੈ । ਹਰ ਇਕ ਇਨਸਾਨ ਜਦੋ ਮਰਦਾ ਹੈ ਤਾਂ ਇੱਕ ਦਰੱਖਤ ਨਾਲ ਲੈ ਕੇ ਮਰਦਾ ਹੈ ਇਸ ਹਰ ਇਕ ਇਨਸਾਨ ਨੂੰ ਦੋ ਦਰੱਖਤ ਲਗਾ ਕੇ ਜਰੂਰ ਪਾਲਣੇ ਚਾਹੀਦੇ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਜਗਦੀਸ਼ ਰਾਏ ਬੁਲਾਰਾ ਪੰਜਾਬ, ਐਡਵੋਕੇਟ ਸੁਰਿੰਦਰ ਪਾਲ ਬੜਪਗਾ ਕਾਨੂੰਨੀ ਸਲਾਹਕਾਰ, ਜਸਪ੍ਰੀਤ ਕੌਰ ਜਿਲ੍ਹਾ ਪ੍ਰਧਾਨ, ਸੰਤੋਖ ਸਿੰਘ ਬਲਾਕ ਸਕੱਤਰ, ਕਮਲਦੇਵ, ਸੋਮਨਾਥ ਬੰਗੜ ਕੌਂਸਲਰ,ਪਰਵੀਨ ਕੁਮਾਰੀ ਕੌਂਸਲਰ, ਕਾਹਨ ਚੰਦ, ਸੋਨੀ ਕੁਮਾਰ ਬੜਪੱਗਾ, ਮਲਕੀਤ ਰਾਮ, ਮਾਸਟਰ ਸੁਖਦੇਵ ਡਾਨਸੀਵਾਲ, ਸੁਖਦਰਸ਼ਨ ਸਿੰਘ , ਕਮਲ ਦੇਵ, ਪ੍ਰੇਮ ਚੰਦ, ਦਰਸ਼ਨ ਸਿੰਘ, ਅਵਤਾਰ ਸਿੰਘ, ਮੋਹਨ ਲਾਲ, ਅਮਰਜੀਤ ਸਿੰਘ, ਪਰਵੀਨ ਦੇਵੀ ਸਫਾਈ ਸੇਵਕ, ਮਲਕੀਤ ਸਿੰਘ, ਗੁਰਮਿੰਦਰ ਸਿੰਘ, ਸੋਨੂੰ, ਅਮ੍ਰਿਤ ਪਾਲ, ਸੰਜੀਵ ਕੁਮਾਰ, ਕੁਲਦੀਪ ਸਿੰਘ ਫੌਜੀ, ਕਾਂਤਾ ਦੇਵੀ, ਐਸ.ਐਲ. ਖੁੱਤਣ ਅਤੇ

# ਦੋ ਜ ਕੈ ਫਰੰਟ ਪੰਜਾਬ ਅਤੇ ਵਿ ਦੂ ਰਾ ਸਭਾ ਪੰਜਾਬ ਦੇਸ਼ ਵਿਆਪੀ ਹੜਤਾਲ ਦਾ ਕਰੇਗੀ ਸਮਰਥਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਇੱਕ ਪ੍ਰੈਸ ਬਿਆਨ ਜਾਰੀ ਕਰਦੇ ਹੋਏ ਦੁਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੇ ਪ੍ਰਧਾਨ ਬਲਵੀਰ ਸਿੰਘ ਫੁੱਗਲਾਣਾ ਅਤੇ ਜਨਰਲ ਸਕੱਤਰ ਵਿਸ਼ਵ ਦੁਆਬਾ ਰਾਜਪੂਤ ਸਭਾ ਪੰਜਾਬ ਮੈਂ ਇੱਕ ਪ੍ਰੈਸ ਬਿਆਨ ਜਾਰੀ




ਕਰਦਿਆਂ ਆਖਿਆ ਕਿ ਨੌਂ ਤਰੀਕ ਦੀ ਦੇਸ਼ ਵਿਆਪੀ ਹੜਤਾਲ ਵਿੱਚ ਦੋਨੋਂ ਜਥੇਬੰਦੀਆਂ ਵੱਧ ਚੜ ਕੇ ਹਿੱਸਾ ਲੈਣਗੀਆਂ ਬਲਵੀਰ ਸਿੰਘ ਭੁਗਲਾਣਾ ਨੇ ਆਖਿਆ ਕਿ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਕਿਸਾਨ ਮਜ਼ਦੂਰ ਅਤੇ ਮੁਲਾਜ਼ਮ ਵਿਰੋਧੀ ਕਾਰਵਾਈਆਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਪੰਜਾਬ ਸਰਕਾਰ ਕੇਂਦਰ ਸਰਕਾਰ ਦੀ ਬੀ ਟੀਮ ਬਣ ਕੇ ਪੰਜਾਬ ਦੇ ਵਿੱਚ ਵਿਚਰ ਰਹੀ ਹੈ ਅਤੇ ਪੰਜਾਬ ਵਿੱਚ ਭੂ ਮਾਫੀਆ ਅਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਪੰਜਾਬ ਦੇ ਅਣਖੀ ਲੋਕ ਜਿਨਾਂ ਨੇ ਕਦੇ ਅਬਦਾਲੀ ਦੇ ਦੰਦ ਖੱਟੇ ਕੀਤੇ ਸਨ ਉਹ ਅੱਜ ਵੀ ਸਰਕਾਰਾਂ ਦੇ ਨਾਲ ਲੋਹਾ ਲੈਣ ਲਈ ਤਿਆਰ ਬਰ ਤਿਆਰ ਬੈਠੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਦਿੱਲੀ ਦੇ ਇਸ਼ਾਰੇ ਉੱਤੇ ਨੱਚਣ ਦੀ ਬਜਾਏ ਪੰਜਾਬ ਦੇ ਲੋਕਾਂ ਦੇ ਨਾਲ ਖੜਨਾ ਚਾਹੀਦਾ ਹੈ। ਦਿੱਲੀ ਦੇ ਲੋਕਾਂ ਵੱਲੋਂ ਨਕਾਰੇ ਹੋਏ ਆਗੂ ਅੱਜ ਪੰਜਾਬ ਦੇ ਵਿੱਚ ਆਪਣੀ ਕਿਸਮਤ ਅਜਮਾਉਣਾ ਚਾਹੁੰਦੇ ਹਨ, ਜੋ ਕਿ ਲੋਕ ਉਹਨਾਂ ਦੀ ਇਹ ਮਨਸਾ ਕਦੇ ਪੂਰੀ ਨਹੀਂ ਹੋਣ ਦੇਣਗੇ।

# ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ ‘ਤੇ ਪਾਬੰਦੀ ਦੇ ਹੁਕਮ, ਉਲੰਘਣਾ ਕਰਨ ਵਾਲਿਆ ਖਿਲਾਫ ਹੋਵੇਗੀ ਕਾਰਵਾਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਅੱਜ ਭਾਰਤੀ ਨਾਗਰਿਕ ਸੁਰੱਖਿਆ ਸਹਿਤਾ ਦੀ ਧਾਰਾ 163 ਤਹਿਤ ਜਿਲ੍ਹੇ ਵਿੱਚ ਕਿਸੇ ਵੀ ਥਾਂ ‘ਤੇ ਗਾਵਾਂ/ਪਸ਼ੂਆਂ ਨੂੰ ਬੇਸਹਾਰਾ ਛੱਡਣ ‘ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਿਲ੍ਹਾ ਮੈਜਿਸਟ੍ਰੇਟ ਵੱਲੋਂ ਜਾਰੀ ਹੁਕਮਾਂ ਮੁਤਾਬਕ ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਖਿਲਾਫ ਕਾਨੂੰਨ ਮੁਤਾਬਕ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਹੁਕਮ 08 ਜਨਵਰੀ 2026 ਤੱਕ ਲਾਗੂ ਰਹਿਣਗੇ। ਜਿਕਰਯੋਗ ਹੈ ਕਿ ਲੰਘੇ ਸਮੇਂ ਦੌਰਾਨ ਜਿਲ੍ਹੇ ਦੇ ਪਿੰਡ ਭਾਨ ਮਜਾਰਾ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਬੇਸਹਾਰਾ ਗਾਵਾਂ/ਪਸ਼ੂਆਂ ਨੂੰ ਸੁੱਕੀ ਨਹਿਰ ਵਿੱਚ ਛੱਡ ਦਿੱਤਾ ਗਿਆ ਸੀ, ਜਿਨ੍ਹਾਂ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਜਿਲ੍ਹਾ ਪ੍ਰਸ਼ਾਸਨ ਨੂੰ ਡਾਢੀ ਮੁਸ਼ੱਕਤ ਕਰਨੀ ਪਈ ਸੀ । ਹੁਕਮਾਂ ਅਨੁਸਾਰ ਗਊਵੰਸ ਨੂੰ ਇਸ ਤਰ੍ਹਾਂ ਬੇਸਹਾਰਾ ਛੱਡਣ ਕਾਰਨ ਉਨ੍ਹਾਂ ਨੂੰ ਹੋਣ ਵਾਲੇ ਜਾਨੀ ਨੁਕਸਾਨ ਨਾਲ ਜਿੱਥੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਉਥੇ ਅਮਨ-ਕਾਨੂੰਨ ਦੀ ਸਥਿਤੀ ਵੀ ਬਣ ਸਕਦੀ ਹੈ। ਪਸ਼ੂਆਂ ਨੂੰ ਬੇਸਹਾਰਾ ਛੱਡਣ ਨਾਲ ਸੜਕੀ ਹਾਦਸੇ ਵੀ ਵਾਪਰ ਸਕਦੇ ਹਨ ਜਿਸ ਕਰਕੇ ਪਸ਼ੂਆਂ ਨੂੰ ਬੇਸਹਾਰਾ ਨਹੀਂ ਛੱਡਿਆ ਜਾਣਾ ਚਾਹੀਦਾ।



RE/MAX Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834



“ਦੇਸ਼ ਦੁਆਬਾ”
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ “ਦੇਸ਼ ਦੁਆਬਾ” ਵਿਚ ਲਗਵਾਓ।

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋਂ ਵਿਖੇ ਡਾ. ਨਛੱਤਰ ਪਾਲ ਵਿਧਾਇਕ ਹਲਕਾ ਨਵਾਂਸ਼ਹਿਰ 'ਚ ਹੋਏ ਨਤਮਸਤਕ, ਕਮੇਟੀ ਨੇ ਕੀਤਾ ਸਨਮਾਨ

**ਫਰਿਜ਼ਨੋ (ਬਿਓਰੋ)**- ਪੰਜਾਬ ਵਿਧਾਨ ਸਭਾ ਹਲਕਾ ਨਵਾਂਸ਼ਹਿਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਤੋਂ ਵਿਧਾਇਕ ਡਾ. ਨਛੱਤਰ ਪਾਲ ਇਨੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ। ਇਸ ਦੌਰਾਨ ਜਿੱਥੇ ਉਹ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਸੱਜਣਾਂ, ਸਨੇਹੀਆਂ ਨੂੰ ਮਿਲ ਰਹੇ ਹਨ ਉੱਥੇ ਧਾਰਮਿਕ ਸਥਾਨਾਂ 'ਤੇ ਵੀ ਜਾ ਰਹੇ ਹਨ। ਇਸੇ ਲੜੀ ਦੌਰਾਨ ਉਹ ਸ੍ਰੀ ਗੁਰੂ ਰਵਿਦਾਸ ਗੁਰੂਘਰ, ਫਰਿਜ਼ਨੋਂ ਵਿਖੇ ਨਤਮਸਤਕ ਹੋਣ ਪੁੱਜੇ। ਗੁਰਦੁਆਰਾ ਸਾਹਿਬ ਦੀ ਚੇਅਰਪਰਸਨ ਬੀਬੀ ਸੁਰਿੰਦਰ ਕੌਰ ਬੰਗੜ ਵਲੋਂ ਡਾ. ਨਛੱਤਰ ਪਾਲ ਨੂੰ ਫੁੱਲਾਂ ਦਾ ਗੁਲਦਸਤਾ ਦੇ ਕੇ ਉਹਨਾਂ ਦਾ ਸਵਾਗਤ ਕੀਤਾ ਗਿਆ।

ਉਪਰੰਤ ਗੁਰੂਘਰ ਵਿਖੇ ਸ੍ਰੀ ਕੁਲਦੀਪ ਸਿੰਘ ਬੰਗੜ ਅਤੇ ਉਹਨਾਂ ਦੇ ਪਰਿਵਾਰ ਵਲੋਂ ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰੂਘਰ ਦੇ ਹੈੱਡ ਗ੍ਰੰਥੀ ਭਾਈ ਰਾਮ ਸਿੰਘ ਨੇ ਕਥਾ, ਅਰਦਾਸ ਕੀਤੀ ਅਤੇ ਰਾਜ ਬਰਾੜ ਅਤੇ ਹੋਰ ਭਾਈ ਸਾਹਿਬਾਨ ਨੇ ਸ਼ਬਦ ਗਾਇਨ ਕੀਤਾ। ਉਪਰੰਤ ਡਾ. ਨਛੱਤਰ ਪਾਲ ਵਿਧਾਇਕ ਨੂੰ ਕਮੇਟੀ ਵਲੋਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਦਾ ਸਮਾ ਦਿੱਤਾ ਗਿਆ। ਡਾ. ਨਛੱਤਰ ਪਾਲ ਨੇ ਸੰਗਤਾਂ ਨੂੰ ਆਪਣੇ ਹਲਕੇ ਵਿਚ ਹੋ ਰਹੇ ਵਿਕਾਸ ਕਾਰਜ ਅਤੇ ਜ਼ਰੂਰਤਾਂ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਗੁਰੂਘਰ ਦੇ ਸਾਬਕਾ ਪ੍ਰਧਾਨ ਸ਼੍ਰੀ ਮਲਕੀਤ ਸਿੰਘ ਬੰਗੜ, ਸ੍ਰੀ ਹਰਬਲਾਸ ਸਿੰਘ ਝਿੰਗੜ ਅਤੇ ਗੁਰੂ ਘਰ ਦੇ ਪ੍ਰਧਾਨ ਸ਼੍ਰੀ ਅਮਰ ਦੜੌਚ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਡਾ. ਨਛੱਤਰ ਪਾਲ ਨੂੰ ਗੁਰੂਘਰ ਪੁੱਜਣ 'ਤੇ ਜੀ ਆਇਆਂ ਨੂੰ ਕਿਹਾ। ਅੰਤ ਵਿਚ ਸਮੁੱਚੀ ਕਮੇਟੀ ਵਲੋਂ ਡਾ. ਨਛੱਤਰ ਪਾਲ ਨੂੰ ਗੁਰੂ ਕੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਅਦਾਰਾ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਨੇ ਇਸ ਸਾਰੇ ਸਮਾਗਮ ਦੀ ਮੀਡੀਆ ਕਵਰੇਜ਼ ਕੀਤੀ।

















# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋਂ ਵਿਖੇ ਡਾ. ਨਛੱਤਰ ਪਾਲ ਵਿਧਾਇਕ ਹਲਕਾ ਨਵਾਂਸ਼ਹਿਰ 'ਚ ਹੋਏ ਨਤਮਸਤਕ, ਕਮੇਟੀ ਨੇ ਕੀਤਾ ਸਨਮਾਨ






















# ਵਿਧਾਨ ਸਭਾ ਹਲਕਾ ਨਵਾਂਸ਼ਹਿਰ ਤੋਂ ਵਿਧਾਇਕ ਡਾ. ਨਛੱਤਰ ਪਾਲ ਦਾ ਫਰਿਜ਼ਨੋਂ ਪੁੱਜਣ ’ਤੇ ਸਵਾਗਤ

**ਫਰਿਜ਼ਨੋਂ (ਬਿਓਰੋ) –** ਵਿਧਾਨ ਸਭਾ ਹਲਕਾ ਨਵਾਂਸ਼ਹਿਰ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਤੋਂ ਵਿਧਾਇਕ ਡਾ. ਨਛੱਤਰ ਪਾਲ ਆਪਣੀ ਪਲੇਠੀ ਅਮਰੀਕਾ ਦੀ ਫੇਰੀ ’ਤੇ ਹਨ।ਕੈਲੀਫੋਰਨੀਆਂ ਪੁੱਜਣ ’ਤੇ ਉਹਨਾਂ ਦਾ ਥਾਂ ਥਾਂ ਸਵਾਗਤ ਕੀਤਾ ਜਾ ਰਿਹਾ ਹੈ। ਆਪਣੀ ਇਸ ਫੇਰੀ ਦੌਰਾਨ ਉਹ ਹਲਕੇ ਦੇ ਲੋਕਾਂ ਨੂੰ ਮਿਲ ਰਹੇ ਹਨ ਤੇ ਇਸ ਲੜੀ ਅਧੀਨ ਉਹ ਉੱਘੇ ਬਿਜ਼ਨਸਮੈਨ ਅਤੇ ਸਿੱਖ ਯੂਥ ਆਗੂ ਪਰਵਿੰਦਰਪਾਲ ਸਿੰਘ ਰਠੌਰ ਦੇ ਘਰ ਪੁੱਜੇ ਜਿੱਥੇ ਰਠੌਰ ਪਰਿਵਾਰ ਵਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਹਲਕੇ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ।

ਡਾ. ਨਛੱਤਰ ਪਾਲ ਨੇ ਆਪਣੇ ਵਲੋਂ ਕੀਤੇ ਜਾ ਰਹੇ ਕਾਰਜਾਂ ਬਾਰੇ ਵੀ ਦੱਸਿਆ। ਇਸ ਮੌਕੇ ਪਰਵਿੰਦਰਪਾਲ ਸਿੰਘ ਰਠੌਰ ਦੇ ਪਰਿਵਾਰ ਤੋਂ ਇਲਾਵਾ ਉਹਨਾਂ ਦੇ ਸੱਜਣ ਮਿੱਤਰ ਵੀ ਹਾਜ਼ਰ ਸਨ ਜਿਨ੍ਹਾਂ ਨੇ ਡਾ. ਨਛੱਤਰ ਪਾਲ ਨਾਲ ਪੰਜਾਬ ਦੀ ਸਿਆਸਤ ਅਤੇ ਹਲਕੇ ਦੇ ਵਿਕਾਸ ਬਾਰੇ ਵਿਚਾਰਾਂ ਕੀਤੀਆਂ ਜਿਨ੍ਹਾਂ ਵਿਚ ਸ਼ੇਰ ਸਿੰਘ ਚੌਹਾਨ, ਰਵਿੰਦਰ ਸਿੰਘ ਬੋਇਲ, ਭੁਪਿੰਦਰ ਸਿੰਘ ਜਾਡਲਾ, ਗੁਰਦਿਆਲ ਸਿੰਘ ਚੌਹਾਨ, ਅੰਗਰੇਜ਼ ਸਿੰਘ ਚੌਹਾਨ, ਬਿਪਨ ਚੌਹਾਨ, ਗੁਲਜਾਰ ਸਿੰਘ ਚੌਹਾਨ, ਦਿਨਕਰਨ ਸਿੰਘ ਸੋਢੀ, ਗੁਰਦੁਆਰਾ ਰਵਿਦਾਸ ਸਭਾ ਫਰਜ਼ਿਨੋਂ ਦੇ ਪ੍ਰਧਾਨ ਅਮਰ ਦੜੌਚ, ਰਾਜ ਕੁਮਾਰ ਜੱਸੀ, ਕੁਲਵੀਰ ਸਿੰਘ ਹੇਅਰ ਅਤੇ ਹੋਰ ਸ਼ਕਸ਼ੀਅਤਾਂ ਸ਼ਾਮਿਲ ਸਨ। ਇਸ ਮੌਕੇ ਡਾ. ਨਛੱਤਰ ਪਾਲ ਨੂੰ ਵਿਦਾਇਗੀ ਮੌਕੇ ਸਨਮਾਨਿਤ ਵੀ ਕੀਤਾ ਗਿਆ।














## ਉਟਾਹ ਵਿਚ ਰਾਧਾ ਕ੍ਰਿਸ਼ਨਾ ਮੰਦਿਰ 'ਤੇ ਚਲਾਈਆਂ ਗੋਲੀਆਂ, ਨਫ਼ਰਤੀ ਅਪਰਾਧ ਤਹਿਤ ਮਾਮਲੇ ਦੀ ਮੰਗ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਉਟਾਹ ਰਾਜ ਵਿਚ ਸਪੈਨਿਸ਼ ਫੌਰਕ ਵਿਖੇ ਸਥਿੱਤ ਸ਼੍ਰੀ ਸ਼੍ਰੀ ਰਾਧਾ ਕ੍ਰਿਸ਼ਨਾ ਮੰਦਿਰ ਉਪਰ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਚਲਾਏ ਜਾਣ ਦੀ ਖਬਰ ਹੈ। ਮੰਦਿਰ ਪ੍ਰਬੰਧਕਾਂ ਨੇ ਕਿਹਾ ਹੈ ਕਿ ਇਹ ਨਫ਼ਰਤੀ ਅਪਰਾਧ ਹੈ। ਮੰਦਿਰ ਪ੍ਰਬੰਧਕਾਂ ਨੇ ਨਫ਼ਰਤੀ ਅਪਰਾਧ ਤਹਿਤ ਮਾਮਲਾ ਦਰਜ ਕਰਨ ਦੀ ਮੰਗ ਕਰਦਿਆਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਦੋਸ਼ੀਆਂ ਦੀ ਪਛਾਣ ਕਰਨ ਵਿੱਚ ਮੱਦਦ ਕਰਨ। ਇਸ ਮੰਦਿਰ ਨੂੰ ਪਹਿਲਾਂ ਵੀ ਸਮਾਜ ਵਿਰੋਧੀ ਅਨਸਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਚੁੱਕਾ ਹੈ। ਤਾਜ਼ਾ ਹਮਲੇ ਕਾਰਨ ਹਿੰਦੂ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਹੈ। ਨਿਗਰਾਨ ਕੈਮਰਿਆਂ ਤੋਂ ਪਤਾ ਲੱਗਦਾ ਹੈ ਕਿ ਇਕ ਕਾਰ ਗੇਟ ਦੇ ਬਾਹਰ ਆਉਂਦੀ ਹੈ ਤੇ ਉਸ ਵਿਚ ਸਵਾਰ ਲੋਕ ਮੰਦਿਰ ਉਪਰ ਗੋਲੀਆਂ ਚਲਾ ਕੇ ਫਰਾਰ ਹੋ ਜਾਂਦੇ ਹਨ। ਗੋਲੀਬਾਰੀ ਕਰਨ ਮੰਦਿਰ ਨੂੰ ਕਾਫੀ ਨੁਕਸਾਨ ਪੁੱਜਾ ਹੈ। ਮੰਦਿਰ ਦੇ ਸੇਵਿਕ ਪਰੈਸਥਾਇਆ ਦਾਸੀ ਅਨੁਸਾਰ ਉਹ ਗੋਲੀਆਂ ਦੀ ਆਵਾਜ਼ ਸੁਣ ਕੇ ਉਠਿੱਆ। ਹਮਲਾਵਰਾਂ ਨੇ ਮੰਦਿਰ ਉਪਰ ਅੰਧਾਧੁੰਦ ਗੋਲੀਆਂ ਚਲਾਈਆਂ। ਮੰਦਿਰ ਦੇ ਪ੍ਰਧਾਨ ਵਾਈ ਵਾਰਡਨ ਨੇ ਕਿਹਾ ਹੈ ਕਿ ਮੰਦਿਰ ਉਪਰ 20 ਤੋਂ 30 ਗੋਲੀਆਂ ਚਲਾਈਆਂ ਗਈਆਂ ਹਨ। ਇੱਕ ਗੋਲੀ ਮੰਦਿਰ ਦੇ ਪੂਜਾ ਹਾਲ ਵਿਚ ਵੀ ਵੱਜੀ ਹੈ ਪਰੰਤੂ ਕੋਈ ਜਾਨੀ ਨੁਕਸਾਨ ਨਹੀਂ ਹੋਇਆ।

# ਮੋਦੀ ਨੂੰ ਬ੍ਰਾਜ਼ੀਲ ਦਾ ਸਰਬਉੱਚ ਪੁਰਸਕਾਰ

**ਬ੍ਰਾਸੀਲੀਆ (ਬ੍ਰਾਜ਼ੀਲ)–** ਬ੍ਰਾਜ਼ੀਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਆਪਣੇ ਸਰਬਉੱਚ ਪੁਰਸਕਾਰ 'ਗਰੈਂਡ ਕਾਲਰ ਆਫ ਦਿ ਨੈਸ਼ਨਲ ਆਰਡਰ ਆਫ ਦਿ ਸਦਰਨ ਕਰਾਸ' ਨਾਲ ਸਨਮਾਨਿਤ ਕੀਤਾ ਹੈ। ਇਸ ਤਰ੍ਹਾਂ ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਆਲਮੀ ਪੁਰਸਕਾਰਾਂ ਦੀ ਗਿਣਤੀ 26 ਹੋ ਗਈ ਹੈ। ਯਾਤਰਾ 'ਤੇ ਪੁੱਜੇ ਪ੍ਰਧਾਨ ਮੰਤਰੀ ਮੋਦੀ ਦਾ ਬ੍ਰਾਸੀਲੀਆ ਵਿੱਚ 114 ਘੋੜ ਸਵਾਰਾਂ ਨੇ ਸਵਾਗਤ ਕੀਤਾ।



ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਸ ਇਨਾਸੀ ਲੂਲਾ ਡਿ ਸਿਲਵਾ ਵੱਲੋਂ ਪ੍ਰਧਾਨ ਮੰਤਰੀ ਮੋਦੀ ਦਾ ਬ੍ਰਾਸੀਲੀਆ ਦੇ ਅਲਵੋਰਾਡਾ ਪੈਲੇਸ ਵਿੱਚ ਨਿੱਘਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ 'ਗਾਰਡ ਆਫ ਆਨਰ' ਦਿੱਤਾ। ਇਸ ਦੌਰਾਨ ਭਾਰਤੀ ਅਤੇ ਬ੍ਰਾਜ਼ੀਲ ਦੇ ਕੌਮੀ ਤਰਾਨੇ ਵੀ ਵਜਾਏ ਗਏ। ਪ੍ਰਧਾਨ ਮੰਤਰੀ ਮੋਦੀ ਪੰਜ ਦੇਸ਼ਾਂ ਦੀ ਯਾਤਰਾ ਤਹਿਤ ਬ੍ਰਾਜ਼ੀਲ ਪੁੱਜੇ ਹਨ। ਰੀ ਡਿ ਜਨੇਰੀ ਵਿੱਚ ਬ੍ਰਿਕਸ ਸਿਖਰ ਸੰਮੇਲਨ ਵਿੱਚ ਹਿੱਸਾ ਲੈਣ ਮਗਰੋਂ ਉਹ ਇਸ ਦੇਸ਼ ਦੀ ਅਧਿਕਾਰਿਤ ਯਾਤਰਾ 'ਤੇ ਹਨ।

ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦਾ ਬ੍ਰਾਸੀਲੀਆ ਹਵਾਈ ਅੱਡੇ 'ਤੇ ਪਹੁੰਚਣ 'ਤੇ ਐਫਰੋ-ਬ੍ਰਾਜ਼ੀਲੀਅਨ ਸੰਗੀਤ ਦੀਆਂ ਧੁਨਾਂ ਵਜਾਈਆਂ ਗਈਆਂ। ਬ੍ਰਾਸੀਲੀਆ ਦੇ ਹੋਟਲ ਵਿੱਚ ਪਹੁੰਚਣ ਮੌਕੇ ਤਿਰੰਗਾ ਲਈ ਖੜ੍ਹੇ ਭਾਰਤੀ ਪਰਵਾਸੀਆਂ ਨੇ ਪ੍ਰਧਾਨ ਮੰਤਰੀ ਨੂੰ ਜੀ ਆਇਆਂ ਕਿਹਾ। ਇਸ ਦੌਰਾਨ ਉਨ੍ਹਾਂ ਭਾਰਤੀ ਭਾਈਚਾਰੇ ਨਾਲ ਗੱਲਬਾਤ ਵੀ ਕੀਤੀ। ਪ੍ਰਧਾਨ ਮੰਤਰੀ ਨੇ ਸਭਿਆਚਾਰਕ ਪ੍ਰੋਗਰਾਮ ਵਿੱਚ ਵੀ ਹਿੱਸਾ ਲਿਆ। ਉਨ੍ਹਾਂ ਕਲਾਕਾਰਾਂ ਦੀ ਪ੍ਰਸ਼ੰਸਾ ਕੀਤੀ।

ਪ੍ਰਧਾਨ ਮੰਤਰੀ ਮੋਦੀ ਬ੍ਰਾਜ਼ੀਲ ਦੇ ਰਾਸ਼ਟਰਪਤੀ ਨਾਲ ਵਪਾਰ, ਰੱਖਿਆ, ਊਰਜਾ, ਪੁਲਾੜ, ਤਕਨਾਲੋਜੀ, ਖੇਤੀਬਾੜੀ ਤੇ ਸਿਹਤ ਸਮੇਤ ਆਪਸੀ ਹਿੱਤਾਂ ਦੇ ਖੇਤਰਾਂ ਵਿੱਚ ਦੋਵਾਂ ਦੇਸ਼ਾਂ ਦਰਮਿਆਨ ਰਣਨੀਤਕ ਭਾਈਵਾਲੀ ਨੂੰ ਵਧਾਉਣ ਬਾਰੇ ਦੁਵੱਲੀ ਚਰਚਾ ਕਰਨਗੇ।

## ਸੈਨੇਟ ਵੱਲੋਂ ਘਰੇਲੂ ਖਰਚ ਤੇ ਟੈਕਸ ਕਟੌਤੀ ਬਿੱਲ ਪਾਸ, ਘੱਟ ਆਮਦਨ ਵਾਲੇ ਗਰੀਬ ਲੋਕ ਹੋਣਗੇ ਪ੍ਰਭਾਵਿਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਨੇਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਘਰੇਲੂ ਖਰਚ ਤੇ ਟੈਕਸ ਕਟੌਤੀ ਬਿੱਲ ਨੂੰ ਪਾਸ ਕਰ ਦਿੱਤਾ ਹੈ ਜਿਸ ਤਹਿਤ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਸਿਹਤ ਬੀਮਾ ਪ੍ਰੋਗਰਾਮ ਉਪਰ ਵੱਡੀ ਪੱਧਰ 'ਤੇ ਅਸਰ ਪਵੇਗਾ।

ਬਿੱਲ ਦੇ ਹੱਕ ਤੇ ਵਿਰੋਧ ਵਿਚ ਬਰਾਬਰ 50-50 ਵੋਟਾਂ ਪਈਆਂ ਜਿਸ ਕਾਰਨ ਉਪ ਰਾਸ਼ਟਰਪਤੀ ਜੇ ਡੀ ਵੈਂਸ ਨੂੰ ਵੋਟ ਪਾਉਣ ਲਈ ਮਜਬੂਰ ਹੋਣਾ ਪਿਆ ਤੇ ਬਿੱਲ 51-50 ਦੇ ਫਰਕ ਨਾਲ ਪਾਸ ਹੋ ਗਿਆ। ਟੈਕਸ ਕਟੌਤੀ ਤੇ ਇਮੀਗ੍ਰੇਸ਼ਨ ਨੂੰ ਮਜ਼ਬੂਤ ਕਰਨ ਵਾਲੇ ਬਿੱਲ ਜਿਸ ਨੂੰ ਰਾਸ਼ਟਰਪਤੀ 'ਬਿੱਗ ਬਿਊਟੀਫੁੱਲ ਬਿੱਲ' ਕਹਿੰਦੇ ਹਨ, ਤਹਿਤ ਡਾਕਟਰੀ ਸਹਾਇਤਾ ਅਤੇ ਘੱਟ ਆਮਦਨ ਵਾਲੇ ਪਰਿਵਾਰਾਂ ਤੇ ਅੰਗਹੀਣਾਂ ਲਈ ਰਾਜ- ਸੰਘ ਸਿਹਤ ਪ੍ਰੋਗਰਾਮ ਵਿਚੋਂ ਤਕਰੀਬਨ 10 ਖਰਬ ਡਾਲਰ ਦੀ ਕਟੌਤੀ ਕੀਤੀ ਗਈ ਹੈ। ਬਿੱਲ ਤਹਿਤ ਅਗਲੇ ਦਹਾਕੇ ਦੌਰਾਨ 1.18 ਕਰੋੜ ਲੋਕਾਂ ਲਈ ਬੀਮਾ ਛੱਤਰੀ ਖਤਮ ਕਰਨ ਦਾ ਟੀਚਾ ਹੈ।

ਜਾਰਜਟਾਊਨ ਯੂਨੀਵਰਸਿਟੀ ਦੇ ਸੈਂਟਰ ਫਾਰ ਚਾਇਲਡਰਨ ਐਂਡ ਫੈਮਲੀਜ਼ ਦੇ ਖੋਜ ਪ੍ਰੋਫੈਸਰ, ਕਾਰਜਕਾਰੀ ਡਾਇਰੈਕਟਰ ਤੇ ਸਹਿ ਸੰਸਥਾਪਿਕ ਜੋਆਨ ਐਲਕਰ ਨੇ ਕਿਹਾ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਸਿਹਤ ਸੰਭਾਲ ਖੇਤਰ ਵਿਚ ਸਭ ਤੋਂ ਵੱਡੀ ਕਟੌਤੀ ਕੀਤੀ ਗਈ ਹੈ। ਬਿੱਲ ਦਾ ਵਿਰੋਧ ਕਰ ਰਹੇ ਡੈਮੋਕਰੈਟਿਕ ਆਗੂਆਂ ਅਨੁਸਾਰ ਇਸ ਬਿੱਲ ਨਾਲ ਗਰੀਬ ਲੋਕ ਹੋਰ ਗਰੀਬ ਹੋ ਜਾਣਗੇ ਤੇ ਉਨਾਂ ਲਈ ਕੋਈ ਸਹਾਰਾ ਨਹੀਂ ਬਚੇਗਾ।

# ਈਡੀ ਵੱਲੋਂ ਪੰਜਾਬ, ਹਰਿਆਣਾ 'ਚ 11 ਥਾਵਾਂ 'ਤੇ ਮਨੀ ਲਾਂਡਰਿੰਗ ਐਕਟ ਤਹਿਤ ਛਾਪੇਮਾਰੀ

**ਨਵੀਂ ਦਿੱਲੀ–** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਬੁੱਧ-ਵਾਰ ਨੂੰ ਪੰਜਾਬ ਅਤੇ ਹਰਿਆਣਾ ਵਿੱਚ 11 ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਇਹ ਛਾਪੇਮਾਰੀ ਬਦਨਾਮ 'ਡੰਕੀ ਰੂਟ' ਮਨੁੱਖੀ ਤਸਕਰੀ ਰੈਕੇਟ ਦੇ ਸਬੰਧ ਵਿੱਚ ਕੀਤੀ ਗਈ ਹੈ, ਜੋ ਇਸ ਸਾਲ ਫਰਵਰੀ ਵਿੱਚ ਸੰਯੁਕਤ ਰਾਜ ਅਮਰੀਕਾ ਤੋਂ ਕਈ ਗੈਰ-ਕਾਨੂੰਨੀ ਪ੍ਰਵਾਸੀਆਂ ਦੀ ਵਾਪਸੀ ਤੋਂ ਬਾਅਦ ਸਾਹਮਣੇ ਆਇਆ ਸੀ। ਈਡੀ ਦੇ ਜਲੰਧਰ ਜ਼ੋਨਲ ਦਫ਼ਤਰ ਵੱਲੋਂ ਕੀਤੀ ਗਈ ਇਹ ਛਾਪੇਮਾਰੀ, ਪ੍ਰੀਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ ਦੇ ਤਹਿਤ ਚੱਲ ਰਹੀ ਜਾਂਚ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਕੀਤੀ ਜਾ ਰਹੀ ਹੈ। ਏਜੰਸੀ ਵੱਲੋਂ ਜਿਨ੍ਹਾਂ ਥਾਵਾਂ 'ਤੇ ਛਾਪੇਮਾਰੀ ਕੀਤੀ ਜਾ ਰਹੀ ਹੈ ਉਨ੍ਹਾਂ ਵਿੱਚ ਅੰਮਿ-ਤਸਰ, ਸੰਗਰੂਰ, ਪਟਿਆਲਾ, ਮੋਗਾ, ਅੰਬਾਲਾ, ਕੁਰੂਕਸ਼ੇਤਰ ਅਤੇ ਕਰਨਾਲ ਸ਼ਾਮਲ ਹਨ। ਇੱਥੇ ਕਥਿਤ ਤੌਰ 'ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੈੱਟਵਰਕ ਵਿੱਚ ਸ਼ਾਮਲ ਟਰੈਵਲ ਅਤੇ ਵੀਜ਼ਾ ਏਜੰਟਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਜਾਂਚ ਪੰਜਾਬ ਅਤੇ ਹਰਿਆਣਾ ਦੀਆਂ ਪੁਲੀਸ ਅਥਾਰਟੀਆਂ ਵੱਲੋਂ ਟਰੈਵਲ ਏਜੰਟਾਂ ਅਤੇ ਵਿਚੋਲਿਆਂ ਵਿਰੁੱਧ ਦਰਜ ਕੀਤੀਆਂ ਗਈਆਂ 17 ਐੱਫਆਈਆਰ'ਜ਼ ਦੇ ਆਧਾਰ 'ਤੇ ਸ਼ੁਰੂ ਕੀਤੀ ਗਈ ਸੀ। ਇਨ੍ਹਾਂ ਏਜੰਟਾਂ ਅਤੇ ਵਿਚੋਲਿਆਂ 'ਤੇ ਅਮਰੀਕਾ ਵਿੱਚ ਪ੍ਰਵਾਸ ਕਰਨ ਦੇ ਚਾਹਵਾਨ ਵਿਅਕਤੀਆਂ ਨੂੰ ਧੋਖਾ ਦੇਣ ਦਾ ਦੋਸ਼ ਹੈ। ਈਡੀ ਦੇ ਅਧਿਕਾਰੀਆਂ ਨੇ ਦੱਸਿਆ, "ਇਨ੍ਹਾਂ ਏਜੰਟਾਂ ਨੇ ਕਥਿਤ ਤੌਰ 'ਤੇ ਲੋਕਾਂ ਨੂੰ ਕਾਨੂੰਨੀ ਯਾਤਰਾ ਦੇ ਪ੍ਰਬੰਧਾਂ ਦਾ ਵਾਅਦਾ ਕਰਕੇ ਫਸ-ਾਇਆ, ਪਰ ਇਸ ਦੀ ਬਜਾਏ ਉਨ੍ਹਾਂ ਨੂੰ 'ਡੰਕੀ ਰੂਟ' ਵਜੋਂ ਜਾਣੇ ਜਾਂਦੇ ਖਤਰਨਾਕ, ਗੈਰ-ਕਾਨੂੰਨੀ ਰਸਤਿਆਂ ਰਾਹੀਂ ਤਸਕਰੀ ਕੀਤੀ।" ਈਡੀ ਦੀ ਜਾਂਚ ਅਨੁਸਾਰ ਏਜੰਟਾਂ ਨੇ ਕਾਨੂੰਨੀ ਪਰਵਾਸ ਦੇ ਬਹਾਨੇ ਪ੍ਰਤੀ ਵਿਅਕਤੀ 45 ਤੋਂ 50 ਲੱਖ ਰੁਪਏ ਦੀਆਂ ਮੋਟੀਆਂ ਰਕਮਾਂ ਵਸੂਲੀਆਂ ਹਨ।

ਹਾਲਾਂਕਿ, ਏਜੰਸੀ ਦੇ ਅਧਿਕਾਰੀਆਂ ਨੇ ਕਿਹਾ ਪੀੜਤਾਂ ਨੂੰ ਅਕਸਰ ਸੰਗਠਿਤ ਅਪਰਾਧਿਕ ਨੈੱਟਵਰਕਾਂ ਅਤੇ ਅਖੌਤੀ 'ਡੰਕਰਾਂ' (ਤਸਕਰੀ ਦੀ ਸਹੂਲਤ ਦੇਣ ਵਾਲੇ) ਦੀ ਸ਼ਮੂਲੀਅਤ ਨਾਲ ਜੰਗਲਾਂ ਅਤੇ ਖਤਰਨਾਕ ਇਲਾਕਿਆਂ ਰਾਹੀਂ ਅੰਤਰਰਾਸ਼ਟਰੀ ਸਰਹੱਦਾਂ ਪਾਰ ਸਮਗਲ ਕੀਤਾ ਜਾਂਦਾ ਸੀ।

HAPPY BAZAAR
Indian, Pakistani & Fijjian Groceries
WE ARE OPEN
7 DAYS A WEEK
9:00 am to 8:30 pm
RENT DVDS & BUY CLOTHES
ENJOY YOUR DAY WITH HOPES
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ
CALL US
Ph: (209) 478-0285
Fax: (209) 477-3206
EVERY SATURDAY & SUNDAY
SPECIAL DISCOUNT ON GROCERIES
1304 E Hammer Lane # 7 Stockton CA 95212
EMAIL : indiabazaar08@yahoo.com

**Matrimonial**

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**

### ਮਿੰਨੀ ਕਹਾਣੀ

## ਜਦ ਦਿਲ ਖੁੱਲਣ, ਰਾਹ ਆਪੇ ਬਣ ਜਾਂਦੇ ਨੇ

ਸੱਸ ਨੇ ਆਪਣੇ ਕੜਵਾਪਨ ਨੂੰ ਤਿਆਗ ਕੇ ਜਿਵੇਂ ਹੀ ਆਪਣੇ ਮਨ ਦੇ ਦਰਵਾਜ਼ੇ ਖੋਲ੍ਹੇ, ਉਸ ਦੇ ਅੰਦਰ ਵੀ ਇੱਕ ਨਰਮਾਈ ਦੀ ਕਲੀ ਖਿੜ ਪਈ। ਜਿਹੜੀ ਨੂੰਹ ਕਦੇ ਉਸ ਨੂੰ ਪਰਾਈ ਲੱਗਦੀ ਸੀ, ਹੁਣ ਉਸੇ ਵਿੱਚ ਉਸ ਨੂੰ ਆਪਣੀ ਬੇਟੀ ਦੀ ਝਲਕ ਦਿਖਣ ਲੱਗੀ। ਹੁਣ ਜਦੋਂ ਨੂੰਹ ਰੋਟੀ ਬਣਾਉਂਦੀ, ਤਾਂ ਸੱਸ ਪਾਸੇ ਬੈਠੀ ਉਸ ਦੇ ਹੱਥ ਦੇ ਸੁਆਦ ਦੀ ਤਾਰੀਫ਼ ਕਰਦੀ। ਸੱਜਣ-ਸੰਬੰਧੀ ਆਉਂਦੇ ਤਾਂ ਉਹ ਮਾਣ ਨਾਲ ਕਹਿੰਦੀ, "ਮੇਰੀ ਨੂੰਹ ਤਾਂ ਬਿਲਕੁਲ ਮੇਰੀ ਧੀ ਵਰਗੀ ਹੈ — ਸਹਿਣਸ਼ੀਲ, ਸੋਹਣੀ ਸੋਚ ਵਾਲੀ।"

ਇਹ ਬਦਲਾਅ ਨਿਰੀ ਘਰ ਦੀਆਂ ਚਾਰ ਕੰਧਾਂ ਤੱਕ ਹੀ ਸੀਮਤ ਨਹੀਂ ਰਹੇ। ਇਕ ਦਿਨ ਨੇੜੇ ਪਿੰਡ ਦੀ ਇਕ ਸਮਝਦਾਰ ਔਰਤ, ਜੋ ਸੱਸ ਦੀ ਪੁਰਾਣੀ ਸਾਥਣ ਸੀ, ਨੇ ਚੁੱਪਚਾਪ ਕਿਹਾ, "ਭੈਣ ਜੀ, ਮੇਰੀ ਇਕ ਗੱਲ ਸੁਣੋ — ਤੁਹਾਡੀ ਨੂੰਹ ਅਜੇ ਵੀ ਹੀ ਹੈ, ਨਾ ਜ਼ਿਆਦਾ ਬਦਲੀ, ਨਾ ਘੱਟ। ਇਹ ਤਬਦੀਲੀ ਤੁਹਾਡੇ ਵਿਚ ਆਈ ਹੈ। ਤੁਸੀਂ ਜਦੋਂ ਉਸ ਨੂੰ ਪਿਆਰ ਦੀ ਝਲਕ ਦਿੱਤੀ, ਉਹ ਝਲਕ ਨਿਰੀ ਝਲਕ ਨਹੀਂ ਰਹੀ, ਉਹ ਇੱਤਫ਼ਾਕੀ ਪਿਆਰ ਬਣ ਗਿਆ।"

ਇਹ ਗੱਲ ਸੁਣ ਕੇ ਸੱਸ ਦੇ ਚਿਹਰੇ 'ਤੇ ਇੱਕ ਸੰਤੋਖ ਭਰੀ ਮੁਸਕਾਨ ਆ ਗਈ। ਉਸ ਨੇ ਸੋਚਿਆ, "ਸੱਚਮੁੱਚ, ਪਿਆਰ ਤਾਂ ਰਿਸ਼ਤਿਆਂ ਦੀ ਜੜ੍ਹ ਹੈ। ਜਦੋਂ ਅਸੀਂ ਪਿਆਰ ਦੇ ਬੀਜ ਬੀਜੀਏ, ਤਾਂ ਉਹ ਨਿਸ਼ਚਤ ਤੌਰ 'ਤੇ ਫੁੱਲ ਬਣ ਕੇ ਖਿੜਦੇ ਹਨ।"

ਇਸ ਦਿਨ ਤੋਂ ਬਾਅਦ ਸੱਸ-ਨੂੰਹ ਨਾ ਸਿਰਫ਼ ਇਕ ਦੂਜੇ ਨੂੰ ਸਹਿਣ ਲੱਗੀਆਂ, ਸਗੋਂ ਇਕ ਦੂਜੇ ਦੀ ਹੌਂਸਲਾ ਅਫ਼ਜ਼ਾਈ ਕਰਨ ਲੱਗੀਆਂ। ਘਰ ਦੀ ਹਵਾ ਜਿਵੇਂ ਸੁਗੰਧਿਤ ਹੋ ਗਈ। ਪਰਿਵਾਰ ਦੇ ਹੋਰ ਮੈਂਬਰ ਵੀ ਇਹ ਬਦਲਾਅ ਵੇਖ ਕੇ ਹੈਰਾਨ ਸਨ। ਇੱਕ ਛੋਟਾ ਜਿਹਾ ਮਨੋਵਿਗਿਆਨਕ ਸੱਚ — ਜੇ ਪਿਆਰ ਦਿੱਤਾ ਜਾਵੇ, ਤਾਂ ਉਹ ਵਾਪਸ ਆਉਂਦਾ ਹੈ — ਨੇ ਇੱਕ ਸਮੇਂ ਦੇ ਤਣਾਅ ਭਰੇ ਰਿਸ਼ਤੇ ਨੂੰ ਪ੍ਰੇਮ ਦੇ ਰੰਗਾਂ ਵਿੱਚ ਰੰਗ ਦਿੱਤਾ।

"ਬਦਲਾਅ ਦੂਜੇ ਵਿੱਚ ਨਹੀਂ, ਸਾਨੂੰ ਆਪਣੇ ਅੰਦਰ ਲਿਆਉਣੇ ਪੈਂਦੇ ਹਨ। ਜਦ ਪਿਆਰ ਨਾਲ ਦਿਲ ਖੋਲ੍ਹੀਏ, ਤਾਂ ਦੁਨੀਆਂ ਵੀ ਪਿਆਰ ਨਾਲ ਜਵਾਬ ਦਿੰਦੀ ਹੈ।"

**– ਰਾਜਿੰਦਰ ਸਿੰਘ ਰਾਜਨ**
**9417427656**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## ਦੇਸ਼ ਭਗਤ ਯੂਨੀਵਰਸਿਟੀ ਦੇ ਮਕੈਨੀਕਲ ਇੰਜੀਨੀਅਰਿੰਗ ਦੇ ਵਿਦਿਆਰਥੀਆਂ ਨੇ ਵਿਕਸਤ ਕੀਤੀ 'ਮਲਟੀ-ਯੂਟੀਲਿਟੀ ਪਾਵਰ ਜਨਰੇਟਿੰਗ ਕਿੱਟ'

**ਮੰਡੀ ਗੋਬਿੰਦਗੜ੍ਹ–** ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦਾ ਮਕੈਨੀਕਲ ਇੰਜੀਨੀਅਰਿੰਗ ਵਿਭਾਗ ਆਪਣੇ ਬੀ।ਟੈਕ ਦੇ ਅੰਤਿਮ ਸਾਲ ਦੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਐਲਾਨ ਕਰਦੇ ਹੋਏ ਮਾਣ ਮਹਿਸੂਸ ਕਰ ਰਿਹਾ ਹੈ, ਜਿਨ੍ਹਾਂ ਨੇ ਅਤਿ-ਆਧੁਨਿਕ ਤਕਨੀਕੀ ਪ੍ਰੋਜੈਕਟਾਂ ਰਾਹੀਂ ਆਪਣੀ ਅਕਾਦਮਿਕ ਸਿੱਖਿਆ ਦੇ ਬੇਮਿਸਾਲ ਨਵੀਨਤਾ ਅਤੇ ਵਿਵਹਾਰਕ ਉਪਯੋਗ ਦਾ ਪ੍ਰਦਰਸ਼ਨ ਕੀਤਾ ਹੈ।



ਡਾ. ਅਰਸ਼ਦੀਪ ਸਿੰਘ ਅਤੇ ਡਾ. ਬੰਧਾਈ ਲੋਨੀਆ ਦੇ ਮਾਰਗਦਰਸ਼ਨ ਵਿੱਚ ਅੰਤਿਮ ਸਾਲ ਦੇ ਵਿਦਿਆਰਥੀਆਂ ਦੇ ਦੋ ਸਮੂਹਾਂ ਨੇ ਨਵੀਨਤਾਕਾਰੀ, ਖੋਜ-ਅਧਾਰਿਤ ਪ੍ਰੋਜੈਕਟ ਵਿਕਸਤ ਕੀਤੇ ਹਨ ਜੋ ਸਮਕਾਲੀ ਜ਼ਰੂਰਤਾਂ ਅਤੇ ਟਿਕਾਊ ਵਿਕਾਸ ਟੀਚਿਆਂ ਨਾਲ ਮੇਲ ਖਾਂਦੇ ਹਨ।

ਪਹਿਲਾ ਸਮੂਹ, ਜਿਸ ਵਿੱਚ ਵਿਵੇਕ, ਸੁਰਜੀਤ ਅਤੇ ਚੰਦਰਕਾਂਤ ਸ਼ਾਮਲ ਹਨ, ਨੇ 'ਮਲਟੀ-ਯੂਟੀਲਿਟੀ ਪਾਵਰ ਜਨਰੇਟਿੰਗ ਕਿੱਟ' ਸਿਰਲੇਖ ਵਾਲਾ ਇੱਕ ਪ੍ਰੋਜੈਕਟ ਸਫਲਤਾਪੂਰਵਕ ਵਿਕਸਿਤ ਕੀਤਾ ਹੈ, ਜੋ ਕਿ ਕਈ ਐਪਲੀਕੇਸ਼ਨਾਂ ਲਈ ਬਿਜਲੀ ਪੈਦਾ ਕਰਨ ਲਈ ਨਵਿਆਉਣਯੋਗ ਊਰਜਾ ਦੀ ਵਰਤੋਂ ਕਰਦਾ ਹੈ। ਇਹ ਪ੍ਰੋਜੈਕਟ ਹਰੀ ਊਰਜਾ ਹੱਲਾਂ 'ਤੇ ਜ਼ੋਰ ਦਿੰਦਾ ਹੈ ਅਤੇ ਵਾਤਾਵਰਣ ਸਥਿਰਤਾ ਪ੍ਰਤੀ ਵਿਦਿਆਰਥੀਆਂ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਦੂਜਾ ਸਮੂਹ, ਜਿਸ ਵਿੱਚ ਕੇਐਮ ਮਨੀਸ਼ਾ, ਆਕਾਸ਼ ਸ਼ਰਮਾ ਅਤੇ ਮੋਹਿਤ ਢਾਕਰੇ ਸ਼ਾਮਲ ਹਨ, ਨੇ ਇੱਕ ਹਾਈਬ੍ਰਿਡ ਕਾਰ ਦਾ ਇੱਕ ਉੱਨਤ ਪ੍ਰੋਟੋਟਾਈਪ ਬਣਾਇਆ ਹੈ, ਜੋ ਕੁਸ਼ਲਤਾ ਵਿੱਚ ਸੁਧਾਰ ਕਰਨ ਅਤੇ ਨਿਕਾਸ ਨੂੰ ਘਟਾਉਣ ਲਈ ਇਲੈਕਟ੍ਰਿਕ ਅਤੇ ਈਂਧਨ-ਅਧਾਰਿਤ ਪ੍ਰਣਾਲੀਆਂ ਦੋਵਾਂ ਨੂੰ ਜੋੜਦਾ ਹੈ। ਉਨ੍ਹਾਂ ਦੀ ਨਵੀਨਤਾ ਆਟੋਮੋਟਿਵ ਇੰਜੀਨੀਅਰਿੰਗ ਅਤੇ ਸਾਫ਼ ਗਤੀਸ਼ੀਲਤਾ ਹੱਲਾਂ ਦੀ ਡੂੰਘੀ ਸਮਝ ਨੂੰ ਦਰਸਾਉਂਦੀ ਹੈ।

ਇਸ ਪ੍ਰੋਜੈਕਟ ਦੇ ਕੰਮ ਦੀ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਅਤੇ ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਦੁਆਰਾ ਬਹੁਤ ਪ੍ਰਸ਼ੰਸਾ ਅਤੇ ਉਤਸ਼ਾਹਿਤ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਅਤੇ ਫੈਕਲਟੀ ਨੂੰ ਅਪਲਾਈਡ ਇੰਜੀਨੀਅਰਿੰਗ ਵਿੱਚ ਉਨ੍ਹਾਂ ਦੇ ਸਮਰਪਣ ਅਤੇ ਸ਼ਾਨਦਾਰ ਯੋਗਦਾਨ ਲਈ ਵਧਾਈ ਦਿੱਤੀ। ਯੂਨੀਵਰਸਿਟੀ ਲੀਡਰਸ਼ਿਪ ਨੇ ਵਿਦਿਆਰਥੀਆਂ ਦੇ ਭਵਿੱਖ ਦੇ ਯਤਨਾਂ ਲਈ ਵੀ ਆਸ਼ੀਰਵਾਦ ਦਿੱਤਾ। ਇੱਥੇ ਜ਼ਿਕਰਯੋਗ ਹੈ ਕਿ ਇਹਨਾਂ ਪ੍ਰੋਜੈਕਟਾਂ ਵਿੱਚ ਸ਼ਾਮਲ ਸਾਰੇ ਵਿਦਿਆਰਥੀਆਂ ਨੂੰ ਨਾਮਵਰ ਕੰਪਨੀਆਂ ਵਿੱਚ ਸ਼ਾਨਦਾਰ ਤਨਖਾਹ ਪੈਕੇਜਾਂ ਨਾਲ ਰੱਖਿਆ ਗਿਆ ਹੈ, ਜੋ ਕਿ ਉਹਨਾਂ ਦੇ ਪੇਸ਼ੇਵਰ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।

ਮਕੈਨੀਕਲ ਇੰਜੀਨੀਅਰਿੰਗ ਵਿਭਾਗ ਆਪਣੇ ਵਿਦਿਆਰਥੀਆਂ ਵਿੱਚ ਨਵੀਨਤਾ, ਵਿਹਾਰਕ ਗਿਆਨ ਅਤੇ ਉਦਯੋਗ ਦੀ ਤਿਆਰੀ ਨੂੰ ਉਤਸ਼ਾਹਿਤ ਕਰਨ ਦੀ ਆਪਣੀ ਵਿਰਾਸਤ ਨੂੰ ਬਰਕਰਾਰ ਰੱਖਦਾ ਹੈ, ਜਿਸ ਨਾਲ ਉਨ੍ਹਾਂ ਦੇ ਸੰਪੂਰਨ ਵਿਕਾਸ ਅਤੇ ਸਫਲ ਕਰੀਅਰ ਨੂੰ ਯਕੀਨੀ ਬਣਾਇਆ ਜਾਂਦਾ ਹੈ।

## ਪੰਜਾਬ ਦੇ 65 ਲੱਖ ਪਰਿਵਾਰਾਂ ਦਾ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਮਿਲੇਗਾ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਅੱਜ 'ਮੁੱਖ ਮੰਤਰੀ ਸਿਹਤ ਯੋਜਨਾ' ਦੇ ਆਗਾਜ਼ ਦਾ ਐਲਾਨ ਕੀਤਾ ਹੈ। ਇਸ ਯੋਜਨਾ ਅਧੀਨ ਸੂਬੇ ਦੇ 65 ਲੱਖ ਪਰਿਵਾਰਾਂ ਦਾ 10 ਲੱਖ ਰੁਪਏ ਤੱਕ ਦਾ ਸਿਹਤ ਬੀਮਾ ਕੀਤਾ ਜਾਵੇਗਾ, ਜਿਸ ਨਾਲ ਪੰਜਾਬ ਦੇ ਵਸਨੀਕ ਸੂਬੇ 'ਚ ਕਿਸੇ ਵੀ ਸਰਕਾਰੀ ਜਾਂ ਨਿੱਜੀ ਹਸਪਤਾਲ 'ਚ 10 ਲੱਖ ਰੁਪਏ ਦਾ ਨਕਦੀ ਰਹਿਤ ਇਲਾਜ ਕਰਵਾ ਸਕਣਗੇ। ਪੰਜਾਬ ਸਰਕਾਰ ਨੇ ਵਿੱਤੀ ਵਰ੍ਹੇ 2025-26 ਦੇ ਬਜਟ 'ਚ ਇਸ ਯੋਜਨਾ ਦਾ ਐਲਾਨ ਕਰਦਿਆਂ 778 ਕਰੋੜ ਰੁਪਏ ਰਾਖਵੇਂ ਰੱਖੇ ਸਨ। ਚੰਡੀਗੜ੍ਹ ਦੇ ਮਿਉਂਸਿਪਲ ਭਵਨ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਦਾ ਆਗਾਜ਼ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਯੋਜਨਾ ਦੀ ਸ਼ੁਰੂਆਤ 2 ਅਕਤੂਬਰ ਤੋਂ ਰਸਮੀ ਤੌਰ 'ਤੇ ਕੀਤੀ ਜਾਵੇਗੀ। ਉਸ ਮਗਰੋਂ ਸੂਬੇ 'ਚ ਵਿਸ਼ੇਸ਼ ਕੈਂਪ ਲਾ ਕੇ ਲੋਕਾਂ ਦੇ 'ਹੈਲਥ ਕਾਰਡ' ਬਣਾਏ ਜਾਣਗੇ, ਜਿਸ ਨੂੰ ਵਿਖਾ ਕੇ ਲੋਕ ਸੂਬੇ ਦੇ ਕਿਸੇ ਵੀ ਸਰਕਾਰੀ ਜਾਂ ਨਿੱਜੀ ਹਸਪਤਾਲ 'ਚ ਬਿਨਾਂ ਕੋਈ ਪੈਸਾ ਦਿੱਤੇ ਇਲਾਜ ਕਰਵਾ ਸਕਣਗੇ। ਮਾਨ ਨੇ ਕਿਹਾ, "ਪਹਿਲਾਂ ਬਹੁਤ ਸਾਰੇ ਪਰਿਵਾਰ ਗੰਭੀਰ ਬਿਮਾਰੀਆਂ ਤੋਂ ਪੀੜਤ ਹੁੰਦੇ ਸਨ, ਪਰ ਇਲਾਜ ਮਹਿੰਗਾ ਹੋਣ ਕਰਕੇ ਬੇਵੱਸੀ ਦੇ ਆਲਮ 'ਚ ਜ਼ਿੰਦਗੀ ਬਿਤਾਉਂਦੇ ਸਨ। ਕਈਆਂ ਨੂੰ ਇਲਾਜ ਲਈ ਜ਼ਮੀਨ ਜਾਂ ਘਰ-ਬਾਰ ਵੇਚਣਾ ਪੈਂਦਾ ਸੀ। ਪਿਛਲੀਆਂ ਸਰਕਾਰਾਂ ਨੇ ਕਦੇ ਵੀ ਇਸ ਮਸਲੇ ਵੱਲ ਧਿਆਨ ਨਹੀਂ ਦਿੱਤਾ ਪਰ ਹੁਣ 'ਆਪ' ਵੱਲੋਂ ਸ਼ੁਰੂ ਇਸ ਸਕੀਮ ਸਦਕਾ ਸੂਬੇ ਦੇ ਕਿਸੇ ਵੀ ਵਸਨੀਕ ਨੂੰ ਗੰਭੀਰ ਬਿਮਾਰੀਆਂ ਦੇ ਇਲਾਜ ਆਪਣੇ ਪੱਲਿ ' ਇੱਕ ਵੀ ਪੈਸਾ ਨਹੀਂ ਦੇਣਾ ਪਵੇਗਾ।" ਸ੍ਰੀ ਮਾਨ ਨੇ ਕਿਹਾ ਕਿ ਪੁਰਾਣੀਆਂ ਸਰਕਾਰਾਂ ਵੱਲੋਂ ਲੋਕਾਂ ਨੂੰ ਨੀਲੇ ਤੇ ਪੀਲੇ ਕਾਰਡਾਂ ਦੇ ਚੱਕਰ 'ਚ ਉਲਝਾ ਕੇ ਰੱਖਿਆ ਜਾਂਦਾ ਸੀ ਪਰ 'ਆਪ' ਦੀ ਸਰਕਾਰ ਨੇ ਲੋਕਾਂ ਨੂੰ ਨੀਲੇ ਤੇ ਪੀਲੇ ਕਾਰਡਾਂ ਤੋਂ ਮੁਕਤੀ ਦਿਵਾ ਦਿੱਤੀ ਹੈ।

## 25 ਸਾਲ ਪਹਿਲਾਂ ਘਪਲਾ ਕਰਕੇ ਫਰਾਰ ਹੋਈ ਮੋਨਿਕਾ ਕਪੂਰ ਅਮਰੀਕਾ 'ਚ ਗ੍ਰਿਫ਼ਤਾਰ

**ਨਵੀਂ ਦਿੱਲੀ–** ਭਾਰਤ ਦੀ ਕਥਿਤ ਆਰਥਿਕ ਅਪਰਾਧੀ ਮੋਨਿਕਾ ਕਪੂਰ ਨੂੰ ਅਮਰੀਕਾ ਤੋਂ ਭਾਰਤ ਲਿਆਂਦਾ ਜਾ ਰਿਹਾ ਹੈ। ਮੋਨਿਕਾ 25 ਸਾਲ ਪਹਿਲਾਂ ਜਾਂਚ ਏਜੰਸੀਆਂ ਨੂੰ ਚਕਮਾ ਦੇ ਕੇ ਵਿਦੇਸ਼ ਭੱਜ ਗਈ ਸੀ। ਹੁਣ, ਸੀਬੀਆਈ ਮੋਨਿਕਾ ਦੀ ਹਵਾਲਗੀ ਕਰਵਾਉਣ ਵਿੱਚ ਸਫਲ ਹੋ ਗਈ ਹੈ। ਸੀਬੀਆਈ ਅਧਿਕਾਰੀ ਅੱਜ ਰਾਤ (ਬੁੱਧਵਾਰ) ਤੱਕ ਮੋਨਿਕਾ ਨੂੰ ਲੈ ਕੇ ਭਾਰਤ ਪਹੁੰਚ ਜਾਣਗੇ। ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਅਧਿਕਾਰੀਆਂ ਨੇ ਮੋਨਿਕਾ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਉਸ ਦੇ ਨਾਲ ਇੱਕ ਅਮਰੀਕਨ ਏਅਰਲਾਈਨਜ਼ ਦੀ ਉਡਾਣ ਵਿੱਚ ਸਵਾਰ ਹੋ ਗਏ ਹਨ। ਇਹ ਉਡਾਣ ਅੱਜ ਰਾਤ ਨਵੀਂ ਦਿੱਲੀ ਉਤਰੇਗੀ।

ਦਰਅਸਲ, ਭਾਰਤ ਅਤੇ ਅਮਰੀਕਾ ਵਿਚਕਾਰ ਇੱਕ ਹਵਾਲਗੀ ਸੰਧੀ ਸੀ, ਜਿਸ ਦੇ ਤਹਿਤ ਅਮਰੀਕਾ ਵਿੱਚ ਨਿਊਯਾਰਕ ਦੀ ਜ਼ਿਲ੍ਹਾ ਅਦਾਲਤ (ਪੂਰਬੀ ਜ਼ਿਲ੍ਹਾ) ਨੇ ਮੋਨਿਕਾ ਦੀ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ। ਵਿਦੇਸ਼ ਸਕੱਤਰ ਮਾਰਕੋ ਰੂਬੀ ਨੇ ਵੀ ਮੋਨਿਕਾ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ।

### ਮੋਨਿਕਾ ਦਾ ਦਾਅਵਾ ਕਰ ਦਿੱਤਾ ਸੀ ਰੱਦ

ਹਾਲਾਂਕਿ, ਮੋਨਿਕਾ ਨੇ ਦਾਅਵਾ ਕੀਤਾ ਕਿ ਹਵਾਲਗੀ ਤੋਂ ਬਾਅਦ ਭਾਰਤ ਵਿੱਚ ਉਸ ਨਾਲ ਬੁਰਾ ਸਲੂਕ ਕੀਤਾ ਜਾਵੇਗਾ ਅਤੇ ਇਹ ਤਸ਼ੱਦਦ ਵਿਰੁੱਧ ਸੰਯੁਕਤ ਰਾਸ਼ਟਰ ਕਨਵੈਨਸ਼ਨ ਦੀ ਉਲੰਘਣਾ ਹੋਵੇਗੀ ਪਰ ਵਿਦੇਸ਼ ਸਕੱਤਰ ਨੇ ਮੋਨਿਕਾ ਦੇ ਦਾਅਵਿਆਂ ਨੂੰ ਰੱਦ ਕਰ ਦਿੱਤਾ ਅਤੇ ਹਵਾਲਗੀ ਨੂੰ ਮਨਜ਼ੂਰੀ ਦੇ ਦਿੱਤੀ।

### ਮੋਨਿਕਾ 'ਤੇ ਕੀ ਦੋਸ਼ ਹਨ?

ਵਰਣਨਯੋਗ ਹੈ ਕਿ ਮੋਨਿਕਾ ਕਪੂਰ 'ਤੇ 1999 ਵਿੱਚ ਭਾਰਤ ਸਰਕਾਰ ਨਾਲ ਧੋਖਾਧੜੀ ਦਾ ਦੋਸ਼ ਹੈ। ਮੋਨਿਕਾ ਨੇ ਆਪਣੇ ਦੋ ਭਰਾਵਾਂ ਨਾਲ ਮਿਲ ਕੇ ਗਹਿਣਿਆਂ ਦੇ ਕਾਰੋਬਾਰ ਦੇ ਜਾਅਲੀ ਦਸਤਾਵੇਜ਼ ਤਿਆਰ ਕੀਤੇ। ਇਨ੍ਹਾਂ ਦਸਤਾਵੇਜ਼ਾਂ ਨੂੰ ਦਿਖਾ ਕੇ, ਮੋਨਿਕਾ ਨੇ ਭਾਰਤ ਸਰਕਾਰ ਤੋਂ ਕੱਚੇ ਮਾਲ ਦੀ ਡਿਊਟੀ-ਮੁਕਤ ਦਰਾਮਦ ਦਾ ਲਾਇਸੈਂਸ ਲੈ ਲਿਆ।

### ਕਿੰਨਾ ਨੁਕਸਾਨ ਹੋਇਆ?

ਜੇਕਰ ਅੰਕੜਿਆਂ 'ਤੇ ਵਿਸ਼ਵਾਸ ਕੀਤਾ ਜਾਵੇ, ਤਾਂ ਮੋਨਿਕਾ ਦੀ ਧੋਖਾਧੜੀ ਕਾਰਨ ਭਾਰਤ ਸਰਕਾਰ ਨੂੰ 679000 ਅਮਰੀਕੀ ਡਾਲਰ (5.7 ਕਰੋੜ ਰੁਪਏ) ਦਾ ਨੁਕਸਾਨ ਹੋਇਆ। ਭਾਰਤ ਨੇ 2010 ਵਿੱਚ ਹਵਾਲਗੀ ਸੰਧੀ ਤਹਿਤ ਅਮਰੀਕਾ ਨੂੰ ਮੋਨਿਕਾ ਨੂੰ ਸੌਂਪਣ ਦੀ ਬੇਨਤੀ ਕੀਤੀ ਸੀ।



# ਲਿਖਤੀ ਸਮਝੌਤੇ ਉਪਰੰਤ ਸਵਰਾਜ ਮਾਜਦਾ ਲਿਮਟਿਡ ਕੰਪਨੀ ਦੇ ਠੇਕਾ ਕਰਮਚਾਰੀਆਂ ਦੀ ਹੜਤਾਲ ਅਤੇ ਧਰਨਾ ਸਮਾਪਤ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਸਵਰਾਜ ਮਾਜਦਾ ਲਿਮਟਿਡ ਆਂਸਰੋਂ ਦੇ ਠੇਕਾ ਕਰਮਚਾਰੀਆਂ ਦੀਆਂ ਮੰਗਾਂ ਮੰਨੇ ਜਾਣ ਉਪਰੰਤ ਕੰਟਰੈਕਟ ਵਰਕਰ ਯੂਨੀਅਨ ਨੇ ਹੜਤਾਲ ਅਤੇ ਧਰਨਾ ਸਮਾਪਤ ਕਰ ਦਿੱਤਾ।ਉਹ 2 ਜੁਲਾਈ ਤੋਂ ਹੜਤਾਲ ਉੱਤੇ ਸਨ। ਮੈਨੇਜਮੈਂਟ, ਸਬੰਧਤ ਠੇਕੇਦਾਰਾਂ, ਕੰਟਰੈਕਟ ਵਰਕਰ ਯੂਨੀਅਨ ਅਤੇ ਲੇਬਰ ਇੰਸਪੈਕਟਰ ਬਲਾਚੌਰ ਦੀ ਸਾਂਝੀ ਮੀਟਿੰਗ ਵਿਚ ਸਮਝੌਤਾ ਸਿਰੇ ਚੜ੍ਹਿਆ ਜੋ ਲਿਖਤੀ ਰੂਪ ਵਿਚ ਕੀਤਾ ਗਿਆ। ਸਮਝੌਤੇ ਉਪਰੰਤ ਵਰਕਰਾਂ ਨੇ ਜੇਤੂ ਰੈਲੀ ਕੀਤੀ ਜਿਸਨੂੰ ਕੰਟਰੈਕਟ ਵਰਕਰ ਯੂਨੀਅਨ ਦੇ ਆਗੂਆਂ ਜਸ਼ਨਪ੍ਰੀਤ ਸਿੰਘ, ਸਿਮਰਨਜੀਤ ਸਿੰਘ, ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ, ਮਨਪ੍ਰੀਤ ਸਿੰਘ, ਰਾਜਵੀਰ ਸਿੰਘ, ਹਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਠੇਕਾ ਕਾਮਿਆਂ ਦੀ ਤਨਖਾਹ ਦੇ ਵਾਧੇ ਲਈ ਢੁੱਕਵੀਂ ਨੀਤੀ ਤਿਆਰ ਕਰਨ ਦਾ ਫੈਸਲਾ ਹੋਇਆ। ਇਸਦੇ ਲਈ 5 ਅਗਸਤ 2025 ਦੀ ਮੀਟਿੰਗ ਤੈਅ ਕੀਤੀ ਗਈ ਹੈ। ਸਮਝੌਤੇ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਜੁਲਾਈ-ਅਗਸਤ ਮਹੀਨਿਆਂ ਵਿਚ ਕਰਮਚਾਰੀਆਂ ਦੀ ਡਿਊਟੀ ਵਿਚ ਕੋਈ ਬ੍ਰੇਕ ਨਹੀਂ ਪਾਈ ਜਾਵੇਗੀ। ਠੇਕੇਦਾਰਾਂ ਵਲੋਂ ਹਰ ਮਹੀਨੇ ਦੀ 7 ਤਾਰੀਖ ਨੂੰ ਠੇਕਾ ਕਰਮਚਾਰੀਆਂ ਦੇ ਬੈਂਕ ਖਾਤਿਆਂ ਵਿਚ ਤਨਖਾਹ ਪਾ ਦਿੱਤੀ ਜਾਇਆ ਕਰੇਗੀ। ਸਿੱਖਿਆਰਥੀਆਂ ਨੂੰ ਟ੍ਰੇਨਿੰਗ ਪੂਰੀ ਹੋਣ ਉਪਰੰਤ ਟ੍ਰੇਨਿੰਗ ਸਰਟੀਫਿਕੇਟ ਦਿੱਤੇ ਜਾਣਗੇ ਅਤੇ ਟ੍ਰੇਨਿੰਗ ਤੋਂ ਬਾਅਦ ਉਹਨਾਂ ਨੂੰ ਠੇਕਾ ਵਰਕਰ ਦੇ ਤੌਰ ਉੱਤੇ ਰੱਖਣ ਲਈ ਵਿਚਾਰ ਕੀਤਾ ਜਾਵੇਗਾ। ਜੇਕਰ ਕੰਮ ਦੌਰਾਨ ਠੇਕਾ ਕਰਮਚਾਰੀ ਨੂੰ ਸੱਟ ਲੱਗਦੀ ਹੈ ਤਾਂ ਕੰਪਨੀ ਠੇਕੇਦਾਰ ਤੋਂ ਈ ਐਸ ਆਈ ਦੇ ਸਾਰੇ ਬਣਦੇ ਲਾਭ ਦਿਵਾਉਣ ਲਈ ਪੂਰਾ ਸਹਿਯੋਗ ਕਰੇਗੀ। ਮੀਟਿੰਗ ਵਿਚ ਆਏ ਕਿਸੇ ਵੀ ਠੇਕਾ ਕਰਮਚਾਰੀ ਨਾਲ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਡਿਊਟੀ ਵਿਚ ਬ੍ਰੇਕ ਨਹੀਂ ਪਾਈ ਜਾਵੇਗੀ ਅਤੇ ਠੇਕਾ ਕਰਮਚਾਰੀ ਵੀ ਅਨੁਸ਼ਾਸਨ ਵਿਚ ਰਹਿਣਗੇ ਨਹੀਂ ਤਾਂ ਕੰਪਨੀ ਅਨੁਸ਼ਾਸਨ ਕਾਇਮ ਰੱਖਣ ਲਈ ਕਾਰਵਾਈ ਦੀ ਹੱਕਦਾਰ ਹੋਵੇਗੀ। ਬੱਸ ਬਾਡੀ ਅਤੇ ਆਰ ਐਂਡ ਡੀ ਠੇਕਾ ਕਰਮਚਾਰੀਆਂ ਦਾ ਸਾਰਾ ਰਿਕਾਰਡ ਰੱਖਿਆ ਜਾਵੇਗਾ। ਭਵਿੱਖ ਵਿਚ ਜਦੋਂ ਵੀ ਅਵਾਰਡ ਜਾਂ ਪ੍ਰਾਫਿਟ ਬੋਨਸ ਦੀ ਰਾਸ਼ੀ ਦੇ ਦਾ ਕੰਪਨੀ ਫੈਸਲਾ ਕਰਦੀ ਹੈ ਤਾਂ ਠੇਕੇਦਾਰ ਦੇ ਕਰਮਚਾਰੀਆਂ ਦਾ ਵੀ ਧਿਆਨ ਰੱਖਿਆ ਜਾਵੇਗਾ। ਸੀਰੀਅਲ ਨੰਬਰ-2 ਅਨੁਸਾਰ ਜੁਆਈਨਿੰਗ ਦੀ ਮਿਤੀ ਵੀ ਵਿਚਾਰੀ ਜਾਵੇਗੀ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਇਫਟੂ ਦੇ ਸੂਬਾ ਸਕੱਤਰ ਅਵਤਾਰ ਸਿੰਘ ਤਾਰੀ, ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਇਫਟੂ ਦੇ ਜਿਲਾ ਮੀਤ ਪ੍ਰਧਾਨ ਨਿਰਮਲ ਸਿੰਘ ਜੰਡੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾਈ ਆਗੂ ਬਲਜੀਤ ਸਿੰਘ ਧਰਮਕੋਟ ਨੇ ਕਿਹਾ ਕਿ ਇਹ ਜਿੱਤ ਵਰਕਰਾਂ ਦੀ ਏਕਤਾ ਅਤੇ ਸੰਘਰਸ਼ ਦੀ ਜਿੱਤ ਹੈ। ਜੇਤੂ ਰੈਲੀ ਕਰਦੇ ਹੋਏ ਸਵਰਾਜ ਮਾਜਦਾ ਲਿਮਟਿਡ ਕੰਪਨੀ ਦੇ ਠੇਕਾ ਕਰਮਚਾਰੀ।

# ਪੇਂਡੂ ਬੇਰੋਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਲਈ ਚਾਰ ਹਫ਼ਤੇ ਡੇਅਰੀ ਉੱਦਮ ਸਿਖਲਾਈ ਕੋਰਸ ਸ਼ੁਰੂ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵੱਜੋਂ ਅਪਨਾਉਣ ਲਈ ਜਿਲ੍ਹਾ ਪਠਾਨਕੋਟ ਨਾਲ ਸਬੰਧਤ ਡੇਅਰੀ ਫਾਰਮਰਾਂ ਲਈ 4 ਹਫਤੇ ਦਾ ਡੇਅਰੀ ਉੱਦਮ ਸਿਖਲਾਈ ਕੋਰਸ ਮਿਤੀ 14 ਜੁਲਾਈ 2025 ਤੋਂ 12 ਅਗਸਤ 2025 ਤੱਕ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਵੇਰਕਾ (ਅੰਮ੍ਰਿਤਸਰ) ਵਿਖੇ ਚਲਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਸ੍ਰੀ ਕਸ਼ਮੀਰ ਸਿੰਘ, ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਪਠਾਨਕੋਟ ਨੇ ਦੱਸਿਆ ਕਿ ਡੇਅਰੀ ਉੱਦਮ ਸਿਖਲਾਈ ਵਿੱਚ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ-ਰਖਾਵ, ਖਾਦ ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ, ਸੁਚੱਜੇ-ਮੰਡੀਕਰਨ ਅਤੇ ਏ।ਆਈ। ਦੇ ਪ੍ਰੈਕਟੀਕਲ ਆਦਿ ਨਵੀਨਤਮ ਤਕਨੀਕਾਂ ਬਾਰੇ ਟ੍ਰੇਨਿੰਗ ਦਿੱਤੀ ਜਾਵੇਗੀ। ਇਸ ਸਿਖਲਾਈ ਕੋਰਸ ਵਿੱਚ ਭਾਗ ਲੈਣ ਵਾਲਾ ਸਿਖਿਆਰਥੀ ਪੇਂਡੂ ਖੇਤਰ ਦਾ ਵਸਨੀਕ, ਘੱਟੋ-ਘੱਟ 10ਵੀਂ ਪਾਸ ਉਮਰ 18 ਤੋਂ 55 ਸਾਲ ਤੱਕ ਹੋਵੇ। ਚਾਹਵਾਨ ਸਿਖਿਆਰਥੀ ਆਪਣੇ ਦਸਤਾਵੇਜ਼ ਜਿਵੇ ਯੋਗਤਾ ਸਰਟੀਫਿਕੇਟ, 1 ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ, ਪੈਨ ਕਾਰਡ, ਜਾਤੀ ਸਰਟੀਫਿਕੇਟ ਲੈ ਕੇ 14 ਜੁਲਾਈ 2025 ਤੋਂ ਪਹਿਲਾਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਮਲਿਕਪੁਰ, ਦੂਜੀ ਮੰਜਿਲ, ਕਮਰਾ ਨੰ: 345-ਏ ਵਿਖੇ ਪਹੁੰਚ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਟ੍ਰੇਨਿੰਗ ਲਈ ਜਨਰਲ ਕੈਟਾਗਿਰੀ ਦੇ ਕਿਸਾਨਾਂ ਲਈ ਫੀਸ 5000/- ਰੁਪਏ ਹੈ ਅਤੇ ਅਨੁਸੂਚਿਤ ਜਾਤੀ ਦੇ ਕਿਸਾਨਾਂ ਲਈ ਫੀਸ 4000/- ਰੁਪਏ ਹੈ । ਸਿਖਲਾਈ ਸਫਲਤਾਪੂਰਵਕ ਪ੍ਰਾਪਤ ਕਰਨ ਉਪਰੰਤ ਵਿਭਾਗ ਵੱਲੋਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਉੱਪਰ ਵੱਖ-ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 25% ਜਨਰਲ ਅਤੇ 33% ਅ:ਜਾਤੀ ਲਈ ਸਬਸਿਡੀ ਮੁੱਹਈਆ ਕਰਵਾਈ ਜਾਵੇਗੀ।

# ਨਾਰੀ ਸਸ਼ਕਤੀਕਰਨ 'ਤੇ ਮਹਿਲਾਵਾਂ ਦੀ ਵਡਮੁੱਲੀ ਭਾਗੀਦਾਰੀ ਨਾਲ ਮਜਾਰੀ 'ਚ ਔਸ਼ਧੀ ਬੂਟੇ ਲਗਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਨਾਰੀ ਸਸ਼ਕਤੀਕਰਨ ਅਤੇ ਹਰੇਕ ਕਾਰਜ ਵਿੱਚ ਮਹਿਲਾਵਾਂ ਦੀ ਵਡਮੁੱਲੀ ਭਾਗੀਦਾਰੀ ਵਿੱਚ ਇੱਕ ਹੋਰ ਪੁਲਾਂਘ ਪੁੱਟਦਿਆਂ ਪਿੰਡ ਮਜਾਰੀ ਵਿੱਚ ਪਲਾਂਟੇਸ਼ਨ ਡਰਾਈਵ ਦੇ ਚਲਦਿਆਂ ਮਾਤਾਵਾਂ/ਭੈਣਾ ਵੱਲੋਂ ਔਸ਼ਧੀ ਬੂਟੇ ਲਗਾਏ ਗਏ। ਕਾਬਿਲੇਗੌਰ ਹੈ ਕਿ ਹਰ ਸਾਲ ਨੌਜਵਾਨਾਂ ਵੱਲੋਂ ਪਲਾਂਟੇਸ਼ਨ ਡਰਾਈਵ ਚਲਾਈ ਜਾਂਦੀ ਹੈ ਅਤੇ ਹੁਣ ਮਾਤਾਵਾਂ/ਭੈਣਾ ਦੇ ਸਹਿਯੋਗ ਨਾਲ ਪਿੰਡ ਨੂੰ ਹਰਿਆ ਭਰਿਆ ਰੱਖਣ ਨੂੰ ਹੋਰ ਹੁਲਾਰਾ ਮਿਲੇਗਾ। ਕੀਰਤਨ ਮੰਡਲੀ ਦੇ ਵੱਖ-ਵੱਖ ਅਹੁੱਦਿਆਂ 'ਤੇ ਬਿਰਾਜਮਾਨ, ਔਰਤਾਂ ਨੇਂ ਸਾਂਝੇ ਤੌਰ 'ਤੇ ਕਿਹਾ ਕਿ ਜਿਨ੍ਹਾਂ ਦੇਸ਼ਾਂ ਵਿੱਚ ਰੇਗਿਸਤਾਨੀ ਜ਼ਮੀਨਾਂ 'ਤੇ ਰੁੱਖ ਲਗਾਉਣੇ ਅਸੰਭਵ ਸਨ, ਉੱਥੇ ਵੀ ਲੋਕਾਂ ਨੇ ਰੁੱਖ ਲਗਾ ਕੇ ਤਾਪਮਾਨ ਨੂੰ ਘੱਟ ਕੀਤਾ ਹੈ।



ਉਨ੍ਹਾਂ ਕਿਹਾ ਕਿ ਸਾਨੂੰ ਵੀ ਸਾਰਿਆਂ ਨੂੰ ਵਧ ਤੋਂ ਵਧ ਰੁੱਖ ਲਗਾ ਕੇ ਆਪਣੇ ਇਲਾਕੇ ਦਾ ਤਾਪਮਾਨ ਘਟਾਉਣਾ ਚਾਹਿਦਾ ਹੈ। ਉਨ੍ਹਾਂ ਕਿਹਾ ਕਿ ਦਰੱਖਤ ਲਗਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਵੀ ਯਕੀਨੀ ਬਣਾਉਣੀ ਚਾਹੀਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਮੈਡੀਸਨਲ ਬੂਟਿਆਂ ਦਾ ਔਸ਼ਧੀ ਅਤੇ ਆਯੁਰਵੈਦਿਕ ਖੇਤਰ ਵਿੱਚ ਅਹਿਮ ਸਥਾਨ ਹੈ। ਰੁੱਖ ਅਤੇ ਪੌਦੇ ਜਿਥੇ ਮਨੁੱਖ ਨੂੰ ਸ਼ੁੱਧ ਹਵਾ, ਭੋਜਨ ਅਤੇ ਛਾਂ ਪ੍ਰਦਾਨ ਕਰਦੇ ਹਨ, ਉਥੇ ਹੀ ਇਹ ਪੰਛੀਆਂ ਨੂੰ ਵੀ ਭੋਜਨ, ਆਸਰਾ ਅਤੇ ਛਾਂ ਪ੍ਰਦਾਨ ਕਰਦੇ ਹਨ। ਇਸ ਲਈ ਸਾਡਾ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਅਸੀਂ ਹਰ ਯਾਦਗਾਰੀ ਦਿਹਾੜੇ 'ਤੇ ਰੁੱਖ ਲਗਾਈਏ ਅਤੇ ਇਨ੍ਹਾਂ ਦੀ ਸਾਂਭ-ਸੰਭਾਲ ਕਰੀਏ।

ਇਸ ਮੌਕੇ ਸੀਮਾ ਰਾਣਾ (ਸਰਪੰਚ), ਮਧੂ ਬਾਲਾ ਤੇ ਸੀਮਾ ਰਾਣੀ ਮੈਂਬਰ ਪੰਚਾਇਤ, ਆਸ਼ਾ ਰਾਣੀ, ਅਨੀਤਾ ਰਾਣੀ, ਸੀਮਾ ਕੁਮਾਰੀ, ਰਚਨਾ ਦੇਵੀ, ਸੁਨੀਤਾ ਰਾਣੀ, ਕਿਰਨਾ ਦੇਵੀ, ਸਰਲਾ (ਗੁੱਡੀ), ਗੁਲਸ਼ਨ ਦੇਵੀ, ਰਿੰਕੂ ਦੇਵੀ, ਸੀਮਾ ਰਾਣੀ, ਤਨੂੰ, ਕੋਮਲ, ਬੰਦੂ ਤੇ ਵਾਤਾਵਰਣ ਪ੍ਰੇਮੀ ਵੀ ਮੌਜੂਦ ਸਨ।

# ਠਾਕੁਰ ਦਾਸ ਐਦਿਲ ਦੀ ਕਾਵਿ ਪੁਸਤਕ 'ਦਲਿਤਨਾਮਾ' ਬਲਜਿੰਦਰ ਮਾਨ ਵੱਲੋਂ ਜਾਰੀ

**ਮਾਹਿਲਪੁਰ-** ਪਿੰਡ ਮਹਿਮਦਵਾਲ ਕਲਾਂ ਦੇ ਉੱਘੇ ਸਵਰਗਵਾਸੀ ਕਵੀ ਠਾਕਰ ਦਾਸ ਐਦਿਲ ਦੀ ਪੁਸਤਕ



'ਦਲਿਤਨਾਵਾਂ' ਇੱਥੋਂ ਦੇ ਸ਼੍ਰੋਮਣੀ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵੱਲੋਂ ਜਾਰੀ ਕੀਤੀ ਗਈ। ਸੁਰ ਸੰਗਮ ਵਿੱਦਿਅਕ ਟਰੱਸਟ ਵੱਲੋਂ ਆਯੋਜਿਤ ਇਸ ਸਮਾਰੋਹ ਨੂੰ ਸੰਬੋਧਨ ਕਰਦਿਆਂ ਉਹਨਾਂ ਕਿਹਾ ਕਿ ਬਚਪਨ ਵਿੱਚ ਜਿਸ ਕਵੀ ਨੇ ਉਹਨਾਂ ਨੂੰ ਪ੍ਰਭਾਵਿਤ ਕੀਤਾ ਸੀ ਉਹ ਕਵੀ ਠਾਕਰ ਦਾਸ ਐਦਿਲ ਸਨ ਜਿਨ੍ਹਾਂ ਦਾ ਪਹਿਲਾ ਕਿੱਸਾ 'ਮਜ਼ਦੂਰ ਦੀ ਜ਼ਿੰਦਗੀ' ਪੜ੍ਹਕੇ ਉਸ ਅੰਦਰ ਕਾਵਿ ਸਿਰਜਣਾ ਦਾ ਜਾਗ ਲੱਗਿਆ। ਉਹਨਾਂ ਨੇ ਆਪਣਾ ਸਾਰਾ ਜੀਵਨ ਮਜ਼ਦੂਰ ਅਤੇ ਕਿਰਤੀ ਸਮਾਜ ਦੇ ਲੇਖੇ ਲਾਇਆ।

ਉਹਨਾਂ ਦੀਆਂ ਕਵਿਤਾਵਾਂ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਹਨ। ਆਪ ਜਿਸ ਵੀ ਸਟੇਜ ਤੇ ਕਵਿਤਾ ਬੋਲਦੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੰਦੇ। ਇਸ ਪ੍ਰਕਾਰ ਉਹ ਆਪਣੇ ਜ਼ਮਾਨੇ ਦੇ ਉੱਘੇ ਸਟੇਜੀ ਕਵੀ ਵੀ ਹੋਏ ਹਨ। ਉਹਨਾਂ ਦੀਆਂ ਕਿਰਤਾਂ ਨੂੰ ਐਦਿਲ ਜੀ ਦੇ ਪਰਿਵਾਰਕ ਮੈਂਬਰਾਂ ਖਾਸ ਕਰਕੇ ਸਪੁੱਤਰ ਬਲਵੀਰ ਸਿੰਘ ਵੱਲੋਂ ਉਚੇਚੇ ਤੌਰ ਤੇ ਸੰਭਾਲਣ ਦੇ ਉਪਰਾਲੇ ਕੀਤੇ ਜਾ ਰਹੇ ਹਨ। ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਮਾਹਿਲਪੁਰ ਦੇ ਐਸਐਮਓ ਡਾਕਟਰ ਜਸਵੰਤ ਸਿੰਘ ਥਿੰਦ, ਕਿਸਾਨ ਆਗੂ ਤਲਵਿੰਦਰ ਹੀਰ, ਮੈਨੇਜਰ ਦੇਵਰਾਜ ਪਰਮਾਰ, ਪ੍ਰਬੰਧਕ ਰਾਮ ਤੀਰਥ, ਚੇਅਰਮੈਨ ਗੁਰਦੀਪ ਚੰਦ, ਡਾ. ਓਂਕਾਰ ਸਿੰਘ ਅਤੇ ਕੁਲਵੀਰ ਖਟਕੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹਨਾਂ ਨੂੰ ਆਪਣੇ ਇਸ ਕਵੀ ਤੇ ਮਣਾਂ ਮੂੰਹੀਂ ਮਾਣ ਹੈ ਜਿਸ ਨੇ ਦਲਿਤ ਕੌਮ ਨੂੰ ਜ਼ਿੰਦਗੀ ਜਿਉਣ ਦਾ ਸਲੀਕਾ ਅਤੇ ਹੱਕਾਂ ਲਈ ਲੜਨ ਦਾ ਬਲ ਬਖਸ਼ਿਆ। ਉਹਨਾਂ ਨੂੰ ਜਿੱਥੇ ਅਸੀਂ ਇੱਕ ਪ੍ਰਸਿੱਧ ਸਾਹਿਤਕਾਰ ਤੌਰ ਤੇ ਯਾਦ ਕਰਦੇ ਹਾਂ ਉੱਥੇ ਇੱਕ ਸਮਾਜ ਸੁਧਾਰਕ ਤੌਰ ਤੇ ਵੀ ਆਦਰ ਸਤਿਕਾਰ ਦਿੰਦੇ ਹਾਂ। ਜਲਾਲਾਬਾਦ (ਫਾਜ਼ਿਲਕਾ) ਤੋਂ ਉਹਨਾਂ ਦੇ ਸਪੁੱਤਰ ਬਲਬੀਰ ਸਿੰਘ ਪੁਆਰ ਪ੍ਰਧਾਨ ਪੈਨਸ਼ਨਰ ਯੂਨੀਅਨ ਪੰਜਾਬ ਉਚੇਚੇ ਤੌਰ ਤੇ ਹਾਜ਼ਰ ਹੋਏ। ਉਹਨਾਂ ਆਪਣੇ ਪਿਤਾ ਦੀਆਂ ਯਾਦਾਂ ਨੂੰ ਤਾਜ਼ਾ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਯਤਨ ਕੀਤਾ ਜਾ ਰਿਹਾ ਹੈ ਕਿ ਪਿੰਡ ਮਹਿਮਦਵਾਲ ਕਲਾਂ ਵਿੱਚ ਉਹਨਾਂ ਦੀ ਇੱਕ ਯਾਦਗਾਰ ਕਾਇਮ ਕੀਤੀ ਜਾਵੇ।

ਇਸ ਸਮਾਰੋਹ ਵਿੱਚ ਸਰਪੰਚ ਗੁਰਜੀਤ ਸਿੰਘ, ਅਮਰਜੀਤ ਸਿੰਘ, ਭਿੰਦਾ, ਗੁਰਦੀਪ ਚੰਦ, ਹਰਵੀਰ ਮਾਨ, ਸਾਹਿਲ ਪਰਮਾਰ, ਹਰਜਿੰਦਰ ਸਿੰਘ, ਰਾਹੁਲ ਕੁਮਾਰ, ਹਰਵੀਰ ਮਾਨ ਅਤੇ ਸੋਮ ਨਾਥ ਸਮੇਤ ਪਿੰਡ ਵਾਸੀ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ। ਸਭ ਦਾ ਧੰਨਵਾਦ ਕਰਦਿਆਂ ਗੁਰਦੀਪ ਚੰਦ ਨੇ ਕਿਹਾ ਕਿ ਯਾਦਗਾਰ ਦੀ ਉਸਾਰੀ ਵਿੱਚ ਵਿੱਚ ਨਗਰ ਨਿਵਾਸੀਆਂ ਵੱਲੋਂ ਪੂਰਨ ਸਹਿਯੋਗ ਦਿੱਤਾ ਜਾਵੇਗਾ।

# ਅੱਤਵਾਦੀਆਂ ਨੇ ਕਿਵੇਂ ਰਚੀ ਸੀ ਭਾਰਤ 'ਚ ਹਮਲੇ ਦੀ ਯੋਜਨਾ

**ਨਵੀਂ ਦਿੱਲੀ-** ਗਲੋਬਲ ਟੈਰਰਿਜ਼ਮ ਫਾਈਨੈਂਸਿੰਗ ਮਾਨੀਟਰਿੰਗ ਬਾਡੀ (FATF) ਨੇ ਅੱਤਵਾਦੀਆਂ ਦੀ ਫੰਡਿੰਗ ਸੰਬੰਧੀ ਇੱਕ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਫਰਵਰੀ 2019 ਦੇ ਪੁਲਵਾਮਾ ਅੱਤਵਾਦੀ ਹਮਲੇ ਅਤੇ 2022 ਵਿੱਚ ਗੋਰਖਨਾਥ ਮੰਦਰ ਵਿੱਚ ਹੋਈ ਘਟਨਾ ਦਾ ਹਵਾਲਾ ਦਿੰਦੇ ਹੋਏ, FATF ਨੇ ਕਿਹਾ ਕਿ ਈ-ਕਾਮਰਸ ਪਲੇਟਫਾਰਮ ਅਤੇ ਔਨਲਾਈਨ ਭੁਗਤਾਨ ਸੇਵਾਵਾਂ ਦੀ ਅੱਤਵਾਦ ਨੂੰ ਵਿੱਤ ਦੇਣ ਲਈ ਦੁਰਵਰਤੋਂ ਕੀਤੀ ਜਾ ਰਹੀ ਹੈ। ਤੁਹਾਨੂੰ ਦੱਸ ਦੇਈਏ ਕਿ ਪੁਲਵਾਮਾ ਹਮਲੇ ਵਿੱਚ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ 40 ਜਵਾਨਾਂ ਨੇ ਆਪਣੀ ਜਾਨ ਗਵਾਈ।



FATF ਨੇ ਅਪ੍ਰੈਲ 2025 ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕੀਤੀ, ਜੂਨ ਵਿੱਚ ਕਿਹਾ ਕਿ ਵਿੱਤੀ ਸਹਾਇਤਾ ਤੋਂ ਬਿਨਾਂ ਅਜਿਹੇ ਹਮਲੇ ਸੰਭਵ ਨਹੀਂ ਸਨ। ਪਹਿਲਗਾਮ ਅੱਤਵਾਦੀ ਹਮਲੇ ਵਿੱਚ 26 ਲੋਕ ਮਾਰੇ ਗਏ ਸਨ।

ਅੱਤਵਾਦੀਆਂ ਨੇ ਔਨਲਾਈਨ ਸੇਵਾਵਾਂ ਦੀ ਵਰਤੋਂ ਕਿਵੇਂ ਕੀਤੀ?

ਪੁਲਵਾਮਾ ਹਮਲੇ ਲਈ ਸਮੱਗਰੀ ਖਰੀਦਣ ਦੇ ਉਦੇਸ਼ ਲਈ ਈ-ਕਾਮਰਸ ਪਲੇਟਫਾਰਮਾਂ ਦੀ ਵਰਤੋਂ ਦਾ ਹਵਾਲਾ ਦਿੰਦੇ ਹੋਏ, ਇਠਾਂ ਨੇ ਕਿਹਾ ਕਿ ਹਮਲੇ ਵਿੱਚ ਵਰਤੇ ਗਏ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (IED ਭਾਵ ਦੇਸੀ ਬੰਬ) ਦਾ ਇੱਕ ਪ੍ਰਮੁੱਖ ਹਿੱਸਾ, ਐਲੂਮੀਨੀਅਮ ਪਾਊਡਰ, ਈ-ਕਾਮਰਸ ਪਲੇਟਫਾਰਮ ਐਮਾਜ਼ਾਨ ਰਾਹੀਂ ਖਰੀਦਿਆ ਗਿਆ ਸੀ। ਇਹ ਹਮਲਾ ਜੈਸ਼-ਏ-ਮੁਹੰਮਦ ਦੇ ਅੱਤਵਾਦੀਆਂ ਦੁਆਰਾ ਕੀਤਾ ਗਿਆ ਸੀ। ਪਾਕਿਸਤਾਨ ਇਨ੍ਹਾਂ ਅੱਤਵਾਦੀਆਂ ਨੂੰ ਪਾਲ ਰਿਹਾ ਹੈ।

FATF ਨੇ ਕਿਹਾ ਕਿ ਅੱਤਵਾਦੀ ਔਨਲਾਈਨ ਸੇਵਾਵਾਂ ਅਤੇ ਤਫ਼ ਦੀ ਵੀ ਵਰਤੋਂ ਕਰਦੇ ਹਨ। ਇਠਾਂ ਨੇ ਦੱਸਿਆ ਕਿ ਕਿਵੇਂ ਅੱਤਵਾਦੀਆਂ ਨੇ 3 ਅਪ੍ਰੈਲ 2022 ਨੂੰ ਗੋਰਖਨਾਥ ਮੰਦਰ ਵਿੱਚ ਘੁਸਪੈਠ ਵਿੱਚ ਔਨਲਾਈਨ ਭੁਗਤਾਨ ਸੇਵਾ ਦੀ ਵਰਤੋਂ ਕੀਤੀ। ਤੁਹਾਨੂੰ ਦੱਸ ਦੇਈਏ ਕਿ ਇਸਲਾਮਿਕ ਸਟੇਟ ਇਨ ਇਰਾਕ ਐਂਡ ਦ ਲੇਵੈਂਟ (ISIL) ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਇੱਕ ਵਿਅਕਤੀ ਨੇ ਗੋਰਖਨਾਥ ਮੰਦਰ ਵਿੱਚ ਸੁਰੱਖਿਆ ਕਰਮਚਾਰੀਆਂ 'ਤੇ ਹਮਲਾ ਕੀਤਾ।

ਦਰਅਸਲ, ਵਿੱਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਮਲੇ ਦੀ ਕੋਸ਼ਿਸ਼ ਕਰਨ ਵਾਲੇ ਦੋਸ਼ੀ ਨੇ ਦੱਸਿਆ ਕਿ ਉਸਨੇ ISIS ਦੇ ਸਮਰਥਨ ਵਿੱਚ ਫਐਫਪਲ ਰਾਹੀਂ ਵਿਦੇਸ਼ਾਂ ਵਿੱਚ 6,69,841 ਰੁਪਏ ਭੇਜੇ ਸਨ ਅਤੇ ਇਸ ਲਈ ਉਸਨੇ ਇਿ ਪਤਾ ਲੁਕਾਉਣ ਲਈ ਤਫ਼ ਸੇਵਾਵਾਂ ਅਤੇ ਅੰਤਰਰਾਸ਼ਟਰੀ ਤੀਜੀ ਧਿਰ ਲੈਣ-ਦੇਣ ਦੀ ਵਰਤੋਂ ਕੀਤੀ। ਉਸਨੂੰ ਇੱਕ ਵਿਦੇਸ਼ੀ ਸਰੋਤ ਤੋਂ 10,323.35 ਰੁਪਏ ਵੀ ਮਿਲੇ।

ਪਾਕਿਸਤਾਨ ਨੂੰ FATF ਦੀ ਗ੍ਰੇ ਲਿਸਟ ਵਿੱਚ ਪਾਉਣਾ ਚਾਹੀਦਾ ਹੈ: ਭਾਰਤ

ਭਾਰਤ ਲਗਾਤਾਰ ਕਹਿੰਦਾ ਆ ਰਿਹਾ ਹੈ ਕਿ ਪਾਕਿਸਤਾਨ ਨਾ ਸਿਰਫ਼ ਅੱਤਵਾਦੀਆਂ ਦਾ ਸਮਰਥਨ ਕਰਦਾ ਹੈ, ਸਗੋਂ ਉਨ੍ਹਾਂ ਦੀ ਵਿੱਤੀ ਅਤੇ ਫੌਜੀ ਤੌਰ 'ਤੇ ਵੀ ਮਦਦ ਕਰਦਾ ਹੈ। ਪਹਿਲਗਾਮ ਹਮਲੇ ਤੋਂ ਬਾਅਦ, ਭਾਰਤ ਨੇ ਫਿਰ ਤੋਂ ਬੇਨਤੀ ਕੀਤੀ ਸੀ ਕਿ ਪਾਕਿਸਤਾਨ ਨੂੰ ਦੁਬਾਰਾ ਇਠਾਂ ਦੀ ਗ੍ਰੇ ਸੂਚੀ ਵਿੱਚ ਪਾਇਆ ਜਾਵੇ।

# ਦੇਸ਼ ਭਗਤ ਯੂਨੀਵਰਸਿਟੀ ਨੇ ਸ਼ੋਭਿਤ ਯੂਨੀਵਰਸਿਟੀ, ਗੰਗੋਹ ਨਾਲ ਕੀਤਾ ਸਮਝੌਤਾ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ), ਮੰਡੀ ਗੋਬਿੰਦਗੜ੍ਹ ਦੇ ਵਾਈਸ ਚਾਂਸਲਰ ਡਾ। ਜ਼ੋਰਾ ਸਿੰਘ ਦੀ ਦੂਰਦਰਸ਼ੀ ਅਗਵਾਈ ਹੇਠ, ਯੂਨੀਵਰਸਿਟੀ ਨੇ ਸ਼ੋਭਿਤ ਯੂਨੀਵਰਸਿਟੀ, ਗੰਗੋਹ (ਉਤਰ ਪ੍ਰਦੇਸ਼) ਦੇ ਵੱਖ-ਵੱਖ ਵਿਭਾਗਾਂ ਨਾਲ ਤਿੰਨ ਇਤਿਹਾਸਕ ਸਮਝੌਤਿਆਂ (ਐਮ ਯੂ) 'ਤੇ ਦਸਤਖ਼ਤ ਕੀਤੇ।

ਇਹ ਸਮਝੌਤਾ ਆਯੁਰਵੇਦ, ਫਾਰਮੇਸੀ ਅਤੇ ਖੋਜ ਦੇ ਖੇਤਰ ਵਿੱਚ




ਫੈਕਲਟੀ ਐਕਸਚੇਂਜ, ਸੰਯੁਕਤ ਖੋਜ ਅਤੇ ਅਕਾਦਮਿਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਰਣਨੀਤਕ ਭਾਈਵਾਲੀ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਹ ਸਮਝੌਤੇ ਸਹਿਯੋਗੀ ਖੋਜ ਪ੍ਰੋਜੈਕਟਾਂ, ਸਰੋਤ ਸਾਂਝੇਦਾਰੀ ਅਤੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਕਾਨਫਰੰਸਾਂ ਦੇ ਸੰਗਠਨ ਨੂੰ ਪੇਸ਼ ਕਰਨ ਦੀ ਸਹੂਲਤ ਪ੍ਰਦਾਨ ਕਰਨਗੇ।

ਡੀਬੀਯੂ ਕੈਂਪਸ ਵਿੱਚ ਕਰਵਾਏ ਇੱਕ ਰਸਮੀ ਸਮਾਰੋਹ ਵਿੱਚ ਦੇਸ਼ ਭਗਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਅਤੇ ਸ਼ੋਭਿਤ ਯੂਨੀਵਰਸਿਟੀ, ਗੰਗੋਹ ਦੇ ਵਾਈਸ ਚਾਂਸਲਰ ਡਾ. ਰਣਜੀਤ ਸਿੰਘ ਨੇ ਸਮਝੌਤਿਆਂ ਉਪਰ ਦਸਤਖਤ ਕੀਤੇ।

ਇਸ ਸਮਾਗਮ ਵਿੱਚ ਡੀ.ਬੀ.ਯੂ. ਦੇ ਸੀਨੀਅਰ ਅਕਾਦਮਿਕ ਅਤੇ ਪ੍ਰਸ਼ਾਸਕੀ ਆਗੂਆਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਡਾ. ਪਰਵੀਨ ਬਾਂਸਲ, ਡੀਨ, ਖੋਜ ਅਤੇ ਵਿਕਾਸ, ਸ਼੍ਰੀ ਸੁਰਿੰਦਰ ਕਪੂਰ, ਰਜਿਸਟਰਾਰ, ਡਾ. ਕੁਲਭੂਸ਼ਣ, ਡਾਇਰੈਕਟਰ, ਆਯੁਰਵੇਦ, ਡਾ. ਪੂਜਾ ਗੁਲਾਟੀ, ਡਾਇਰੈਕਟਰ, ਫਾਰਮੇਸੀ ਅਤੇ ਡਾ. ਹਰਵਿੰਦਰ ਕੌਰ ਸਿੱਧੂ, ਡੀਨ, ਖੇਤੀਬਾੜੀ ਸ਼ਾਮਲ ਸਨ।

ਇਸ ਮੌਕੇ 'ਤੇ ਬੋਲਦੇ ਹੋਏ, ਡਾ. ਹਰਸ਼ ਸਦਾਵਰਤੀ ਨੇ ਰਵਾਇਤੀ ਅਤੇ ਆਧੁਨਿਕ ਸਿਹਤ ਸੰਭਾਲ ਪ੍ਰਣਾਲੀਆਂ ਨੂੰ ਏਕੀਕ੍ਰਿਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ ਦੱਸਿਆ ਕਿ ਕਿਵੇਂ ਅਜਿਹੇ ਸਹਿਯੋਗ ਨਵੇਂ ਖੋਜ ਮੌਕੇ ਖੋਲ੍ਹਣ ਅਤੇ ਅਕਾਦਮਿਕ ਡਿਲੀਵਰੀ ਨੂੰ ਅਮੀਰ ਬਣਾਉਣ ਵਿੱਚ ਮਦਦ ਕਰਨਗੇ।

ਡਾ. ਰਣਜੀਤ ਸਿੰਘ ਨੇ ਸਹਿਯੋਗ ਲਈ ਆਪਣਾ ਉਤਸ਼ਾਹ ਸਾਂਝਾ ਕੀਤਾ, ਭਾਰਤੀ ਮੈਡੀਕਲ ਪ੍ਰਣਾਲੀਆਂ ਅਤੇ ਫਾਰਮਾਸਿਊਟੀਕਲ ਵਿਗਿਆਨ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਦੋਵਾਂ ਯੂਨੀਵਰਸਿਟੀਆਂ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਉਜਾਗਰ ਕੀਤਾ। ਇਸ ਰਣਨੀਤਕ ਗਠਜੋੜ ਤੋਂ ਅਕਾਦਮਿਕ ਨਵੀਨਤਾ, ਵਿਦਿਆਰਥੀ ਸਸ਼ਕਤੀਕਰਨ ਅਤੇ ਪ੍ਰਭਾਵਸ਼ਾਲੀ ਖੋਜ ਲਈ ਨਵੇਂ ਰਸਤੇ ਬਣਾਉਣ ਦੀ ਉਮੀਦ ਹੈ।

# ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਹਾਜੀਪੁਰ 'ਚ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਮੁਕੇਰੀਆਂ ਵਿਧਾਨ ਸਭਾ ਹਲਕੇ ਦੇ ਹਾਜੀਪੁਰ 'ਚ ਅੱਜ ਲੋਕ ਸਭਾ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ ਨੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਨਿਪਟਾਰਾ ਕਰ ਦਿੱਤਾ ਗਿਆ। ਹਾਜੀਪੁਰ ਦੇ ਵਿਸ਼ਰਾਮ ਘਰ ਵਿਚ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਲੋਕਾਂ ਨੇ ਹਾਜੀਪੁਰ ਨਾਲ ਸਬੰਧਤ ਕਈ ਅਹਿਮ ਮੁੱਦੇ ਉਨ੍ਹਾਂ ਦੇ ਸਾਹਮਣੇ ਰੱਖੇ ਹਨ ਜਿਨ੍ਹਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ। ਲੋਕ ਸਭਾ ਮੈਂਬਰ ਨੇ ਜਾਣਕਾਰੀ ਦਿੱਤੀ ਕਿ 'ਰੰਗਲਾ ਪੰਜਾਬ' ਯੋਜਨਾ ਤਹਿਤ ਪਿੰਡਾਂ ਵਿਚ ਫੰਡ ਆਏ ਹਨ, ਜਿਸ ਨਾਲ ਕਈ ਵਿਕਾਸ ਕੰਮ ਹੋਣਗੇ, ਇਸ ਤੋਂ ਇਲਾਵਾ 15ਵੇਂ ਵਿੱਤ ਕਮਿਸ਼ਨ ਤਹਿਤ ਮਿਲਣ ਵਾਲੇ ਫੰਡ ਨਾਲ ਹਾਜੀਪੁਰ ਹਲਕੇ ਦੀਆਂ ਕਈ ਸਮੱਸਿਆਵਾਂ ਦਾ ਹੱਲ ਸੰਭਵ ਹੋਵੇਗਾ। ਇਕ ਸਵਾਲ ਦੇ ਜਵਾਬ ਵਿਚ ਡਾ। ਚੱਬੇਵਾਲ ਨੇ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਇਹ ਰਾਜ ਸਰਕਾਰ ਦਾ ਸਮੇਂ ਸਿਰ ਅਤੇ ਜ਼ਰੂਰੀ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਸੈਸ਼ਨ ਵਿਚ ਨਸ਼ਾ ਵਿਰੋਧੀ ਅਭਿਆਨ ਅਤੇ ਕਈ ਅਹਿਮ ਮੁੱਦਿਆਂ 'ਤੇ ਵਿਸਥਾਰ ਨਾਲ ਚਰਚਾ ਕੀਤੀ ਜਾਵੇਗੀ, ਜਿਸ ਨਾਲ ਸੂਬੇ ਨੂੰ ਨਸ਼ਾ ਮੁਕਤ ਬਣਾਉਣ ਦੇ ਉਪਰਾਲਿਆਂ ਨੂੰ ਮਜ਼ਬੂਤੀ ਮਿਲੇਗੀ।ਡਾ। ਚੱਬੇਵਾਲ ਨੇ ਪਿੰਡ ਗੇਰਾ ਵਿਚ ਐਮ ਪੀ ਫੰਡ ਨਾਲ ਬਣੀ ਕਰੀਬ 6 ਲੱਖ ਰੁਪਏ ਦੀ ਲਾਗਤ ਵਾਲੀ ਇੰਟਰਲਾਕਿੰਗ ਗਲੀ ਦਾ ਉਦਘਾਟਨ ਕੀਤਾ। ਇਸ ਮੌਕੇ ਸਥਾਨਕ ਪਿੰਡਾਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਕਾਸ ਕੰਮਾਂ ਲਈ ਧੰਨਵਾਦ ਕੀਤਾ। ਪਿੰਡ ਮਨਸੂਰਪੁਰ ਦੇ ਇਕ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹੋਏ ਲੋਕ ਸਭਾ ਮੈਂਬਰ ਨੇ ਐਮ.ਪੀ. ਲੈਂਡ ਫੰਡ ਵਿਚੋਂ 10 ਲੱਖ ਰੁਪਏ ਦੀ ਸੀਵਰੇਜ਼ ਯੋਜਨਾ ਦੇਣ ਦੀ ਘੋਸ਼ਣਾ ਕੀਤੀ। ਇਸ ਮੌਕੇ ਪਿੰਡ ਦੀ ਵਰਤਮਾਨ ਪੰਚਾਇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਈ। ਡਾ. ਚੱਬੇਵਾਲ ਨੇ ਸਾਰੇ ਨਵ-ਨਿਯੁਕਤ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਭਰੋਸਾ ਦਿਵਾਇਆ ਕਿ ਉਨ੍ਹਾਂ ਨੂੰ ਬਣਦਾ ਮਾਨ-ਸਨਮਾਨ ਮਿਲੇਗਾ। ਡਾ. ਚੱਬੇਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਅਤੇ ਕੰਮਾਂ ਕਾਰਨ ਲੋਕਾਂ ਦਾ ਵਿਸ਼ਵਾਸ ਵਧਿਆ ਹੈ। ਉਨ੍ਹਾ ਕਿਹਾ ਕਿ ਜਿਸ ਤਰ੍ਹਾਂ ਲੋਕ ਪਾਰਟੀ ਵਿਚ ਸ਼ਾਮਲ ਹੋ ਰਹੇ ਹਨ, ਉਸ ਨਾਲ ਇਹ ਸਪੱਸ਼ਟ ਹੈ ਕਿ ਸਾਲ 2027 ਵਿਚ ਪਾਰਟੀ 2022 ਤੋਂ ਵੀ ਵੱਡੀ ਜਿੱਤ ਦਰਜ ਕਰੇਗੀ।

# PCA Brentwood ਵੱਲੋਂ 4 ਜੁਲਾਈ ਦੀ ਅਜਾਦੀ ਦਿਵਸ ਦੌਰਾਨ ਪਾਣੀ ਤੇ ਜੂਸ ਦੀ ਸੇਵਾ ਕੀਤੀ



**ਬਰੈਂਟਵੁੱਡ (ਕੈਲੀਫੋਰਨੀਆ)-** ਪੰਜਾਬੀ ਕਲਚਰਲ ਅਸੋਸੀਏਸ਼ਨ (PCA) ਬ੍ਰੈਂਟਵੁੱਡ ਵੱਲੋਂ 4 ਜੁਲਾਈ ਦੀ ਅਜਾਦੀ ਦਿਵਸ ਦੀ ਪਰੇਡ ਦੌਰਾਨ ਹਜ਼ਾਰਾਂ ਲੋਕਾਂ ਨੂੰ ਠੰਡਾ ਪਾਣੀ ਅਤੇ ਜੂਸ ਵੰਡ ਕੇ ਨਿਸ਼ਕਾਮ ਸੇਵਾ ਕੀਤੀ ਗਈ। ਇਸ ਮੌਕੇ ਪਾਣੀ ਅਤੇ ਜੂਸ ਦੀਆਂ ਬੋਤਲਾਂ ਵੰਡੀਆਂ ਗਈਆਂ। ਇਹ ਸੇਵਾ 50 ਤੋਂ ਵੱਧ ਵੋਲੰਟੀਅਰਾਂ ਨੇ ਕੀਤੀ। ਫਛਓ ਦੇ ਚੇਅਰਮੈਨ ਭੁਪਿੰਦਰ ਸਿੰਘ ਬਾਜਵਾ ਨੇ ਦੱਸਿਆ ਕਿ PCA ਹਮੇਸ਼ਾ ਇੱਛਾ ਕਰਦਾ ਹੈ ਕਿ ਉਹ ਅਜਿਹੀ ਸੇਵਾ ਕਰਕੇ 4 ਜੁਲਾਈ ਪਰੇਡ ਦਾ ਹਿੱਸਾ ਬਣੇ, ਤਾਂ ਜੋ ਸਮਾਜ ਨਾਲ ਜੁੜ ਕੇ ਚੰਗਾ ਯੋਗਦਾਨ ਪਾਇਆ ਜਾ ਸਕੇ। ਭੁਪਿੰਦਰ ਬਾਜਵਾ ਨੇ ਇਸ ਬਾਬਤ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ PCA Brentwod ਜਲਦੀ ਆਉਣ ਵਾਲੇ ਦੋ ਮਹੀਨਿਆ ਦੌਰਾਨ ਖੂਨਦਾਨ ਕੈਂਪ ਲਗਾਉਣ ਜਾ ਰਿਹਾ ਹੈ । ਖੂਨਦਾਨ ਕੈਂਪ ਦੀਆਂ ਤਰੀਖਾ ਜਲਦ ਹੀ ਨਸ਼ਰ ਕੀਤੀਆ ਜਾਣਗੀਆ।

ਬ੍ਰੈਂਟਵੁੱਡ ਦੀ ਮੇਅਰ ਸੁਜ਼ਾਨਾ ਮਾਇਰ ਖ਼ਾਸ ਤੌਰ 'ਤੇ PCA ਦੇ ਬੂਥ 'ਤੇ ਪਹੁੰਚੇ ਅਤੇ ਸਾਰੇ ਵੋਲੰਟੀਅਰਾਂ ਤੇ ਸਪਾਂਸਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਫਛਓ ਪਹਿਲਾਂ ਹੀ ਕਮਿਊਨਟੀ ਵਿਚ ਸ਼ਾਨਦਾਰ ਕੰਮ ਕਰ ਰਿਹਾ ਹੈ ਅਤੇ ਉਹ ਭਵਿੱਖ ਵਿਚ PCA Brentwood ਵੱਲੋ ਹੋਣ ਵਾਲੀਆਂ ਹੋਰ ਗਤੀਵਿਧੀਆਂ ਦੀ ਉਡੀਕ ਕਰ ਰਹੀ ਹੈ।

ਇਸ ਪਰੇਡ ਵਿਚ ਜਲ ਦੀ ਸੇਵਾ ਨੂੰ ਕਾਮਯਾਬ ਕਰਨ ਵਿਚ ਖਾਸ ਤੌਰ ਤੇ



ਰਾਜਵੀਰ

ਸਿੰਘ ਸਰਕਾਰੀਆਂ। ਸਤਵਿੰਦਰ ਸਿੰਘ ਸੰਘੂ, ਸਚਿਨ ਮੂਰਤੀ, ਸਨੀ ਸਰਕਾਰੀਆਂ, ਸਤਵਿੰਦਰ ਮਾਨਹੇੜਾ, ਜਗਦੀਪ ਸਿੰਘ ਗਿੱਲ ਤੇ ਸੰਦੀਪ ਸਿਘ ਦਾ ਅਹਿਮ ਯੋਗਦਾਨ ਰਿਹਾ।

# ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਬੀ.ਐਲ.ਓ ਦੇ ਪਹਿਲੇ ਬੈਚ ਨੂੰ ਕਰਵਾਈ ਟ੍ਰੇਨਿੰਗ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)-** ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਵੱਲੋਂ ਜਾਰੀ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ, ਸ਼ਹੀਦ ਭਗਤ ਸਿੰਘ ਨਗਰ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਅਤੇ ਇੰਦਰ ਪਾਲ, ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ-ਕਮ-ਚੋਣਕਾਰ ਰਜਿਸਟ੍ਰੇਸ਼ਨ ਅਫਸਰ, 48-ਬਲਾਚੌਰ ਵਿਧਾਨ ਸਭਾ ਚੋਣ ਹਲਕਾ ਦੀ ਅਗਵਾਈ ਵਿੱਚ ਹਲਕੇ ਦੇ ਪਹਿਲੇ 50 ਬੂਥਾਂ ਦੇ ਬੀ.ਐਲ. ਜ਼ ਦੇ ਪਹਿਲੇ ਬੈਚ ਦਾ ਅੱਜ ਸਿਖਲਾਈ ਪ੍ਰੋਗਰਾਮ ਬਾਬਾ ਬਲਰਾਜ ਪੰਜਾਬ ਯੂਨੀਵਰਸਿਟੀ ਕੰਸਟੀਚਿਊਐਂਟ ਕਾਲਜ, ਬਲਾਚੌਰ ਦੇ ਕੰਨਵੈਸ਼ਨ ਹਾਲ ਸਥਾਨ ਵਿਖੇ ਕਰਵਾਇਆ ਗਿਆ। ਇਹ ਪ੍ਰੋਗਰਾਮ ਵੋਟਰ ਸੂਚੀਆਂ ਨੂੰ ਅੱਪਡੇਟ ਕਰਨ, ਖੇਤਰੀ ਦੌਰੇ ਕਰਨ ਅਤੇ ਵੋਟਰ ਜਾਣਕਾਰੀ ਦੀ ਪੁਸ਼ਟੀ ਕਰਨ ਵਿੱਚ ਬੀ.ਐਲ. . ਦੀਆਂ ਜ਼ਿੰਮੇਵਾਰੀਆਂ ਨੂੰ ਕਵਰ ਕਰਦਾ ਹੈ। ਇਹ ਪ੍ਰੋਗਰਾਮ ਦੌਰਾਨ ਮਾਸਟਰ ਟਰੇਨਰ ਮਾਸਟਰ ਟ੍ਰੇਨਰ ਨਰਿੰਦਰ ਕੁਮਾਰ, ਵਾਸੂਦੇਵ ਚੌਧਰੀ, ਨੀਲ ਕਮਲ ਭਾਟੀਆ ਅਤੇ ਅਮਿਤ ਜਗੋਤਾ ਵਲੋ ਬੀ।ਐਲ। । ਦੇ ਆਮ ਕਰਤੱਵਾਂ ਅਤੇ ਸ਼ਿਸ਼ਟਾਚਾਰ ਜਿਵੇਂ ਕਿ ਘਰ-ਘਰ ਸਰਵੇਖਣ ਕਰਨਾ, ਮ੍ਰਿਤਕ, ਸ਼ਿਫਟ



ਕੀਤੇ ਗਏ, ਜਾਂ ਡੁਪਲੀਕੇਟ ਵੋਟਰਾਂ ਦੀ ਪਛਾਣ ਕਰਨਾ, ਅਤੇ ਰਾਜਨੀਤਿਕ ਪਾਰਟੀ ਦੇ ਨੁਮਾਇੰਦਿਆਂ ਨਾਲ ਤਾਲਮੇਲ ਕਰਨਾ ਆਦਿ ਬਾਰੇ ਦੱਸਿਆ। ਸਿਖਲਾਈ ਦੇ ਦੌਰਾਨ ਵੋਟਰ ਜਾਣਕਾਰੀ ਨੂੰ ਸ਼ਾਮਲ ਕਰਨ, ਮਿਟਾਉਣ ਅਤੇ ਸੁਧਾਰ ਲਈ ਵੱਖ-ਵੱਖ ਫਾਰਮਾਂ ਨੂੰ ਸਮਝਣਾ ਅਤੇ ਵਰਤਣਾ ਬਾਰੇ ਦੱਸਿਆ। ਇਸ ਸਿਖਲਾਈ ਪ੍ਰੋਗਰਾਮ ਦੌਰਾਨ ਪੁਰਾਣੇ ਅਤੇ ਨਵ-ਨਿਯੁਕਤ ਬੀ.ਐਲ. ਜ਼. ਨੂੰ ਟਰੇਨਿੰਗ ਮੁਹੱਈਆ ਕਰਵਾਈ। ਪੁਰਾਣੇ ਬੀ.ਐਲ. ਜ਼. ਦੀ ਕਾਰਗੁਜਾਰੀ ਨੂੰ ਹੋਰ ਬਿਹਤਰ ਕਰਨ ਦੇ ਮੰਤਵ ਨਾਲ ਅਤੇ ਨਵੇ ਨਿਯੁਕਤ ਬੀ.ਐਲ. ਜ਼. ਨੂੰ ਉਨ੍ਹਾਂ ਵੱਲੋਂ ਨਿਭਾਈ ਜਾਣ ਵਾਲੀ ਡਿਊਟੀ ਪ੍ਰਤੀ ਜਾਗੂਰਕ ਕੀਤਾ ਗਿਆ। ਇਸ ਟ੍ਰੇਨਿੰਗ ਦੌਰਾਨ ਸੁਪਰਵਾਈਜ਼ਰ ਨੀਤਿਨ ਖੇਤੀਬਾੜੀ ਅਫਸਰ ਸੜੋਆ, ਹਰਪ੍ਰੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ, ਦਵਿੰਦਰ ਸਿੰਘ, ਭੂਮੀ ਰੱਖਿਆ ਅਫਸਰ, ਸੁਰਿੰਦਰ ਪਾਲ ਸਿੰਘ, ਖੇਤੀਬਾੜੀ ਵਿਸਥਾਰ ਅਫਸਰ, ਵਰਿੰਦਰ ਪਾਲ, ਖੇਤੀਬਾੜੀ ਵਿਸਥਾਰ ਅਫਸਰ, ਰਾਜਿੰਦਰ ਪਾਲ, ਖੇਤੀਬਾੜੀ ਵਿਸਥਾਰ ਅਫਸਰ, ਮਨਿੰਦਰ ਸਿੰਘ ਆਦਿ ਸਮੇਤ ਉਪ ਮੰਡਲ ਮੈਜਿਸਟਰੇਟ, ਬਲਾਚੌਰ ਦਾ ਇਲੈਕਸ਼ਨ ਸਟਾਫ ਵੀ ਮੌਜੂਦ ਸੀ।

# ਪਾਕਿਸਤਾਨ 'ਚ ਤਖ਼ਤਾਪਲਟ ਦੀ ਸੰਭਾਵਨਾ, ਜਾ ਸਕਦੀ ਹੈ ਰਾਸ਼ਟਰਪਤੀ ਜ਼ਰਦਾਰੀ ਦੀ ਕੁਰਸੀ

**ਨਵੀਂ ਦਿੱਲੀ-** ਪਾਕਿਸਤਾਨ ਦੀ ਰਾਜਨੀਤੀ ਵਿੱਚ ਇੱਕ ਵਾਰ ਫਿਰ ਹਲਚਲ ਮਚ ਗਈ ਹੈ। ਦੇਸ਼ ਦੀ ਫੌਜ ਅਤੇ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਹੈ ਕਿ ਫੀਲਡ ਮਾਰਸ਼ਲ ਅਸੀਮ ਮੁਨੀਰ ਇੱਕ ਵੱਡਾ ਖੇਡ ਖੇਡਣ ਦੀ ਤਿਆਰੀ ਕਰ ਰਹੇ ਹਨ। ਅਟਕਲਾਂ ਜ਼ੋਰਾਂ 'ਤੇ ਹਨ ਕਿ ਫੀਲਡ ਮਾਰਸ਼ਲ ਅਸੀਮ ਮੁਨੀਰ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਨੂੰ ਹਟਾ ਕੇ ਸੱਤਾ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਸਕਦੇ ਹਨ ਪਰ ਕੀ ਪਾਕਿਸਤਾਨ ਇੱਕ ਹੋਰ ਫੌਜੀ ਤਖਤਾਪਲਟ ਦੀ ਕਗਾਰ 'ਤੇ ਹੈ।

ਪਿਛਲੇ ਕੁਝ ਹਫ਼ਤਿਆਂ ਵਿੱਚ ਅਜਿਹੀਆਂ ਬਹੁਤ ਸਾਰੀਆਂ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਨੇ ਇਨ੍ਹਾਂ ਅਫਵਾਹਾਂ ਨੂੰ ਹਵਾ ਦਿੱਤੀ ਹੈ। ਦੇਸ਼ ਦੇ ਮਾਹੌਲ ਵਿੱਚ ਤਣਾਅ ਅਤੇ ਰਾਜਨੀਤਿਕ ਬਿਆਨਬਾਜ਼ੀ ਨੇ ਇਨ੍ਹਾਂ ਚਰਚਾਵਾਂ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਰਾਜਨੀਤਿਕ ਤੂਫਾਨ ਦੀ ਸੱਚਾਈ ਕੀ ਹੈ, ਕੀ ਭਾਰਤ ਦਾ ਗੁਆਂਢੀ ਦੇਸ਼ ਇੱਕ ਵਾਰ ਫਿਰ ਸੱਤਾ ਦੇ ਨਵੇਂ ਯੁੱਗ ਵਿੱਚ ਕਦਮ ਰੱਖਣ ਜਾ ਰਿਹਾ ਹੈ। ਪਾਕਿਸਤਾਨੀ ਸਰਕਾਰ ਨੇ ਮਈ ਵਿੱਚ ਇੱਕ ਹੈਰਾਨ ਕਰਨ ਵਾਲਾ ਫੈਸਲਾ ਲਿਆ। ਜਨਰਲ ਅਸੀਮ ਮੁਨੀਰ ਨੂੰ ਫੀਲਡ ਮਾਰਸ਼ਲ ਦਾ ਦਰਜਾ ਦਿੱਤਾ ਗਿਆ ਸੀ। ਪਾਕਿ-ਸਤਾਨ ਦੇ ਇਤਿਹਾਸ ਵਿੱਚ ਇਹ ਦੂਜੀ ਵਾਰ ਹੈ, ਜਦੋਂ ਕਿਸੇ ਫੌਜੀ ਅਧਿਕਾਰੀ ਨੂੰ ਇਹ ਦਰਜਾ ਮਿਲਿਆ ਹੈ। ਇਸ ਤੋਂ ਪਹਿਲਾਂ, ਜਨਰਲ ਅਯੂਬ ਖਾਨ ਨੇ 1959 ਵਿੱਚ ਆਪਣੇ ਆਪ ਨੂੰ ਫੀਲਡ ਮਾਰਸ਼ਲ ਬਣਾਇਆ ਸੀ। ਉਸ ਸਮੇਂ ਪਾਕਿਸਤਾਨ ਦਾ ਰਾਜ ਫੌਜ ਦੇ ਹੱਥਾਂ ਵਿੱਚ ਸੀ। ਮੁਨੀਰ ਦੀ ਤਰੱਕੀ 'ਤੇ ਸਵਾਲ ਉਠਾਏ ਗਏ ਸਨ। ਇਹ ਐਲਾਨ ਭਾਰਤ ਦੇ 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਆਇਆ ਸੀ। ਜੂਨ ਵਿੱਚ ਜਨਰਲ ਮੁਨੀਰ ਨੇ ਅਮਰੀਕਾ ਦਾ ਦੌਰਾ ਕੀਤਾ ਅਤੇ ਉੱਥੇ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਮੁਲਾਕਾਤ ਕੀਤੀ। ਇਹ ਮੁਲਾਕਾਤ ਆਪਣੇ ਆਪ ਵਿੱਚ ਵੱਖਰਾ ਸੀ ਕਿਉਂਕਿ ਪਹਿਲੀ ਵਾਰ ਕਿਸੇ ਪਾਕਿਸਤਾਨੀ ਅਧਿਕਾਰੀ ਨੂੰ ਵ੍ਹਾਈਟ ਹਾਊਸ ਵਿੱਚ ਸੱਦਾ ਦਿੱਤਾ ਗਿਆ ਸੀ।

# ਦੇਸ਼ ਭਗਤ ਯਾਦਗਾਰ ਹਾਲ ਦੇ ਮਿਊਜ਼ੀਅਮ ਨੂੰ ਖਿੱਚ ਭਰਪੂਰ ਬਣਾਉਣ ਲਈ ਹੋਈਆਂ ਵਿਚਾਰਾਂ

**ਜਲੰਧਰ-** ਦੇਸ਼ ਭਗਤ ਯਾਦਗਾਰ ਦੀ ਮਿਊਜ਼ੀਅਮ ਕਮੇਟੀ ਦੀ ਮੀਟਿੰਗ 'ਚ ਮਿਊਜ਼ੀਅਮ ਨੂੰ ਇਤਿਹਾਸਕ ਪੱਖੋਂ ਹੋਰ ਵੀ ਅਮੀਰ ਅਤੇ ਕਲਾਤਮਕ ਪੱਖੋਂ ਖਿੱਚ ਭਰਪੂਰ ਬਣਾਉਣ ਲਈ ਭਵਿੱਖ਼ ਵਿੱਚ ਠੋਸ ਕਦਮ ਚੁੱਕਣ ਸਬੰਧੀ ਗੰਭੀਰ ਵਿਚਾਰਾਂ ਹੋਈਆਂ। ਇਤਿਹਾਸ ਦੀ ਸਿਲਸਿਲੇਵਾਰ ਜਾਣਕਾਰੀ ਨੂੰ ਤਸਵੀਰਾਂ, ਦਸਤਾਵੇਜ਼ਾਂ, ਇਤਿਹਾਸਕ ਵਸਤਾਂ ਅਤੇ ਹੋਰ ਦੁਰਲੱਭ ਸਾਂਭਣਯੋਗ ਨਿਸ਼ਾਨੀਆਂ ਨਾਲ ਮਿਊਜ਼ੀਅਮ ਨੂੰ ਭਰਪੂਰ ਬਣਾਉਣ ਲਈ ਦੇਸ਼ ਬਦੇਸ਼ ਵਸਦੇ ਆਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਇਨਕਲਾਬੀ ਲਹਿਰਾਂ ਦੇ ਅਣਗੌਲੇ ਸ਼ਾਨਾਮੱਤੇ ਇਤਿਹਾਸ ਨੂੰ ਅਜੋਕੀ ਅਤੇ ਭਵਿੱਖ਼ ਦੀ ਪੀੜ੍ਹੀ ਦੇ ਸਨਮੁੱਖ ਕਰਨ ਲਈ ਵਿਸ਼ੇਸ਼ ਉੱਦਮ ਜੁਟਾਏ ਜਾਣਗੇ। ਮਿਊਜ਼ੀਅਮ ਦੇ ਦੋ ਮਹੱਤਵਪੂਰਣ ਭਾਗ ਗੀਤ-ਸੰਗੀਤ ਅਤੇ ਥੀਏਟਰ ਦੀਆਂ ਲੋੜਾਂ ਦੀ ਪੂਰਤੀ ਲਈ ਲੋੜੀਂਦੇ ਸਾਜ਼ੋ-ਸਾਮਾਨ ਦੀ ਪੂਰਤੀ ਕਰਨਾ ਅਤੇ ਫਿਲਮਾਂ, ਸੰਗੀਤ, ਮੇਲਾ ਗ਼ਦਰੀ ਬਾਬਿਆਂ ਦਾ, ਦੇਸ਼ ਭਗਤ ਯਾਦਗਾਰ ਹਾਲ ਦੇ ਕੰਪਲੈਕਸ ਦੇ ਅੰਦਰ ਅਤੇ ਬਾਹਰ ਇਸ ਨਾਲ ਜੁੜਵੀਆਂ ਸਰਗਰਮੀਆਂ ਨੂੰ ਵੈੱਬ ਸਾਈਟ, ਯੂ-ਟਿਊਬ, ਫੇਸਬੁੱਕ 'ਤੇ ਪਾਉਣ ਅਤੇ ਲੋਕਾਂ ਵਿੱਚ ਲਿਜਾਣ ਲਈ ਮਿਊਜ਼ੀਅਮ ਕਮੇਟੀ ਨੇ ਆਪਣੇ ਵਿਚੋਂ ਕੁੱਝ ਮੈਂਬਰਾਂ ਨੂੰ ਉਚੇਚੇ ਤੌਰ 'ਤੇ ਇਹ ਕਾਰਜ਼ ਲਈ ਵਿਸ਼ੇਸ਼ ਧਿਆਨ ਦੇਣ ਸਬੰਧੀ ਫੈਸਲੇ ਲਏ। ਜ਼ਿਕਰਯੋਗ ਹੈ ਕਿ ਇਹ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਤ ਕੀਤੇ ਜਾ ਰਹੇ ਗ਼ਦਰੀ ਬਾਬਿਆਂ ਦੇ ਮੇਲੇ ਦੀ ਤਿਆਰੀ ਦੀ ਲੜੀ ਵਜੋਂ ਮਿਊਜ਼ੀਅਮ ਦੀ ਨੁਹਾਰ ਹੋਰ ਵੀ ਦਿਲਕਸ਼ ਬਣਾਉਣ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ। ਅੱਜ ਦੀ ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਕਮੇਟੀ ਮੈਂਬਰ ਹਰਵਿੰਦਰ ਭੰਡਾਲ, ਵਿਜੈ ਬੰਬੇਲੀ, ਡਾ. ਸੈਲੇਸ਼ ਵੀ ਹਾਜ਼ਰ ਸਨ।

# ਬਾਬੂ ਕਾਂਸ਼ੀ ਰਾਮ ਸਮਾਜ ਭਲਾਈ ਸੰਸਥਾ ਰਜਿ: ਨੇ ਹੋਣਹਾਰ ਬੱਚੀਆਂ ਨੂੰ ਸਨਮਾਨਿਤ ਕੀਤਾ





**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਬਹੁਜਨ ਸਮਾਜ ਪਾਰਟੀ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਮ ਤੇ ਸਮਾਜ ਸੇਵਾ ਦੇ ਕੰਮ ਕਰਨ ਵਾਸਤੇ ਬਣਾਈ ਬਾਬੂ ਕਾਂਸ਼ੀ ਰਾਮ ਸਮਾਜ ਭਲਾਈ ਸੰਸਥਾ ਵਲੋਂ ਪੜ੍ਹਾਈ ਵਿੱਚ ਵੱਡੀਆਂ ਮੱਲਾਂ ਮਾਰਨ ਤੇ ਸਮਾਜ ਦੀਆਂ ਦੋ ਹੋਣਹਾਰ ਬੱਚੀਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਨਿੱਕੂ ਰਾਮ ਜਨਾਗਲ, ਚੇਅਰਮੈਨ ਮਨਜੀਤ ਰਾਜੂ, ਕੈਸ਼ੀਅਰ ਸੰਦੀਪ ਸਿੰਘ ਕਲੇਰ, ਜਨਰਲ ਸਕੱਤਰ ਦੇਸ ਰਾਜ ਨੌਰਦ, ਸਹਿਯੋਗੀ ਸਾਥੀ ਤਰਸੇਮ ਲੱਧੜ ਕੈਨੇਡਾ, ਸਰਪੰਚ ਡਾਕਟਰ ਸੱਤਪਾਲ ਸਿੰਘ ਜੱਸੀ ਤੇ ਧਰਮਪਾਲ ਬਾਲੀ ਵਲੋਂ ਹੋਣਹਾਰ ਬੱਚੀਆਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵਿਦਿਆਰਥੀ ਗਗਨਦੀਪ ਕੌਰ ਪੁੱਤਰੀ ਪ੍ਰਗਟ ਸਿੰਘ 2024-2025 1+2 ਵਿੱਚੋਂ 95% ਪਾਸ ਵਿਸ਼ਾ ਕਾਮਰਸ ਨੂੰ ਇੱਕ ਲੈਪਟੌਪ ਤੇ 11,000 ਰੁਪਏ ਨਗਦ ਇਨਾਮ, ਦੂਸਰੀ ਲੜਕੀ ਤਮੰਨਾ+2 ਆਰਟਸ ਨੂੰ 11,000 ਨਗਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਪ੍ਰਧਾਨ ਨਿੱਕੂ ਰਾਮ ਜਨਾਗਲ ਨੇ ਬੱਚੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਇਹ ਬੱਚੀਆਂ ਨੂੰ ਸਨਮਾਨਿਤ ਕਰਨ ਦਾ ਮਤਲਬ ਇਹ ਹੈ ਕਿ ਅੱਗੇ ਤੋਂ ਹੋਰ ਸਖ਼ਤ ਮਿਹਨਤ ਕਰਕੇ ਆਪਣਾ ਮਾਂ ਬਾਪ ਤੇ ਸਮਾਜ ਦਾ ਨਾਮ ਸੁਨਹਿਰੀ ਅੱਖਰਾਂ ਵਿੱਚ ਦਰਜ ਕਰਵਾਉਣ। ਇਹਨਾਂ ਦੀ ਸਖ਼ਤ ਮਿਹਨਤ ਤੇ ਬੁਲੰਦੀਆਂ ਤੇ ਪਹੁੰਚਣਾ ਹੀ ਸਾਡੀ ਤੇ ਇਹਨਾਂ ਮਾਂ ਬਾਪ ਦੀ ਖੁਸ਼ੀ ਹੋਵੇਗੀ।

*****

## ਅਰਜਨ ਸਿੰਘ ਗੜਗੱਜ ਫਾਊਂਡੇਸ਼ਨ ਦੇ ਜਨਰਲ ਸਕੱਤਰ ਗੁਰਮੀਤ ਸ਼ੁਗਲੀ ਦਾ ਪਿਛਲੇ ਦਿਨਾਂ ਵਿੱਚ ਦੇਹਾਂਤ



ਨਵਾਂ ਜ਼ਮਾਨਾ ਅਖਬਾਰ ਨੂੰ ਚਲਾਉਣ ਵਾਲੀ ਸੰਸਥਾ ਅਰਜਨ ਸਿੰਘ ਗੜਗੱਜ ਫਾਉਂਡੇਸ਼ਨ ਦੇ ਜਨਰਲ ਸਕੱਤਰ ਗੁਰਮੀਤ ਸ਼ੁਗਲੀ ਦਾ ਪਿਛਲੇ ਦਿਨਾਂ ਵਿੱਚ ਦੇਹਾਂਤ ਹੋਣ ਤੋਂ ਬਾਅਦ 'ਜ਼ਿੰਦਗੀ ਦੇ ਜਸ਼ਨ' ਉਨ੍ਹਾਂ ਦੇ ਪਿੰਡ ਮੰਡ ਨੇੜੇ ਕਰਤਾਰਪੁਰ ਵਿਖੇ ਹੋਇਆ। ਉਨ੍ਹਾਂ ਦੇ ਪ੍ਰਵਾਰ ਅਤੇ ਪੁੱਤਰ ਰਜਿੰਦਰ ਮੰਡ ਐਡਵੋਕੇਟ ਜੋ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਨੇ ਦੇਸ਼ ਭਗਤ ਯਾਦਗਾਰ ਹਾਲ ਵਿਖੇ ਆ ਕੇ ਉਨ੍ਹਾਂ ਦੀ ਯਾਦ ਵਿੱਚ 10000 ਰੁਪਏ ਕਮੇਟੀ ਨੂੰ ਦਿੱਤੇ। ਦੇਸ਼ ਭਗਤ ਯਾਦਗਾਰ ਸੰਸਥਾ ਨੂੰ ਪੈਸੇ ਦੇਣ ਬਾਬਤ ਸ਼ੁਗਲੀ ਜਿਉਂਦਾ ਜੀ ਕਹਿ ਗਿਆ ਸੀ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਖਜ਼ਾਨਚੀ ਇੰਜੀਨੀਅਰ ਸੀਤਲ ਸਿੰਘ ਸੰਘਾ ਨੇ 5000 ਰੁਪਏ ਖੁਸ਼ੀ ਵਿੱਚ ਕਮੇਟੀ ਨੂੰ ਦਿੱਤੇ। ਰਜਿੰਦਰ ਮੰਡ ਤੋਂ ਪੈਸੇ ਲੈਣ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ, ਚਾਰੰਜੀ ਲਾਲ ਕੰਗਣੀਵਾਲ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਤੇ ਰਣਜੀਤ ਸਿੰਘ ਔਲਖ ਹਾਜ਼ਰ ਸਨ। ਨਵਾਂ ਜ਼ਮਾਨਾ ਦੇ ਸੀਨੀਅਰ ਪੱਤਰਕਾਰ ਰਜੇਸ਼ ਥਾਪਾ ਵੀ ਮੌਜੂਦ ਸਨ। ਕਮੇਟੀ ਧੰਨਵਾਦੀ ਹੈ।

**ਪਿਰਥੀਪਾਲ ਸਿੰਘ ਮਾੜੀਮੇਘਾ 9876078731**


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਕਬਾਬ ਦੀ ਦੁਕਾਨ ’ਤੇ ਕੰਮ ਕਰਦਾ ਪ੍ਰਵਾਸੀ ਬੇਰਹਿਮੀ ਨਾਲ ਕੁੱਟਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਇੱਕ ਪ੍ਰਵਾਸੀ ਕਾਮਾ ਜੋ ਕਿ ਕਬਾਬ ਦੁਕਾਨ ’ਤੇ ਕੰਮ ਕਰਦਾ ਸੀ, ਦੇ ਤਨਖਾਹ ਵਿਵਾਦ ਨੂੰ ਲੈ ਕੇ ਕਥਿਤ ਤੌਰ ’ਤੇ ਲੰਬੇ ਸਮੇਂ ਤੱਕ ਕੁੱਟਿਆ ਗਿਆ, ਜਿਸ ਤੋਂ ਬਾਅਦ ਉਹ ਭੱਜ ਕੇ ਇੱਕ ਝਾੜੀ ਵਿੱਚ ਲੁਕ ਗਿਆ। ਪੁਲਿਸ ਨੇ ਇਸ ਦੋਸ਼ ਵਿਚ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੀੜਤ ਸਤਨਾਮ ਸਿੰਘ (27) ਨੂੰ ਹਮਲੇ ਤੋਂ ਬਾਅਦ ਔਕਲੈਂਡ ਸਿਟੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਜਿੱਥੇ ਸਰਜਰੀ ਤੋਂ ਬਾਅਦ ਉਹ ਕੁਝ ਠੀਕ ਹੋ ਰਿਹਾ ਹੈ। ਪੀੜਤ ਸਤਨਾਮ ਸਿੰਘ ਡਾਕੂ ਕਬਾਬ ਕੋਲ 2023 ਤੋਂ ਮਾਨਤਾ ਪ੍ਰਾਪਤ ਵੀਜ਼ੇ ਉਤੇ ਕੰਮ ਕਰ ਰਿਹਾ ਸੀ। ਉਸ ਰਾਤ ਉਸਦੀ ਸ਼ਿਫਟ ਰਾਤ 7 ਤੋਂ 2 ਵਜੇ ਤੱਕ ਸੀ। ਮਾਲਕਾਂ ਨੇ ਉਸਨੂੰ ਕਿਹਾ ਕਿ ਪਿੱਛੇ ਆ ਗੱਲ ਕਰਨੀ ਆ। ਸੋਮਵਾਰ ਅੱਧੀ ਰਾਤ 12।30 ਵਜੇ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ ਇੱਕ 26 ਸਾਲਾ ਵਿਅਕਤੀ ’ਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਜ਼ਖਮੀ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਵੇਟੇਮਾਟਾ ਕ੍ਰਾਈਮ ਸਕੁਐਡ ਨੇ ਤਲਾਸ਼ੀ ਵਾਰੰਟ ਲਾਗੂ ਕੀਤੇ ਅਤੇ ਗ੍ਰਿਫ਼ਤਾਰੀ ਕੀਤੀ।” ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨੂੰ ਅਗਲੇ ਹਫ਼ਤੇ 8 ਜੁਲਾਈ ਨੂੰ ਵਾਇਟਾਕਰੀ ਜ਼ਿਲ੍ਹਾ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਹੈ।

ਮਾਈਗ੍ਰੇਂਟ ਵਰਕਰਜ਼ ਐਸੋਸੀਏਸ਼ਨ ਦੀ ਪ੍ਰਧਾਨ ਸ੍ਰੀਮਤੀ ਅਨੂ ਕਲੋਟੀ ਨੇ ਹੈਰਾਲਡ ਨੂੰ ਦੱਸਿਆ ਕਿ ਉਹ ਅਤੇ ਉਨ੍ਹਾਂ ਦੀ ਟੀਮ ਸਤਨਾਮ ਸਿੰਘ ਦਾ



ਸਮਰਥਨ ਕਰ ਰਹੀ ਹੈ, ਕਿਹਾ ਕਿ ਉਸਨੂੰ ਕਥਿਤ ਤੌਰ ’ਤੇ 10 ਹਫ਼ਤਿਆਂ ਤੋਂ ਤਨਖਾਹ ਨਹੀਂ ਮਿਲੀ ਸੀ। ਕਈ ਵਿਅਕਤੀਆਂ ਦੇ ਸਮੂਹ ਦੁਆਰਾ ਕਥਿਤ ਤੌਰ ’ਤੇ ਉਸਨੂੰ ਕੁੱਟਿਆ ਗਿਆ। ਕੁੱਟਣ ਵੇਲੇ ਵੇਲਣੇ ਅਤੇ ਕਬਾਬ ਸੀਖ ਦੀ ਵਰਤੋਂ ਕੀਤੀ ਗਈ।

ਮਾਈਗ੍ਰੇਂਟ ਰਾਈਟਸ ਨੈੱਟਵਰਕ ਦੇ ਸ. ਸ਼ੇਰ ਸਿੰਘ ਨੇ ਦੱਸਿਆ ਕਿ ਉਹ ਪਿਛਲੇ ਦੋ ਦਿਨਾਂ ਤੋਂ ਪੀੜਤ ਨੂੰ ਹਸਪਤਾਲ ਮਿਲ ਕੇ ਆਏ ਹਨ। ਪੀੜਤ ਸਤਨਾਮ ਸਿੰਘ ਦੀ ਲੱਤ ਵਿੱਚ ਤਿੰਨ ਫਰੈਕਚਰ ਹੋਏ ਹਨ, ਉਸਦੀ ਛਾਤੀ ਅਤੇ ਚਿਹਰੇ ’ਤੇ ਬਹੁਤ ਸੱਟਾਂ ਹਨ, ਉਸਦੀ ਸੱਜੀ ਅੱਖ ਦੇ ਹੇਠਾਂ ਇੱਕ ਕੱਟ ਹੈ, ਅਤੇ ਉਸਦੀ ਇੱਕ ਉਂਗਲ ਦਾ ਆਪਰੇਸ਼ਨ ਹੋਣ ਦੀ ਸੰਭਾਵਨਾ ਹੈ। ਇਹ ਦਰਦਨਾਕ ਘਟਨਾ ਲਗਭਗ ਤਿੰਨ ਘੰਟੇ ਚੱਲੀ ਜਿਸ ਤੋਂ ਬਾਅਦ ਪੀੜਤ ਬਚ ਨਿਕਲਿਆ ਅਤੇ ਨੇੜੇ ਦੀਆਂ ਝਾੜੀਆਂ ਵਿੱਚ ਲੁਕ ਗਿਆ। ਸ਼ੇਰ ਸਿੰਘ ਨੇ ਦੱਸਿਆ ਕਿ ਇੱਕ ਸਫਾਈ ਕਰਮੀ ਨੇ ਉਸਨੂੰ 2.30 ਵਜੇ ਸੜਕ ’ਤੇ ਡਿਗਿਆ ਵੇਖਿਆ। ਫਿਰ 3 ਵਜੇ ਹਸਪਤਾਲ ਪਹੁੰਚਾਇਆ ਗਿਆ ਅਤੇ ਪੁਲਿਸ ਇਸ ਕੇਸ ਵਿਚ ਸ਼ਾਮਿਲ ਹੋਈ। ਸਤਨਾਮ ਸਿੰਘ ਪੰਜਾਬ ਤੋਂ ਆਉਣ ਤੋਂ ਬਾਅਦ ਦੋ ਸਾਲਾਂ ਤੋਂ ਨਿਊਜ਼ੀਲੈਂਡ ਵਿੱਚ ਸੀ। ਉਸਨੂੰ ਆਪਣੀਆਂ ਸੱਟਾਂ ਤੋਂ ਠੀਕ ਹੋਣ ਵਿੱਚ ਕੁਝ ਮਹੀਨੇ ਲੱਗਣਗੇ। ਸਰੀਰਕ ਤੌਰ ’ਤੇ ਇਹ ਲੰਬੀ ਰਿਕਵਰੀ ਹੋਵੇਗੀ। ਉਹ ਬਿਸਤਰ ’ਤੇ ਪਿਆ ਹੈ, ਅਤੇ ਉਸਦੀ ਇੱਕ ਲੱਤ ਉੱਪਰ ਤੋਂ ਹੇਠਾਂ ਤੱਕ ਟੁੱਟ ਗਈ ਹੈ।

ਰੋਸ ਮੁਜ਼ਾਹਰਾ 5 ਜੁਲਾਈ ਨੂੰ: ਪੀੜਤ ਸਤਨਾਮ ਸਿੰਘ ਦੇ ਹੱਕ ਵਿਚ ਮਾਈਗ੍ਰਾਂਟ ਵਰਕਰ ਐਸੋਸੀਏਸ਼ਨ ਵੱਲੋਂ 5 ਜੁਲਾਈ ਨੂੰ ਦੁਪਹਿਰ 12 ਵਜੇ 346 ਗ੍ਰੇਟ ਸਾਊਥ ਰੋਡ ਹੇਂਡਰਸਨ ਵਿਖੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ।

# ਓਵਰਸੀਜ਼ ਕੀਵੀਜ਼: ਵਿਆਜ ਤੇ ਜੁਰਮਾਨਿਆਂ ਨੇ ਕੱਢਤਾ ਕਚੂੰਮਰ, ਘਰ ਵਾਪਸੀ ’ਤੇ ਲੱਗਿਆ ਬਾਰਡਰ ਦਾ ਡਰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਵਿਦੇਸ਼ਾਂ ਵਿੱਚ ਵੱਸਦੇ ਕੀਵੀਜ਼ ਵਿਦਿਆਰਥੀ ਕਰਜ਼ਿਆਂ ਦੇ ਭਾਰੀ ਵਿਆਜ ਅਤੇ ਜੁਰਮਾਨਿਆਂ ਨਾਲ ਜੂਝ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਵਾਪਸ ਘਰ ਆਉਣ ਤੋਂ ਝਿਜਕ ਮਹਿਸੂਸ ਹੋ ਰਹੀ ਹੈ। ਟੈਕਸ ਵਿਭਾਗ ਦੇ ਇੱਕ ਸਾਬਕਾ ਪ੍ਰਤੀਨਿਧ ਵਿਦਿਆਰਥੀ ਕਰਜ਼ਾ ਪ੍ਰਣਾਲੀ ਵਿੱਚ ਬਦਲਾਅ ਦੀ ਮੰਗ ਕਰ ਰਿਹਾ ਹੈ ਤਾਂ ਜੋ ਵਿਦੇਸ਼ਾਂ ਵਿੱਚ ਰਹਿ ਰਹੇ ਕੀਵੀਜ਼ ਨੂੰ ਘਰ ਵਾਪਸ ਆਉਣ ਤੋਂ ਨਾ ਰੋਕਿਆ ਜਾਵੇ ਕਿਉਂਕਿ ਉਨ੍ਹਾਂ ਨੂੰ ਸਰਹੱਦ ’ਤੇ ਗ੍ਰਿਫਤਾਰ ਕੀਤੇ ਜਾਣ ਦਾ ਡਰ ਹੈ। ਅਪ੍ਰੈਲ ਵਿੱਚ, ਵਿਦੇਸ਼ੀ ਕਰਜ਼ਾ ਧਾਰਕਾਂ ਲਈ ਵਿਆਜ ਦਰ 3।9% ਤੋਂ ਵਧਾ ਕੇ 4।9% ਕਰ ਦਿੱਤੀਆਂ ਗਈ ਸੀ ਅਤੇ ਸਾਰੇ ਕਰਜ਼ਾ ਲੈਣ ਵਾਲਿਆਂ ਲਈ ਦੇਰ ਨਾਲ ਭੁਗਤਾਨ ਵਿਆਜ ਦਰ 8।9% ਕਰ ਦਿੱਤੀ ਗਈ ਸੀ।

ਟੈਕਸ ਬੈਰਿਸਟਰ ਡੇਵ ਅਨੰਤ ਨੇ ਕਿਹਾ ਕਿ ਇਹ ਲੋਕਾਂ ਨੂੰ ਨਿਊਜ਼ੀਲੈਂਡ ਵਾਪਸ ਆਉਣ ਤੋਂ ਰੋਕ ਰਿਹਾ ਹੈ, ਅਜਿਹੇ ਸਮੇਂ ਵਿੱਚ ਜਦੋਂ ਸਾਨੂੰ ਹੁਨਰਮੰਦ ਲੋਕਾਂ ਨੂੰ ਘਰ ਵਾਪਸ ਆਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇੱਕ ਪਾਇਲਟ ਜੋ 10 ਸਾਲਾਂ ਤੋਂ ਵੱਧ ਸਮੇਂ ਤੋਂ ਆਸਟਰੇਲੀਆ ਵਿੱਚ ਰਹਿ ਰਿਹਾ ਹੈ, ਦਾ ਕੁੱਲ ਕਰਜ਼ਾ ਵਿਆਜ ਸਮੇਤ ਹੁਣ 170,000 ਹੋ ਗਿਆ ਹੈ। 2014 ਵਿੱਚ ਆਪਣੀ ਸਿਖਲਾਈ ਪੂਰੀ ਕਰਨ ਤੋਂ ਬਾਅਦ, ਉਸਨੂੰ ਨਿਊਜ਼ੀਲੈਂਡ ਦੇ ਵਿੱਚ ਕੰਮ ਲੱਭਣ ਵਿੱਚ ਮੁਸ਼ਕਲ ਹੋਈ, ਇਸਲਈ ਉਹ ਆਸਟਰੇਲੀਆ ਚਲਾ ਗਿਆ, ਜਿੱਥੇ ਉਸਨੇ ਛੇ ਸਾਲਾਂ ਤੱਕ ਇੱਕ ਕਮਰਸ਼ੀਅਲ ਪਾਇਲਟ ਵਜੋਂ ਕੰਮ ਕੀਤਾ। ਜਦੋਂ ਕੋਵਿਡ-19 ਮਹਾਂਮਾਰੀ ਆਈ ਅਤੇ ਵਿਦੇਸ਼ੀ ਯਾਤਰਾ ਪੂਰੀ ਤਰ੍ਹਾਂ ਬੰਦ ਹੋ ਗਈ, ਤਾਂ ਉਸਨੂੰ ਇੱਕ ਸਟੋਰੇਜ ਵੇਅਰਹਾਊਸ ਵਿੱਚ ਘੱਟ ਤਨਖਾਹ ਵਾਲੀ ਨੌਕਰੀ ਕਰਨੀ ਪਈ, ਜਿਸਦਾ ਮਤਲਬ ਸੀ ਕਿ ਉਸਨੂੰ




ਆਪਣੇ ਕਰਜ਼ੇ ਦੀਆਂ ਅਦਾਇਗੀਆਂ ਪੂਰੀਆਂ ਕਰਨ ਵਿੱਚ ਮੁਸ਼ਕਲ ਆਈ। ਪਾਇਲਟ ਨੇ ਫਿਰ ਇੱਕ ਖੇਤਰੀ ਕੈਰੀਅਰ ਲਈ ਉਡਾਣ ਦੁਬਾਰਾ ਸ਼ੁਰੂ ਕਰ ਦਿੱਤੀ ਹੈ, ਪਰ ਇੱਕ ਅਨਿਸ਼ਚਿਤ ਨੌਕਰੀ ਬਾਜ਼ਾਰ ਵਿਚ ਕੀ ਉਹ ਕਦੇ ਆਪਣਾ ਕਰਜ਼ਾ ਚੁਕਾ ਪਾਵੇਗਾ, ਇਸ ਬਾਰੇ ਚਿੰਤਤ ਹੈ।

ਮੈਂ ਬੱਸ ਹਤਾਸ਼ ਹੋ ਗਈ: ਇੱਕ ਔਰਤ ਨਾਲ ਵੀ ਗੱਲ ਕੀਤੀ ਗਈ ਜੋ ਆਪਣੀ ਬਿਮਾਰ ਮਾਂ ਨੂੰ ਮਿਲਣ ਘਰ ਨਹੀਂ ਆ ਸਕੀ ਕਿਉਂਕਿ ਉਹ ਡਰੀ ਹੋਈ ਸੀ ਕਿ ਉਸਨੂੰ ਸਰਹੱਦ ’ਤੇ ਗ੍ਰਿਫਤਾਰ ਕਰ ਲਿਆ ਜਾਵੇਗਾ। ਜਦੋਂ ਉਹ 20 ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਗਈ ਸੀ, ਤਾਂ ਉਸਦਾ ਵਿਦਿਆਰਥੀ ਕਰਜ਼ਾ ਲਗਭਗ 15,000 ਡਾਲਰ ਸੀ। ਉਹ ਵਧ ਕੇ 70,000 ਡਾਲਰ ਦੇ ਕਰੀਬ ਹੋ ਗਿਆ ਸੀ। ਜਦੋਂ ਉਨ੍ਹਾਂ ਨੇ ਮੈਨੂੰ ਦੱਸਿਆ ਕਿ “ਮੈਨੂੰ ਕਿੰਨੀਆਂ ਪੈਨਲਟੀ ਫੀਸਾਂ ਪਈਆਂ ਹਨ ਅਤੇ ਇਹ 10 ਸਾਲ ਪਹਿਲਾਂ ਦੀ ਗੱਲ ਹੈ ਜਦੋਂ ਮੈਨੂੰ ਪਹਿਲੀ ਵਾਰ ਪੈਨਲਟੀ ਫੀਸਾਂ ਬਾਰੇ ਪਤਾ ਲੱਗਾ ਸੀ ਅਤੇ ਇਹ ਮੇਰੇ ਸ਼ੁਰੂਆਤੀ ਵਿਦਿਆਰਥੀ ਕਰਜ਼ੇ ਅਤੇ ਵਿਆਜ ਦੇ ਜੋੜ ਤੋਂ ਵੱਧ ਸੀ, ਮੈਂ ਬੱਸ ਹਤਾਸ਼ ਹੋ ਗਈ। ਉਸਨੂੰ ‘ਟੈਕਸ ਵਿਭਾਗ ਤੋਂ ਕਾਨੂੰਨੀ ਕਾਰਵਾਈ ਦੀ ਧਮਕੀ ਦਿੰਦੀਆਂ ਈਮੇਲਾਂ ਪ੍ਰਾਪਤ ਹੋਈਆਂ ਜੇਕਰ ਉਸਨੇ ਭੁਗਤਾਨ ਨਹੀਂ ਕੀਤਾ, ਪਰ ਉਸਨੇ ਕਿਹਾ ਕਿ ਉਹ ਇਸਦਾ ਖਰਚਾ ਨਹੀਂ ਚੁੱਕ ਸਕਦੀ ਸੀ। ਇਹ ਸੱਚ ਹੈ ਕਿ ਕਿਸੇ ਸਮੇਂ, ਤੁਸੀਂ ਆਪਣੀਆਂ ਜੜ੍ਹਾਂ ਵਿੱਚ ਵਾਪਸ ਜਾਣਾ ਅਤੇ ਪਰਿਵਾਰ ਅਤੇ ਦੋਸਤਾਂ ਨੂੰ ਮਿਲਣਾ ਚਾਹੋਗੇ। ਮੈਂ ਬੱਸ ਆਪਣੇ ਆਪ ਲਈ ਇਹ ਖਰਾਬ ਕਰ ਲਿਆ। ਬੱਸ ਆਪਣੇ ਆਪ ਨੂੰ ਇਸ ਸਥਿਤੀ ਵਿੱਚ ਨਾ ਪਾ ਜਿਵੇਂ ਸਾਡੇ ਵਿੱਚੋਂ ਬਹੁਤ ਸਾਰੇ ਹਨ ਜਿੱਥੇ ਤੁਸੀਂ ਘਰ ਵੀ ਨਹੀਂ ਜਾ ਸਕਦੇ ਅਤੇ ਪਰਿਵਾਰ ਨੂੰ ਨਹੀਂ ਮਿਲ ਸਕਦੇ ਜਦੋਂ ਉਹ ਬਿਮਾਰ ਹੁੰਦੇ ਹਨ। ਮੈਂ ਡਰੀ ਹੋਈ ਸੀ ਕਿ ਮੇਰੀ ਮਾਂ ਨੂੰ ਕੁਝ ਹੋ ਜਾਵੇਗਾ ਅਤੇ ਉਹ ਇਸ ਦੁਨੀਆ ਤੋਂ ਚਲੀ ਜਾਵੇਗੀ ਅਤੇ ਮੈਂ ਉੱਥੇ ਵੀ ਨਹੀਂ ਜਾ ਸਕਾਂਗੀ। ਸਾਬਕਾ ਪ੍ਰੌਸੀਕਿਊਟਰ ਡੇਵ ਅਨੰਤ ਤੋਂ ਕਾਨੂੰਨੀ ਮਦਦ ਲੈਣ ਤੋਂ ਬਾਅਦ, ਟੈਕਸ ਵਿਭਾਗ ਨੇ ਪੈਨਲਟੀ ਫੀਸਾਂ ਨੂੰ ਮਾਫ਼ ਕਰਨ ਲਈ ਸਹਿਮਤੀ ਦਿੱਤੀ, ਇਸ ਲਈ ਹੁਣ ਉਸਨੂੰ ਸਿਰਫ ਅਸਲ 15,000 ਡਾਲਰ ਦਾ ਕਰਜ਼ਾ ਅਤੇ ਵਿਆਜ ਅਦਾ ਕਰਨਾ ਪਏਗਾ।

80,000 ਵਿਦੇਸ਼-ਆਧਾਰਿਤ ਕੀਵੀਜ਼ ਜਿਨ੍ਹਾਂ ਦੇ ਭੁਗਤਾਨ ਬਕਾਇਆ ਹਨ: ਮਾਰਚ ਤੱਕ ਦੇ ਸਾਲ ਵਿੱਚ, ਲਗਭਗ 80,000 ਵਿਦੇਸ਼ੀ-ਆਧਾਰਿਤ ਵਿਦਿਆਰਥੀ ਕਰਜ਼ਾ ਲੈਣ ਵਾਲੇ ਸਨ ਜਿਨ੍ਹਾਂ ਦੀਆਂ ਅਦਾਇਗੀਆਂ ਬਕਾਇਆ ਸਨ – ਇਹ ਪਿਛਲੇ ਸਾਲ ਦੇ ਮੁਕਾਬਲੇ 10% ਦਾ ਵਾਧਾ ਹੈ। ਕੁੱਲ ਮਿਲਾ ਕੇ ਉਨ੍ਹਾਂ ਦਾ 2।3 ਬਿਲੀਅਨ ਡਾਲਰ ਬਕਾਇਆ ਸੀ।

ਸਰਹੱਦੀ ਗ੍ਰਿਫਤਾਰੀਆਂ ਇੱਕ ਆਖਰੀ ਉਪਾਅ – 9:4: ਇਨਲੈਂਡ ਰੈਵੇਨਿਊ ਨੇ ਕਿਹਾ ਕਿ ਇਸ ਸਾਲ 23 ਜਨਵਰੀ ਤੋਂ 7 ਫਰਵਰੀ ਦੇ ਵਿਚਕਾਰ ਉਨ੍ਹਾਂ ਨੇ 3502 ਕਰਜ਼ਾ ਲੈਣ ਵਾਲਿਆਂ ਨੂੰ ਈਮੇਲ ਕੀਤੀ ਸੀ ਜਿਨ੍ਹਾਂ ਦੀਆਂ ਅਦਾਇਗੀਆਂ ਬਕਾਇਆ ਸਨ, ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਅਤੇ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਵਿੱਚ ਨਿਊਜ਼ੀਲੈਂਡ ਦੀ ਸਰਹੱਦ ’ਤੇ ਗ੍ਰਿਫਤਾਰ ਕੀਤਾ ਜਾਣਾ ਵੀ ਸ਼ਾਮਲ ਹੋ ਸਕਦਾ ਹੈ। ਪਰ ਇਸਨੇ ਕਿਹਾ ਕਿ ਸਰਹੱਦੀ ਗ੍ਰਿਫਤਾਰੀਆਂ ਇੱਕ ਆਖਰੀ ਉਪਾਅ ਸਨ, ਅਤੇ ਇਹ ਕਾਨੂੰਨੀ ਕਾਰਵਾਈ ਕਰਨ ਤੋਂ ਪਹਿਲਾਂ ਵਰਤੋਂ ਵਿਚ ਆਵੇਗਾ। ਪਿਛਲੇ ਸਾਲ ਇੱਕ ਡਿਫਾਲਟ ਕਰਜ਼ਦਾਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਸੀਂ ਹਮੇਸ਼ਾ ਵਿਦਿਆਰਥੀ ਕਰਜ਼ਾ ਲੈਣ ਵਾਲਿਆਂ ਨੂੰ ਸਿੱਧੇ ਸਾਡੇ ਨਾਲ ਸੰਪਰਕ ਕਰਨ ਲਈ ਉਤਸ਼ਾਹਿਤ ਕਰਦੇ ਹਾਂ ਤਾਂ ਜੋ ਉਹਨਾਂ ਦੀ ਸਥਿਤੀ ਬਾਰੇ ਚਰਚਾ ਕੀਤੀ ਜਾ ਸਕੇ।

# ਨਿਊਜ਼ੀਲੈਂਡ ਦੀਆਂ ਜੇਲ੍ਹਾਂ ਵਿਚ ਭਾਰਤੀ 87 ਪੁਰਸ਼ ਅਤੇ 5 ਮਹਿਲਾਵਾਂ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਅਪਰਾਧ ਚਾਹੇ ਛੋਟਾ ਹੋਵੇ ਜਾਂ ਬੜਾ ਦੋਸ਼ੀ ਵਿਅਕਤੀ ਅਪਰਾਧੀ ਦੀ ਸ਼੍ਰੇਣੀ ਵਿਚ ਆ ਜਾਂਦਾ ਹੈ ਅਤੇ ਇਹ ਅਪਰਾਧ ਉਸਦੇ ਜੀਵਨ ਚਰਿੱਤਰ ਦੇ ਕੋਰੇ ਵਰਕੇ ਉਤੇ ਕਾਲੇ ਅੱਖਰਾਂ ਵਿਚ ਵੀ ਉਕਰਿਆ ਜਾਂਦਾ ਹੈ।

ਜ਼ੇਲ੍ਹ ਵਿਭਾਗ ਦੇ ਨਾਲ ‘ਆਫੀਸ਼ੀਅਲ ਇਨਫਰਮੇਸ਼ਨ ਐਕਟ 1982’ ਦੇ ਤਹਿਤ ਰਾਬਤਾ ਕਾਇਮ ਕਰਕੇ ਕੁਝ ਤੱਕ ਇਕੱਤਰ ਕੀਤੇ ਗਏ ਹਨ ਜੋ ਕਿ ਭਾਰਤੀ ਮੂਲ ਦੇ ਲੋਕਾਂ ਦਾ ਚੰਗੇ ਸ਼ਹਿਰੀ ਹੋਣ ਵਾਲਾ ਚਮਕਦਾ ਪਾਸਾ ਧੁੰਦਲਾ ਵੀ ਕਰਦੇ ਹਨ। 31 ਮਈ 2025 ਤੱਕ ਨਿਊਜ਼ੀਲੈਂਡ ਦੀਆਂ ਜੇਲ੍ਹਾਂ ਵਿੱਚ 92 ਅਜਿਹੇ ਲੋਕ ਹਨ ਜਿਨ੍ਹਾਂ ਦੀ ਮੂਲ ਪਛਾਣ ਭਾਰਤੀ ਦਰਜ ਕੀਤੀ ਗਈ ਹੈ, ਜਦੋਂ ਕਿ 55 ਲੋਕ ਫਿਜ਼ੀਅਨ ਭਾਰਤੀ ਮੂਲ ਨਾਲ ਸਬੰਧਤ ਹਨ। ਇਨ੍ਹਾਂ ਵਿੱਚੋਂ 10 ਭਾਰਤੀ ਮੂਲ ਦੇ ਲੋਕ ਉਮਰ ਭਰਦੀ ਸਜ਼ਾ ਭੋਗ ਰਹੇ ਅਤੇ ਹੈ ਅਤੇ 11 ਫੀਜ਼ੀਅਨ ਭਾਰਤੀ ਉਮਰ ਭਰ ਦੀ ਸਜ਼ਾ ਭੋਗ ਰਹੇ ਹਨ।

ਇਹ ਦੱਸਣਾ ਮਹੱਤਵਪੂਰਨ ਹੈ ਕਿ ਜੇਲ੍ਹਾਂ ਵਿੱਚ ਦਾਖਲ ਹੋਣ ਵੇਲੇ ਲੋਕਾਂ ਲਈ ਆਪਣੀ ਨਾਗਰਿਕਤਾ ਜਾਂ ਨਸਲੀ ਪਛਾਣ ਦੱਸਣੀ ਲਾਜ਼ਮੀ ਨਹੀਂ ਹੁੰਦੀ, ਪਰ ਉਨ੍ਹਾਂ ਨੂੰ ਇਹ ਜਾਣਕਾਰੀ ਦੇਣ ਦਾ ਮੌਕਾ ਦਿੱਤਾ ਜਾਂਦਾ ਹੈ। ਸੁਧਾਰ ਵਿਭਾਗ ਦੇ ਕਰਮਚਾਰੀਆਂ ਨੂੰ ਜਦੋਂ ਕਿਸੇ ਵਿਅਕਤੀ ਦੀ ਨਾਗਰਿਕਤਾ ਜਾਂ ਕੌਮੀਅਤ ਬਾਰੇ ਪਤਾ ਲੱਗਦਾ ਹੈ, ਤਾਂ ਇਹ ਜਾਣਕਾਰੀ ਰਿਕਾਰਡ ਕੀਤੀ ਜਾਂਦੀ ਹੈ ਪਰ ਇਸਦੀ ਤਸਦੀਕ ਨਹੀਂ ਕੀਤੀ ਜਾਂਦੀ।

ਉਮਰ ਅਤੇ ਲਿੰਗ ਅਨੁਸਾਰ ਵੇਰਵੇ: ਪੁਰਸ਼ਾਂ ਦੇ ਵਿਚ ਉਮਰ 20-24 ਸਾਲ ਵਾਲੇ 5, 25-29 ਸਾਲ ਵਾਲੇ 14, 30-39 ਸਾਲ ਵਾਲੇ 36 (ਜਿਨ੍ਹਾਂ ਵਿੱਚੋਂ 6 ਭਾਰਤੀ ਨਾਗਰਿਕ ਹਨ), 40-49 ਸਾਲ ਵਾਲੇ

ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਵਿਚ ਉਮਰ ਕੈਦ ਵਾਲੇ ਭਾਰਤੀ

| | Indian ethnicity (Indian citizenship) | Fijian Indian ethnicity |
|---|---|---|
| Life Imprisonment | 10 (2) | 10 |
| Preventive Detention | - | 1 |

ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਵਿਚ ਉਮਰ ਵਰਗ ਦੇ ਹਿਸਾਬ ਨਾਲ ਭਾਰਤੀ

| | Indian ethnicity (Indian citizenship) | Fijian Indian ethnicity |
|---|---|---|
| Under 20 | - | - |
| 20 – 24 | 5 | 3 |
| 25 – 29 | 14 | 8 |
| 30 – 39 | 36 (6) | 17 |
| 40 – 49 | 18 (3) | 17 |
| 50 – 59 | 15 (1) | 7 |
| 60 and over | 4 | 3 |

ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਵਿਚ ਅਪਰਾਧਿਕ ਸ਼੍ਰੇਣੀ ਦੇ ਹਿਸਾਬ ਨਾਲ ਭਾਰਤੀ

| | Indian ethnicity (Indian citizenship) | Fijian Indian ethnicity |
|---|---|---|
| Sexual | 37 (6) | 9 |
| Violence | 28 (4) | 24 |
| Drugs | 9 | 3 |
| Dishonesty | 6 | 5 |
| Burglary | 3 | 7 |
| Weapons | 2 | 1 |
| Breaches | 1 | - |
| Property | 1 | - |
| Traffic | 1 | 3 |
| Other | 4 | 3 |

ਨਿਊਜ਼ੀਲੈਂਡ ਦੀਆਂ ਜ਼ੇਲ੍ਹਾਂ ਵਿਚ ਕੁੱਲ ਭਾਰਤੀ ਤੇ ਫੀਜ਼ੀ ਭਾਰਤੀ

| | Indian ethnicity (Indian citizenship) | Fijian Indian ethnicity |
|---|---|---|
| Male | 87 (10) | 55 |
| Female | 5 | - |

18 (ਜਿਨ੍ਹਾਂ ਵਿੱਚੋਂ 3 ਭਾਰਤੀ ਨਾਗਰਿਕ ਹਨ), 50-59 ਸਾਲ ਦੇ 15 (ਜਿਨ੍ਹਾਂ ਵਿੱਚੋਂ 1 ਭਾਰਤੀ ਨਾਗਰਿਕ ਹੈ), 60 ਅਤੇ ਵੱਧ ਵਾਲੇ 4 ਵਿਅਕਤੀ ਜ਼ੇਲ੍ਹਾਂ ਵਿਚ ਹਨ। ਫੀਜ਼ੀਅਨ ਮੂਲ ਦੇ 20-24 ਸਾਲ ਦੇ: 3, 25-29 ਸਾਲ ਦੇ 8, 30-39 ਸਾਲ 17, 40-49 ਸਾਲ ਦੇ 17, 50-59 ਸਾਲ 7 ਅਤੇ 60 ਅਤੇ ਵੱਧ ਵਾਲੇ 3 ਹਨ। ਭਾਰਤੀ ਮੂਲ ਦੀਆਂ 5 ਔਰਤਾਂ ਨਿਊਜ਼ੀਲੈਂਡ ਦੀਆਂ ਜੇਲ੍ਹਾਂ ਵਿੱਚ ਬੰਦ ਹਨ, ਜਦੋਂ ਕਿ ਫਿਜੀਅਨ ਭਾਰਤੀ ਮੂਲ ਦੀ ਕੋਈ ਔਰਤ ਦਰਜ ਨਹੀਂ ਕੀਤੀ ਗਈ।

**ਅਪਰਾਧ ਦੀਆਂ ਕਿਸਮਾਂ:**

ਜਿਨਸੀ ਅਪਰਾਧ ਵਿਚ 37 ਭਾਰਤੀ, ਹਿੰਸਾ ਦੇ ਵਿਚ 28, ਨਸ਼ਿਆਂ ਵਿਚ 9, ਬੇਈਮਾਨੀ ਦੇ ਵਿਚ 6, ਚੋਰੀ ਦੇ ਵਿਚ 3, ਗੈਰ ਕਾਨੂੰਨੀ ਹਥਿਆਰ ਰੱਖਣ ਵਿਚ 2, ਨਿਯਮਾਂ ਦੀ ਉਲੰਘਣਾ 1, ਜਾਇਦਾਦ 1, ਟਰੈਫਿਕ 1 ਅਤੇ ਹੋਰ ਅਪਰਾਧਾਂ ਦੇ ਵਿਚ 4 ਲੋਕ ਸ਼ਾਮਿਲ ਹਨ।

ਇਸੇ ਤਰ੍ਹਾਂ ਫੀਜ਼ੀ ਇੰਡੀਅਨ ਵੀ ਜਿਨਸੀ ਅਪਰਾਧ ਵਿਚ 9, ਹਿੰਸਾ ਦੇ ਵਿਚ 24, ਨਸ਼ਿਆਂ ਵਿਚ 3, ਬੇਈਮਾਨੀ ਦੇ ਵਿਚ 5, ਚੋਰੀ ਦੇ ਵਿਚ 7, ਹਥਿਆਰ ਰੱਖਣ ਵਿਚ 1, ਨਿਯਮਾਂ ਦੀ ਉਲੰਘਣਾ 0, ਜਾਇਦਾਦ 0, ਟਰੈਫਿਕ 3 ਅਤੇ ਹੋਰ ਅਪਰਾਧਾਂ ਦੇ ਵਿਚ 3 ਲੋਕ ਸ਼ਾਮਿਲ ਹਨ।

**ਸਿੰਘ ਅਤੇ ਕੌਰ ਸਰਨੇਮ ਵਾਲੇ ਕੈਦੀ**

ਭਾਰਤੀ ਮੂਲ ਦੇ 31 ਲੋਕਾਂ ਦਾ ਸਰਨੇਮ ਸਿੰਘ ਜਾਂ ਕੌਰ ਦੇ ਅਧੀਨ ਆਉਂਦਾ ਹੈ। ਹੈ। ਵਿਅਕਤੀਗਤ ਗੋਪਨੀਯਤਾ ਦੀ ਸੁਰੱਖਿਆ ਲਈ ਇਨ੍ਹਾਂ ਦੇ ਸਹੀ ਅੰਕੜੇ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਇਹ ਅੰਕੜੇ ਨਿਊਜ਼ੀਲੈਂਡ ਦੀਆਂ ਜੇਲ੍ਹਾਂ ਵਿੱਚ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਦੀ ਇੱਕ ਝਲਕ ਪੇਸ਼ ਕਰਦੇ ਹਨ।

**ਪਹਿਲੀ ਜੇਲ੍ਹ ਸਜ਼ਾ:**

ਸੁਧਾਰ ਵਿਭਾਗ ਅਨੁਸਾਰ, ਨਿਊਜ਼ੀਲੈਂਡ ਵਿੱਚ ਭਾਰਤੀ ਨਾਗਰਿਕ ਵਜੋਂ ਪਛਾਣੇ ਗਏ ਵਿਅਕਤੀ ਦੀ ਸਭ ਤੋਂ ਪਹਿਲੀ ਜੇਲ੍ਹ ਸਜ਼ਾ ਦਾ ਰਿਕਾਰਡ ਸਤੰਬਰ 1972 ਵਿੱਚ ਦਰਜ ਕੀਤਾ ਗਿਆ ਸੀ। ਹਾਲਾਂਕਿ, ਇਹ ਸਭ ਤੋਂ ਪੁਰਾਣਾ ਇਲੈਕਟਰਾਨਿਕ ਰਿਕਾਰਡ ਹੋ ਸਕਦਾ ਹੈ।

# ਗਾਇਕ ਸੱਤੀ ਪਾਬਲਾ ਅਤੇ ਗਾਇਕਾ ਫ਼ਲਕ ਇਜ਼ਾਜ ਦਾ ਗੀਤ ‘ਪੰਜਾਬੀ ਸਾਡੀ ਬੋਲੀ’ ਰਿਲੀਜ਼ ਹੋਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਗਾਖਲ ਗਰੁੱਪ ਪ੍ਰੋਡਕਸ਼ਨ ਅਮਰੀਕਾ ਦੀ ਪੇਸ਼ਕਸ਼, ਪ੍ਰਸਿੱਧ ਲੇਖਕ ਸ੍ਰੀ ਅਸ਼ੋਕ ਭੌਰਾ (ਅਮਰੀਕਾ) ਅਤੇ ਮਸ਼ਹੂਰ ਸ਼ਾਇਰ ਅਫ਼ਜਲ ਸਾਹਿਰ ਦੀ ਇਕ ਹੋਰ ਸੁੰਦਰ ਲਿਖਤ ‘ਪੰਜਾਬੀ ਸਾਡੀ ਬੋਲੀ’ ਨੂੰ ਸੰਗੀਤਕ ਸੁਰਾਂ ਦੇ ਸੰਗ ਟੀਪੂ ਹੈਦਰ ਵੱਲੋਂ ਸਰੋਤਿਆਂ ਦੀ ਝੋਲੀ ਪਾਇਆ ਗਿਆ ਹੈ। ਇਹ ਗੀਤ ਅਮਰੀਕਾ ਰਹਿੰਦਿਆਂ ਕਿਰਤ ਦੇ ਨਾਲ-ਨਾਲ ਗਾਇਕੀ ਦਾ ਸ਼ੌਕ ਪਾਲ ਰਹੇ ਗਾਇਕ ਸੱਤੀ ਪਾਬਲਾ (ਅਰਜਨ ਵੈਲੀ ਗੀਤ ਵਾਲੇ ਗਾਇਕ ਭੁਪਿੰਦਰ ਬੱਬਲ ਦੇ ਭਰਾ) ਅਤੇ ਪ੍ਰਸਿੱਧ ਗਾਇਕਾ ਫ਼ਲਕ ਇਜ਼ਾਜ ਵੱਲੋਂ ਪੇਸ਼ ਕੀਤਾ ਗਿਆ ਹੈ। ਦਿਲ ਟੁੰਬਵੇਂ ਸੰਗੀਤ ਨਾਲ ਸ਼ਿੰਗਾਰੇ ਇਸ ਗੀਤ ਦੇ ਚੰਦ ਛੰਦਾਂ ਦੇ ਵਿਚ ਜਿੱਥੇ ਪੰਜਾਬੀ ਮਾਂ ਬੋਲੀ ਦਾ ਇਤਿਹਾਸਕ ਸਫ਼ਰ ਦਾ ਵਰਨਣ ਕਰ ਦਿੱਤਾ ਗਿਆ ਹੈ, ਉਥੇ ਅੱਜ ਦੇ ਯੁੱਗ ਵਿਚ ਪੰਜਾਬੀਆਂ ਦੀ ਉਚ ਮੰਜ਼ਿਲਾਂ ਦੀ ਝਾਤ ਪਵਾ ਦਿੱਤੀ ਗਈ ਹੈ। ਗੀਤ ਦੇ ਹਰ ਅੰਤਰੇ ਵਿਚ ਪੰਜਾਬੀ ਨੂੰ ਪਿਆਰ ਕਰਨ ਵਾਲਿਆਂ ਲਈ ਸੁਨੇਹਾ ਅਤੇ ਸਾਕਾਰਤਕ ਰਹਿਣ ਦਾ ਹੋਕਾ ਦਿੱਤਾ ਗਿਆ ਹੈ। ਪੂਰਾ ਗੀਤ ਸੁਣਿਆ ਸਭ ਸਰੋਤਿਆਂ ਦੇ ਮੂੰਹੋਂ ਇਹੀ ਨਿਕਲੇਗਾ ਕਿ ‘ਪੰਜਾਬੀਆਂ ਦੀ ਬੱਲੇ-ਬੱਲੇ’। ਪੂਰਾ ਗੀਤ ਸੁਣਨ ਲਈ




ਯੂ-ਟਿਊਬ ਲਿੰਕ ਉਤੇ ਕਲਿੱਕ ਕਰੋ। ਇਸ ਸੁੰਦਰ ਗੀਤ ਨੂੰ ਨਵੰਬਰ ਮਹੀਨੇ ਨਿਊਜ਼ੀਲੈਂਡ ਦੇ ਵਿਚ ਮਨਾਏ ਜਾ ਰਹੇ ‘ਛੇਵੇਂ ਪੰਜਾਬੀ ਭਾਸ਼ਾ ਹਫਤੇ (03 ਨਵੰਬਰ 09 ਨਵੰਬਰ)’ ਮੌਕੇ ਸਮਾਗਮਾਂ ਦੇ ਵਿਚ ਖੂਬ ਸੁਣਾਇਆ ਜਾਵੇਗਾ ਤਾਂ ਕਿ ਕੁੱਲ ਦੁਨੀਆ ਦੇ ਵਿਚ ਪੰਜਾਬੀ ਭਾਸ਼ਾ ਦੇ ਝੰਡੇ ਨੂੰ ਹੋਰ ਉਚੱਾ ਚੁੱਕ ਸਕੀਏ। ਇਹ ਗੀਤ ਪ੍ਰਸਿੱਧ ਸਮਾਜ ਸੇਵੀ ਸ. ਹਰਦੇਵ ਸਿੰਘ ਕਾਹਮਾ ਨੂੰ ਸਮਰਪਣ ਕੀਤਾ ਗਿਆ ਹੈ। ਪ੍ਰੋਡਿਊਸਰ ਅਮੋਲਕ ਸਿੰਘ ਗਾਖਲ ਸਭਿਆਚਾਰਕ ਗੀਤਾਂ ਦੇ ਹੁਣ ਜੌਹਰੀ ਬਣ ਗਏ ਲਗਦੇ ਹਨ। ਪੰਜਾਬੀ ਦਾ ਝੰਡਾ ਚੁੱਕਣ ਵਾਲੇ ਸਵ. ਨੰਦ ਲਾਲ ਨੂਰਪੁਰੀ, ਗੀਤਕਾਰ ਬਾਬੂ ਸਿੰਘ ਮਾਨ, ਵਰਲਡ ਬੈਂਕ ਦੇ ਚੇਅਰਮੈਨ ਸ. ਅਜੈ ਸਿੰਘ ਬੰਗਾ, ਗਾਇਕ ਮਲਕੀਤ ਸਿੰਘ ਗੋਲਡਨ ਸਟਾਰ, ਵਿਦੇਸ਼ਾਂ ਵਿਚ ਸੜਕਾਂ ਦੇ ਪੰਜਾਬੀ ਵਿਚ ਨਾਂਅ ਅਤੇ ਪੰਜਾਬੀ ਮਾਂ ਬੋਲੀ ਦੇ ਪ੍ਰਸਾਰ ਦੇ ਵਿਚ ਪਏ ਯੋਗਦਾਨ ਦੀਆਂ ਕੁਝ ਝਲਕਾਂ ਵਿਚ ਗੀਤ ਵਿਚ ਦਿਖਾਈਆਂ ਗਈਆਂ ਹਨ।

ਇਸ ਸੁੰਦਰ ਗੀਤ ਦੇ ਲਈ ਸਮੁੱਚੀ ਟੀਮ ਨੂੰ ਨਿਊਜ਼ੀਲੈਂਡ ਪੰਜਾਬੀ ਮੀਡੀਆ ਕਰਮੀਆਂ ਵੱਲੋਂ ਸ੍ਰੀ ਅਸ਼ੋਕ ਭੌਰਾ, ਸ਼ਾਇਰ ਅਫ਼ਜਲ ਸਾਹਿਰ, ਗਾਇਕ ਸੱਤੀ ਪਾਬਲਾ ਅਤੇ ਗਾਇਕਾ ਫ਼ਲਕ ਇਜਾਜ ਨੂੰ ਢੇਰ ਸਾਰੀਆਂ ਮੁਬਾਰਕਾਂ ਅਤੇ ਧੰਨਵਾਦ ਕਰਦੇ ਹਾਂ। ਆਸ ਹੈ ਤੁਸੀਂ ਵੀ ਇਸ ਗੀਤ ਨੂੰ ਜ਼ਰੂਰ ਸੁਣੋਗੇ।

# 2027 ਚੋਣਾਂ ਤੱਕ ਬਦਲ ਜਾਏਗਾ ਪੰਜਾਬ ਦਾ ਰਾਜਨੀਤਿਕ ਦ੍ਰਿਸ਼

## ਪੰਜਾਬ ਦੀ ਅੱਜ ਦੀ ਦੁਰਦਸ਼ਾ ਅਤੇ ਭਵਿੱਖ ਦਾ ਰਸਤਾ: ਕਿਸਾਨ ਅੰਦੋਲਨ, ਸਤਲੁਜ-ਯਮੁਨਾ ਨਹਿਰ, ਲੈਂਡ ਪੂਲਿੰਗ ਅਤੇ ਸਮਾਜਿਕ-ਰਾਜਨੀਤਕ ਸਥਿਤੀ

ਕੀ ਪੰਜਾਬ ਦਾ ਰਾਜਨੀਤਿਕ ਦ੍ਰਿਸ਼ 2017 ਦੀਆਂ ਚੋਣਾਂ ਤੱਕ ਬਿਲਕੁਲ ਬਦਲ ਜਾਏਗਾ? ਅੱਜ ਜਿਸ ਤਰਾਂ ਰਾਜਨੀਤਿਕ ਹਲਚਲ ਤੇ ਰਾਜਨੀਤਿਕ ਪਾਰਟੀਆਂ ਵਿੱਚ ਟੁੱਟ ਫੁੱਟ ਚੱਲ ਰਹੀ ਹੈ ਉਸ ਤੋਂ ਲੱਗਦਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਤੌਰ ਤਰੀਕਾ ਬਦਲ ਜਾਏਗਾ ਅਤੇ ਰਾਜਨੀਤਿਕ ਦ੍ਰਿਸ਼ ਵੀ। ਇਹ ਬਦਲਿਆ ਹੋਇਆ ਦ੍ਰਿਸ਼ ਪੰਜਾਬ ਦਾ ਬਿਲਕੁਲ ਨਵਾਂ ਰੂਪ ਹੋਵੇਗਾ ਕਿਉਂਕਿ ਪਹਿਲੀ ਵਾਰ ਭਾਜਪਾ ਇਕੱਲੇ ਮੈਦਾਨ ਵਿੱਚ ਹੋਏਗੀ ਅਤੇ ਆਪ ਦਾ ਦੂਸਰਾ ਚਾਂਸ ਕਿਸ ਤਰ੍ਹਾਂ ਦਾ ਰਹਿੰਦਾ ਹੈ। ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਆਪਣੀ ਸਰਵਾਈਵਲ ਦੀ ਲੜਾਈ ਕਰ ਲੜ ਰਿਹਾ ਹੋਵੇਗਾ ਪਰੰਤੂ ਇਸਦੇ ਪਿੱਛੇ ਪੰਜਾਬ ਦਾ ਇੱਕ ਬਦਲਿਆ ਹੋਇਆ ਮਨੋਵਿਗਿਆਨਿਕ ਅਤੇ ਰਾਜਨੀਤਿਕ ਤੌਰ ਤੇ ਸਮਾਜਿਕ ਦ੍ਰਿਸ਼ ਦਾ ਉਹ ਪਹਿਲੂ ਵੀ ਹੈ ਜਿਸਦੀ ਸਮੀਖਿਆ ਕਰਨੀ ਬਣਦੀ ਹੈ ਕਿ ਉਹ ਕਿਹੜੇ ਕਾਰਨ ਹਨ ਜਿਹਨਾਂ ਕਰਕੇ ਹੁਣ ਰਾਜਨੀਤਿਕ ਸਮੀਕਰਨ ਬਦਲ ਜਾਣਗੇ ਅਤੇ ਪੰਜਾਬ ਦਾ ਰਾਜਨੀਤਿਕ ਨਕਸ਼ਾ 2027 ਦੀਆਂ ਚੋਣਾਂ ਬਾਅਦ ਬਿਲਕੁਲ ਵੱਖਰਾ ਹੋ ਜਾਵੇਗਾ।

ਅੱਜ ਪੰਜਾਬ, ਜਿਸ ਨੂੰ 'ਪੰਜ ਆਬ' ਦੀ ਧਰਤੀ ਕਿਹਾ ਜਾਂਦਾ ਹੈ, ਆਪਣੀ ਸੱਭਿਆਚਾਰਕ ਵਿਰਾਸਤ, ਖੇਤੀਬਾੜੀ ਦੀ ਸੰਘਣੀ ਸੰਪੰਨਤਾ ਅਤੇ ਜਜ਼ਬੇ ਨਾਲ ਭਰਪੂਰ ਇਤਿਹਾਸ ਲਈ ਜਾਣਿਆ ਜਾਂਦਾ ਹੈ ਪਰ ਅੱਜ, ਪੰਜਾਬ ਇਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ ਜਿੱਥੇ ਇਸ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਥਿਤੀ ਕਈ ਗੰਭੀਰ ਮੁੱਦਿਆਂ ਦੇ ਘੇਰੇ ਵਿੱਚ ਹੈ।

ਹੁਣ ਕਿਸਾਨ ਜਥੇਬੰਦੀਆਂ ਦੇ ਵਿਰੋਧ, ਸਤਲੁਜ-ਯਮੁਨਾ ਲਿੰਕ ਨਹਿਰ ਦਾ ਮੁੱਦਾ, ਲੈਂਡ ਪੂਲਿੰਗ ਨੀਤੀ, ਰੋਡਵੇਜ਼ ਦੇ ਚੱਕਾ ਜਾਮ ਅਤੇ ਭਾਰਤ ਬੰਦ ਵਰਗੇ ਸੱਦੇ—ਇਹ ਸਾਰੇ ਮੁੱਦੇ ਪੰਜਾਬ ਦੀ ਅੱਜ ਦੀ ਦੁਰਦਸ਼ਾ ਨੂੰ ਦਰਸਾਉਂਦੇ ਹਨ। ਹੁਣ ਜਦੋਂ ਅਸੀਂ ਇਨ੍ਹਾਂ ਮੁੱਦਿਆਂ ਦੀ ਡੂੰਘਾਈ ਨਾਲ ਪੜਚੋਲ ਕਰਦੇ ਹੋਏ, ਪੰਜਾਬ ਦੇ ਬਦਲਦੇ ਮਨੋਵਿਗਿਆਨ, ਸਮਾਜਿਕ ਸਮਰੱਥਾ ਅਤੇ ਭਵਿੱਖ ਦੀ ਸੰਭਾਵਨਾ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਪੰਜਾਬ ਦੀ ਮੌਜੂਦਾ ਦੁਰਦਸ਼ਾ ਇਕ ਜਟਿਲ ਸਥਿਤੀ ਬਣੀ ਹੋਈ ਹੈ।

ਅੱਜ ਕਿਸਾਨ ਅੰਦੋਲਨ ਅਤੇ ਭਾਰਤ ਬੰਦ ਨੂੰ ਮਿਲਿਆ ਹੁੰਗਾਰਾ ਦੱਸਦਾ ਹੈ ਕਿ ਪੰਜਾਬ ਦੀ ਰੂਹ ਖੇਤੀਬਾੜੀ ਵਿੱਚ ਵਸਦੀ ਹੈ ਪਰ ਪਿਛਲੇ ਕੁਝ ਸਾਲਾਂ ਵਿੱਚ, ਕਿਸਾਨ ਅੰਦੋਲਨ ਪੰਜਾਬ ਦੀ ਸਿਆਸੀ ਅਤੇ ਸਮਾਜਿਕ ਸਰਗਰਮੀ ਦਾ ਕੇਂਦਰ ਬਣ ਗਏ ਹਨ।

2020-21 ਵਿੱਚ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੀਆਂ ਸਰਹੱਦਾਂ 'ਤੇ ਇਕ ਅਜਿਹਾ ਅੰਦੋਲਨ ਚਲਾਇਆ, ਜਿਸ ਨੇ ਨਾ ਸਿਰਫ ਪੰਜਾਬ, ਸਗੋਂ ਪੂਰੇ ਭਾਰਤ ਦਾ ਧਿਆਨ ਖਿੱਚਿਆ। ਇਸ ਅੰਦੋਲਨ ਦੀ ਸਫਲਤਾ ਨੇ ਕਿਸਾਨ ਜਥੇਬੰਦੀਆਂ ਨੂੰ ਇਕ ਸ਼ਕਤੀਸ਼ਾਲੀ ਰਾਜਨੀਤਕ ਸ਼ਕਤੀ ਵਜੋਂ ਸਥਾਪਿਤ ਕੀਤਾ। ਪਰ, ਇਸ ਦੇ ਨਾਲ ਹੀ, ਵਾਰ-ਵਾਰ ਚੱਕਾ ਜਾਮ, ਭਾਰਤ ਬੰਦ ਅਤੇ ਸੜਕੀ ਮੁਜ਼ਾਹਰਿਆਂ ਨੇ ਪੰਜਾਬ ਦੀ ਆਰਥਿਕ ਅਤੇ ਸਮਾਜਿਕ ਜ਼ਿੰਦਗੀ 'ਤੇ ਡੂੰਘਾ ਪ੍ਰਭਾਵ ਪਾਇਆ।

ਹਾਲੀਆ ਸਮੇਂ ਵਿੱਚ, 2025 ਵਿੱਚ ਵੀ ਕਿਸਾਨ ਜਥੇਬੰਦੀਆਂ ਨੇ ਵੱਖ-ਵੱਖ ਮੁੱਦਿਆਂ 'ਤੇ ਵਿਰੋਧ ਪ੍ਰਦਰਸ਼ਨ ਜਾਰੀ ਰੱਖੇ ਹਨ। ਇਨ੍ਹਾਂ ਵਿੱਚ ਲੈਂਡ ਪੂਲਿੰਗ ਨੀਤੀ ਅਤੇ ਸਤਲੁਜ-ਯਮੁਨਾ ਨਹਿਰ ਦਾ ਮੁੱਦਾ ਸਭ ਤੋਂ ਅਹਿਮ ਹਨ। ਇਹ ਵਿਰੋਧ ਸਿਰਫ਼ ਸਰਕਾਰੀ ਨੀਤੀਆਂ ਦੇ ਖ਼ਿਲਾਫ਼ ਨਹੀਂ, ਸਗੋਂ ਇਕ ਵਧਦੀ ਅਸਥਿਰਤਾ ਅਤੇ ਅਸੁਰੱਖਿਆ ਦੀ ਭਾਵਨਾ ਦਾ ਪ੍ਰਤੀਕ ਵੀ ਹਨ, ਜੋ ਕਿਸਾਨਾਂ ਅਤੇ ਪੰਜਾਬ ਦੇ ਆਮ ਲੋਕਾਂ ਵਿੱਚ ਪੈਦਾ ਹੋ ਰਹੀ ਹੈ।

### ਹੁਣ ਸਤਲੁਜ-ਯਮੁਨਾ ਲਿੰਕ ਨਹਿਰ ਤੇ ਪਾਣੀ ਦੀ ਸਿਆਸਤ

ਸਤਲੁਜ-ਯਮੁਨਾ ਲਿੰਕ (ਐਸ ਵਾਈ ਐਲ) ਨਹਿਰ ਦਾ ਮੁੱਦਾ ਪੰਜਾਬ ਦੀ ਸਿਆਸਤ ਦਾ ਇਕ ਅਜਿਹਾ ਜਖ਼ਮ ਹੈ, ਜੋ ਦਹਾਕਿਆਂ ਤੋਂ ਨਾਸੂਰ ਬਣਿਆ ਹੋਇਆ ਹੈ। ਪੰਜਾਬ ਅਤੇ ਹਰਿਆਣਾ ਵਿਚਕਾਰ ਪਾਣੀ ਦੀ ਵੰਡ ਨੂੰ ਲੈ ਕੇ ਵਿਵਾਦ ਨੇ ਨਾ ਸਿਰਫ ਰਾਜਨੀਤਕ, ਸਗੋਂ ਸਮਾਜਿਕ ਵੰਡ ਵੀ ਪੈਦਾ ਕੀਤੀ ਹੈ। ਇਹ ਸੱਚ ਹੈ ਕਿ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਘਟ ਰਿਹਾ ਹੈ, ਜਿਸ ਦਾ ਮੁੱਖ ਕਾਰਨ ਕਣਕ-ਝੋਨੇ ਦਾ ਰਵਾਇਤੀ ਫਸਲੀ ਚੱਕਰ ਅਤੇ ਮੁਫਤ ਬਿਜਲੀ ਦੀ ਸਹੂਲਤ ਹੈ। ਕੇਂਦਰੀ ਜਲ ਬੋਰਡ ਦੀਆਂ ਰਿਪੋਰਟਾਂ ਮੁਤਾਬਕ, ਪੰਜਾਬ ਦੇ 18 ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ 60-70 ਮੀਟਰ ਤੱਕ ਡਿੱਗ ਚੁੱਕਾ ਹੈ, ਜੋ ਇਕ ਗੰਭੀਰ ਸੰਕਟ ਦੀ ਚੇਤਾਵਨੀ ਹੈ।

ਨਹਿਰ ਦੇ ਮੁੱਦੇ 'ਤੇ ਪੰਜਾਬ ਦਾ ਸਟੈਂਡ ਸਪੱਸ਼ਟ ਹੈ। ਰਾਜ ਦੇ ਕੋਲ ਵਾਧੂ ਪਾਣੀ ਨਹੀਂ ਹੈ ਜੋ ਹਰਿਆਣਾ ਨੂੰ ਦਿੱਤਾ ਜਾ ਸਕੇ। ਪਰ, ਇਹ ਮੁੱਦਾ ਸਿਰਫ ਸਰਕਾਰੀ ਨੀਤੀਆਂ ਜਾਂ ਅਦਾਲਤੀ ਫੈਸਲਿਆਂ ਤੱਕ ਸੀਮਤ ਨਹੀਂ; ਇਸ ਨੇ ਪੰਜਾਬ ਦੇ ਲੋਕਾਂ ਦੇ ਮਨੋਵਿਗਿਆਨ ਵਿੱਚ ਇਕ ਅਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਹੈ। ਪੰਜਾਬ ਦੇ ਕਿਸਾਨ ਅਤੇ ਆਮ ਲੋਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸਰੋਤਾਂ 'ਤੇ ਬਾਹਰੀ ਦਬਾਅ ਵਧ ਰਿਹਾ ਹੈ, ਜੋ ਉਨ੍ਹਾਂ ਦੀ ਖੇਤੀ ਅਤੇ ਜੀਵਨ-ਜਾਚ ਨੂੰ ਖਤਰੇ ਵਿੱਚ ਪਾ ਰਿਹਾ ਹੈ।

ਇਧਰ ਲੈਂਡ ਪੂਲਿੰਗ ਨੀਤੀ ਨੂੰ ਜ਼ਮੀਨ ਅਤੇ ਪਛਾਣ ਦੀ ਲੜਾਈ ਕਿਹਾ ਗਿਆ ਹੈ। ਹਾਲੀਆ ਸਮੇਂ ਵਿੱਚ, ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੇ ਵੀ ਤੀਖੇ ਵਿਰੋਧ ਨੂੰ ਜਨਮ ਦਿੱਤਾ ਹੈ। ਇਸ ਨੀਤੀ ਦਾ ਮਕਸਦ ਸ਼ਹਿਰੀ ਵਿਕਾਸ ਅਤੇ ਉਦਯੋਗੀਕਰਨ ਨੂੰ ਉਤਸ਼ਾਹਿਤ ਕਰਨਾ ਹੈ, ਪਰ ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਪਾਰਟੀਆਂ ਨੇ ਇਸ ਨੂੰ 'ਕਿਸਾਨੀ ਅਤੇ ਪਿੰਡ ਵਿਰੋਧੀ' ਕਰਾਰ ਦਿੱਤਾ ਹੈ। ਪੰਜਾਬ ਦੇ ਕਿਸਾਨਾਂ ਦਾ ਮੰਨਣਾ ਹੈ ਕਿ ਇਹ ਨੀਤੀ ਉਨ੍ਹਾਂ ਦੀ ਜ਼ਮੀਨ, ਜੋ ਨਾ ਸਿਰਫ ਉਨ੍ਹਾਂ ਦੀ ਰੋਜ਼ੀ-ਰੋਟੀ ਸਗੋਂ ਪਛਾਣ ਦਾ ਵੀ ਪ੍ਰਤੀਕ ਹੈ, ਨੂੰ ਖੋਹਣ ਦੀ ਕੋਸ਼ਿਸ਼ ਹੈ।

ਅੱਜ ਸੋਸ਼ਲ ਮੀਡੀਆ ਤੇ ਇਸ ਨੀਤੀ ਦੇ ਵਿਰੁੱਧ ਤਿੱਖੀ ਆਲੋਚਨਾ ਕੀਤੀ ਹੈ, ਜਿਸ ਵਿੱਚ ਇਸ ਨੂੰ 'ਧੱਕੇਸ਼ਾਹੀ' ਅਤੇ 'ਜ਼ਮੀਨ ਦੀ ਲੁੱਟ' ਕਰਾਰ ਦਿੱਤਾ ਗਿਆ ਹੈ। ਇਹ ਵਿਰੋਧ ਸਿਰਫ਼ ਸਰਕਾਰੀ ਨੀਤੀਆਂ ਦੇ ਖ਼ਿਲਾਫ਼ ਨਹੀਂ, ਸਗੋਂ ਇਕ ਵਧਦੀ ਹੋਈ ਸਮਾਜਿਕ ਅਸਥਿਰਤਾ ਦਾ ਸੰਕੇਤ ਵੀ ਹੈ, ਜਿੱਥੇ ਕਿਸਾਨ ਅਤੇ ਪਿੰਡ ਦੇ ਲੋਕ ਆਪਣੇ ਹੱਕਾਂ ਅਤੇ ਪਛਾਣ ਦੀ ਰਾਖੀ ਲਈ ਸੰਘਰਸ਼ ਕਰ ਰਹੇ ਹਨ।

ਅੱਜ ਰੋਡਵੇਜ਼ ਦਾ ਚੱਕਾ ਜਾਮ ਅਤੇ ਸਮਾਜਿਕ ਪ੍ਰਭਾਵ ਲੋਕਾਂ ਨੂੰ ਇਹ ਵੀ ਲਗਦਾ ਹੈ ਕਿ ਰੋਡਵੇਜ਼ ਅਤੇ ਪੀਆਰਟੀਸੀ ਦੀਆਂ ਹੜਤਾਲਾਂ, ਜਿਵੇਂ ਕਿ 2025 ਵਿੱਚ ਦੇਖੀਆਂ ਗਈਆਂ, ਨੇ ਪੰਜਾਬ ਦੀ ਆਮ ਜਨਤਾ ਦੀ ਜ਼ਿੰਦਗੀ 'ਤੇ ਗੰਭੀਰ ਅਸਰ ਪਾਇਆ। ਇਹ ਹੜਤਾਲਾਂ, ਜੋ ਅਕਸਰ ਕਿਸਾਨ ਜਥੇਬੰਦੀਆਂ ਜਾਂ ਮਜ਼ਦੂਰ ਸੰਘਾਂ ਦੁਆਰਾ ਸਮਰਥਿਤ ਹੁੰਦੀਆਂ ਹਨ, ਨੇ ਸੜਕੀ ਅਤੇ ਜਨਤਕ ਆਵਾਜਾਈ ਨੂੰ ਪ੍ਰਭਾਵਿਤ ਕੀਤਾ, ਜਿਸ ਨਾਲ ਆਮ ਲੋਕਾਂ ਨੂੰ ਖੱਜਲ-ਖੁਆਰ ਹੋਣਾ ਪਿਆ ਹੈ।



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 3 ਮਾਰਚ 2025 ਨੂੰ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਸੀ ਕਿ ਚੱਕਾ ਜਾਮ ਅਤੇ ਬੰਦ ਵਰਗੇ ਕਦਮਾਂ ਨਾਲ ਆਮ ਲੋਕਾਂ ਨੂੰ ਪਰੇਸ਼ਾਨੀ ਹੁੰਦੀ ਹੈ, ਪਰ ਇਹ ਅਪੀਲਾਂ ਅਕਸਰ ਬੇਅਸਰ ਸਾਬਤ ਹੁੰਦੀਆਂ ਹਨ। ਇਹ ਸਾਰੇ ਮੁੱਦੇ—ਕਿਸਾਨ ਵਿਰੋਧ, ੈ, ਲੈਂਡ ਪੂਲਿੰਗ ਅਤੇ ਚੱਕਾ ਜਾਮ—ਪੰਜਾਬ ਦੀ ਸਮਾਜਿਕ ਅਤੇ ਰਾਜਨੀਤਕ ਸਥਿਤੀ ਨੂੰ ਇਕ ਅਜਿਹੇ ਮੋੜ 'ਤੇ ਲੈ ਆਏ ਹਨ, ਜਿੱਥੇ ਲੋਕਾਂ ਦਾ ਸਰਕਾਰ ਅਤੇ ਸਿਸਟਮ 'ਤੇ ਭਰੋਸਾ ਘਟ ਰਿਹਾ ਹੈ।

- ਹੁਣ ਪੰਜਾਬ ਦੇ ਲੋਕਾਂ ਦਾ ਬਦਲਦਾ ਮਨੋਵਿਗਿਆਨ ਅਤੇ ਸਮਾਜਿਕ ਸਮਰੱਥਾ ਨੇ ਪੰਜਾਬ ਦੇ ਲੋਕਾਂ ਦਾ ਮਨੋਵਿਗਿਆਨ ਬਦਲ ਦਿੱਤਾ ਹੈ।

ਪੰਜਾਬ ਦੇ ਲੋਕਾਂ ਦਾ ਮਨੋਵਿਗਿਆਨ ਅੱਜ ਇਕ ਅਜਿਹੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਅਸੁਰੱਖਿਆ, ਗੁੱਸੇ ਅਤੇ ਨਿਰਾਸ਼ਾ ਦੀਆਂ ਭਾਵਨਾਵਾਂ ਹਾਵੀ ਹਨ। ਕਿਸਾਨ, ਜੋ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ, ਮਹਿਸੂਸ ਕਰਦੇ ਹਨ ਕਿ ਸਰਕਾਰੀ ਨੀਤੀਆਂ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਹਨ।ੈ ਨਹਿਰ ਦੇ ਮੁੱਦੇ ਨੇ ਪਾਣੀ ਦੀ ਕਮੀ ਦੀ ਚਿੰਤਾ ਨੂੰ ਹੋਰ ਗੰਭੀਰ ਕਰ ਦਿੱਤਾ ਹੈ, ਜਦਕਿ ਲੈਂਡ ਪੂਲਿੰਗ ਨੀਤੀ ਨੇ ਜ਼ਮੀਨ ਦੀ ਮਾਲਕੀ ਅਤੇ ਪਛਾਣ ਨੂੰ ਖਤਰੇ ਵਿੱਚ ਪਾ ਦਿੱਤਾ ਹੈ।

ਅੱਜ ਸੋਸ਼ਲ ਮੀਡੀਆ ਤੇ ਪੰਜਾਬ ਦੇ ਲੋਕਾਂ ਦੀਆਂ ਪੋਸਟਾਂ ਵਿੱਚ ਇਕ ਗੁੱਸੇ ਅਤੇ ਵਿਰੋਧ ਦੀ ਭਾਵਨਾ ਸਾਫ਼ ਨਜ਼ਰ ਆਉਂਦੀ ਹੈ। ਇਹਨਾਂ ਪੋਸਟਾਂ ਵਿੱਚ ਲੈਂਡ ਪੂਲਿੰਗ ਨੂੰ 'ਪੰਜਾਬ ਦੀ ਪਛਾਣ' ਦੀ ਲੜਾਈ ਦੱਸਿਆ ਗਿਆ, ਇਸ ਮਨੋਵਿਗਿਆਨ ਨੂੰ ਸਪੱਸ਼ਟ ਕਰਦੀ ਹੈ। ਇਸ ਦੇ ਨਾਲ ਹੀ, ਨੌਜਵਾਨ ਪੀੜ੍ਹੀ ਵਿੱਚ ਵੀ ਇਕ ਨਿਰਾਸ਼ਾ ਵਧ ਰਹੀ ਹੈ, ਕਿਉਂਕਿ ਬੇਰੁਜ਼ਗਾਰੀ ਅਤੇ ਆਰਥਿਕ ਅਸਥਿਰਤਾ ਨੇ ਉਨ੍ਹਾਂ ਦੇ ਸੁਪਨਿਆਂ 'ਤੇ ਅਸਰ ਪਾਇਆ ਹੈ।

ਹੁਣ ਸਮਾਜਿਕ ਸਮਰੱਥਾ ਅਤੇ ਰਾਜਨੀਤਕ ਪ੍ਰਭਾਵ ਇਹ ਹੈ ਕਿ ਪੰਜਾਬ ਦੀ ਸਮਾਜਿਕ ਸਮਰੱਥਾ ਵਿੱਚ ਵੀ ਇਕ ਤਬਦੀਲੀ ਆਈ ਹੈ। ਪਹਿਲਾਂ, ਪੰਜਾਬ ਦੀ ਸਮਾਜਿਕ ਏਕਤਾ ਇਸ ਦੀ ਮਜ਼ਬੂਤੀ ਸੀ, ਪਰ ਅੱਜ ਵੱਖ-ਵੱਖ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਸਮਾਜਿਕ ਸਮੂਹਾਂ ਵਿਚਕਾਰ ਵੰਡ ਸਾਫ਼ ਨਜ਼ਰ ਆਉਂਦੀ ਹੈ। ਕਿਸਾਨ ਜਥੇਬੰਦੀਆਂ ਦੀ ਏਕਤਾ, ਜੋ 2020-21 ਦੇ ਅੰਦੋਲਨ ਵਿੱਚ ਦਿਖਾਈ ਦਿੱਤੀ ਸੀ, ਹੁਣ ਵੱਖ-ਵੱਖ ਮੁੱਦਿਆਂ 'ਤੇ ਖਿੰਡ ਰਹੀ ਹੈ। ਸਿਆਸੀ ਪਾਰਟੀਆਂ, ਜਿਵੇਂ ਕਿ ਆਮ ਆਦਮੀ ਪਾਰਟੀ, ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ, ਇਨ੍ਹਾਂ ਮੁੱਦਿਆਂ ਨੂੰ ਆਪਣੇ ਸਿਆਸੀ ਫਾਇਦੇ ਲਈ ਵਰਤ ਰਹੀਆਂ ਹਨ, ਜਿਸ ਨਾਲ ਸਮਾਜਿਕ ਸਦਭਾਵਨਾ 'ਤੇ ਅਸਰ ਪੈ ਰਿਹਾ ਹੈ।

ਅੱਜ ਦਾ ਰਾਜਨੀਤਕ ਮਾਹੌਲ ਵੀ ਪੰਜਾਬ ਦੀ ਸਮਰੱਥਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਸਰਕਾਰਾਂ, ਚਾਹੇ ਕੇਂਦਰੀ ਹੋਣ ਜਾਂ ਰਾਜ ਸਰਕਾਰ, ਅਕਸਰ ਵੋਟ ਬੈਂਕ ਦੀ ਸਿਆਸਤ ਵਿੱਚ ਉਲਝੀਆਂ ਰਹਿੰਦੀਆਂ ਹਨ। ਮੁਫਤ ਬਿਜਲੀ, ਖੇਤੀ ਸਬਸਿਡੀਆਂ ਅਤੇ ਹੋਰ ਸਹੂਲਤਾਂ ਨੇ ਇਕ ਪਾਸੇ ਕਿਸਾਨਾਂ ਨੂੰ ਸਹਾਇਤਾ ਦਿੱਤੀ, ਪਰ ਦੂਜੇ ਪਾਸੇ ਇਹਨਾਂ ਨੇ ਪੰਜਾਬ ਦੀ ਆਰਥਿਕਤਾ 'ਤੇ ਵਿੱਤੀ ਬੋਝ ਵਧਾਇਆ ਹੈ । 2024 ਦੀ ਇਕ ਰਿਪੋਰਟ ਮੁਤਾਬਕ, ਮੁਫ਼ਤ ਬਿਜਲੀ ਨੀਤੀ ਨੇ ਪੰਜਾਬ 'ਤੇ 20,000 ਕਰੋੜ ਰੁਪਏ ਦਾ ਵਿੱਤੀ ਬੋਝ ਪਾਇਆ, ਜਿਸ ਨੇ ਰਾਜ ਦੇ ਵਿਕਾਸ ਨੂੰ ਪ੍ਰਭਾਵਿਤ ਕੀਤਾ ਹੈ।

ਹੁਣ ਪੰਜਾਬ ਦੇ ਭਵਿੱਖ ਦਾ ਰਸਤਾ ਨਵੇਂ ਇਨੋਵੇਸ਼ਨ ਅਤੇ ਸਾਰਥਕ ਸੋਚ ਨਾਲ ਖੇਤੀਬਾੜੀ ਵਿੱਚ ਨਵੀਨਤਾਕਾਰੀ ਤੇ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ, ਖੇਤੀਬਾੜੀ ਵਿੱਚ ਨਵੀਨਤਾ ਦੀ ਲੋੜ ਹੈ। ਰਵਾਇਤੀ ਕਣਕ-ਝੋਨੇ ਦੇ ਚੱਕਰ ਨੂੰ ਤੋੜਦੇ ਹੋਏ, ਫਸਲੀ ਵਿਭਿੰਨਤਾ ਅਤੇ ਘੱਟ ਪਾਣੀ ਵਾਲੀਆਂ ਫਸਲਾਂ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਦੀ ਸਲਾਹ ਮੁਤਾਬਕ, ਝੋਨੇ ਦੀ ਸਿੱਧੀ ਬਿਜਾਈ ਅਤੇ ਨਹਿਰੀ ਪਾਣੀ ਦੀ ਵਧੇਰੇ ਵਰਤੋਂ ਨਾਲ ਧਰਤੀ ਹੇਠਲੇ ਪਾਣੀ ਦੀ ਸਮੱਸਿਆ ਨੂੰ ਕੁਝ ਹੱਦ ਤੱਕ ਕੰਟਰੋਲ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ, ਜੈਵਿਕ ਖੇਤੀ, ਸਮਾਰਟ ਸਿੰਜਾਈ ਤਕਨੀਕਾਂ (ਜਿਵੇਂ ਡਰਿੱਪ ਅਤੇ ਸਪਰਿੰਕਲਰ ਸਿੰਜਾਈ) ਅਤੇ ਡਿਜੀਟਲ ਖੇਤੀ ਪਲੇਟਫਾਰਮਾਂ ਦੀ ਵਰਤੋਂ ਨਾਲ ਪੰਜਾਬ ਦੀ ਖੇਤੀ ਨੂੰ ਵਧੇਰੇ ਸਥਿਰ ਅਤੇ ਲਾਭਕਾਰੀ ਬਣਾਇਆ ਜਾ ਸਕਦਾ ਹੈ। ਸਰਕਾਰ ਨੂੰ ਕਿਸਾਨਾਂ ਨੂੰ ਇਨ੍ਹਾਂ ਨਵੀਆਂ ਤਕਨੀਕਾਂ ਨੂੰ ਅਪਣਾਉਣ ਲਈ ਸਬਸਿਡੀਆਂ ਅਤੇ ਸਿਖਲਾਈ ਪ੍ਰਦਾਨ ਕਰਨੀ ਚਾਹੀਦੀ ਹੈ।

ਅੱਜ ਸਮਾਜਿਕ ਅਤੇ ਸਿਆਸੀ ਸੁਧਾਰਾਂ ਦੀ ਲੋੜ ਹੈ। ਹੁਣ ਪੰਜਾਬ ਦੇ ਭਵਿੱਖ ਲਈ ਸਮਾਜਿਕ ਅਤੇ ਸਿਆਸੀ ਸੁਧਾਰ ਜ਼ਰੂਰੀ ਹਨ। ਸਰਕਾਰ ਨੂੰ ਚਾਹੀਦਾ ਕਿ ਉਹ ਕਿਸਾਨ ਜਥੇਬੰਦੀਆਂ, ਸਮਾਜਿਕ ਸਮੂਹਾਂ ਅਤੇ ਸਿਆਸੀ ਪਾਰਟੀਆਂ ਨਾਲ ਸੰਵਾਦ ਸਥਾਪਤ ਕਰੇ, ਤਾਂ ਜੋ ਵਿਰੋਧ ਅਤੇ ਮੁਜ਼ਾਹਰਿਆਂ ਦੀ ਬਜਾਏ ਸੰਵਾਦ ਰਾਹੀਂ ਹੱਲ ਕੱਢੇ ਜਾ ਸਕਣ। SYL ਨਹਿਰ ਵਰਗੇ ਮੁੱਦਿਆਂ 'ਤੇ ਰਾਸ਼ਟਰੀ ਪੱਧਰ 'ਤੇ ਇਕ ਸਹਿਮਤੀ ਬਣਾਉਣ ਦੀ ਲੋੜ ਹੈ, ਜਿਸ ਵਿੱਚ ਪੰਜਾਬ ਦੀਆਂ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾਵੇ।



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
91-94787 30156

ਲੈਂਡ ਪੂਲਿੰਗ ਨੀਤੀ ਨੂੰ ਲਾਗੂ ਕਰਨ ਤੋਂ ਪਹਿਲਾਂ, ਸਰਕਾਰ ਨੂੰ ਕਿਸਾਨਾਂ ਅਤੇ ਪਿੰਡ ਵਾਸੀਆਂ ਨਾਲ ਪਾਰਦਰਸ਼ੀ ਚਰਚਾ ਕਰਨੀ ਚਾਹੀਦੀ। ਇਸ ਨੀਤੀ ਦੇ ਫਾਇਦਿਆਂ ਅਤੇ ਨੁਕਸਾਨਾਂ ਨੂੰ ਸਪੱਸ਼ਟ ਕਰਕੇ, ਅਤੇ ਕਿਸਾਨਾਂ ਦੀ ਸਹਿਮਤੀ ਨਾਲ, ਇਸ ਨੂੰ ਅਜਿਹੇ ਢੰਗ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਕਿ ਜ਼ਮੀਨ ਦੀ ਮਾਲਕੀ ਅਤੇ ਆਰਥਿਕ ਸੁਰੱਖਿਆ 'ਤੇ ਅਸਰ ਨਾ ਪਵੇ।

ਅੱਜ ਪੰਜਾਬ ਦੇ ਨੌਜਵਾਨਾਂ ਦੀ ਨਿਰਾਸ਼ਾ ਅਤੇ ਬੇਰੁਜ਼ਗਾਰੀ ਨੂੰ ਘਟਾਉਣ ਲਈ, ਸਿੱਖਿਆ ਅਤੇ ਹੁਨਰ ਵਿਕਾਸ 'ਤੇ ਵਧੇਰੇ ਨਿਵੇਸ਼ ਦੀ ਲੋੜ ਹੈ।

ਆਈਟੀ, ਨਵੀਆਂ ਤਕਨੀਕਾਂ ਅਤੇ ਸਟਾਰਟਅੱਪ ਸੱਭਿਆਚਾਰ ਨੂੰ ਉਤਸ਼ਾਹਿਤ ਕਰਕੇ, ਪੰਜਾਬ ਦੇ ਨੌਜਵਾਨਾਂ ਨੂੰ ਨਵੇਂ ਮੌਕੇ ਪ੍ਰਦਾਨ ਕੀਤੇ ਜਾ ਸਕਦੇ ਹਨ। ਇਸ ਦੇ ਨਾਲ ਹੀ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਪੰਜਾਬੀ ਸਾਹਿਤ ਅਤੇ ਇਤਿਹਾਸ ਨੂੰ ਵਧੇਰੇ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ।

ਵਾਤਾਵਰਣ ਅਤੇ ਸਥਿਰਤਾ ਲਈ ਪੰਜਾਬ ਦੇ ਵਾਤਾਵਰਣ ਨੂੰ ਸੁਰੱਖਿਅਤ ਕਰਨ ਲਈ, ਧਰਤੀ ਹੇਠਲੇ ਪਾਣੀ ਦੀ ਸੰਭਾਲ, ਨਦੀਆਂ ਦੀ ਸਫਾਈ ਅਤੇ ਪਰਾਲੀ ਸਾੜਨ ਵਰਗੀਆਂ ਸਮੱਸਿਆਵਾਂ 'ਤੇ ਧਿਆਨ ਦੇਣ ਦੀ ਲੋੜ ਹੈ। ਸਰਕਾਰ ਅਤੇ ਸਮਾਜ ਨੂੰ ਮਿਲ ਕੇ ਮੀਂਹ ਦੇ ਪਾਣੀ ਦੀ ਸੰਭਾਲ, ਵਾਤਾਵਰਣ ਸੰਬੰਧੀ ਜਾਗਰੂਕਤਾ ਅਤੇ ਸਥਿਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਹੋਵੇਗਾ।

ਭਵਿੱਖ ਦਾ ਪੰਜਾਬ ਇਕ ਸੁਪਨਾ ਹੈ ਅਤੇ ਪੰਜਾਬ ਦਾ ਭਵਿੱਖ ਇਕ ਅਜਿਹੀ ਧਰਤੀ ਦਾ ਹੋ ਸਕਦਾ ਹੈ, ਜਿੱਥੇ ਖੇਤੀਬਾੜੀ ਅਤੇ ਉਦਯੋਗ ਦਾ ਸੁਮੇਲ ਹੋਵੇ, ਜਿੱਥੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਨਵੇਂ ਮੌਕੇ ਮਿਲਣ, ਅਤੇ ਜਿੱਥੇ ਸਮਾਜਿਕ ਏਕਤਾ ਅਤੇ ਸੱਭਿਆਚਾਰਕ ਵਿਰਾਸਤ ਨੂੰ ਮਹੱਤਵ ਦਿੱਤਾ ਜਾਵੇ। ਪਰ, ਇਸ ਸੁਪਨੇ ਨੂੰ ਸਾਕਾਰ ਕਰਨ ਲਈ, ਸਰਕਾਰ, ਸਮਾਜ ਅਤੇ ਵਿਅਕਤੀਗਤ ਪੱਧਰ 'ਤੇ ਸੰਜੀਦਾ ਯਤਨਾਂ ਦੀ ਲੋੜ ਹੈ।

ਪੰਜਾਬ ਨੂੰ ਵਿਰੋਧ ਅਤੇ ਮੁਜ਼ਾਹਰਿਆਂ ਦੀ ਰਾਜਨੀਤੀ ਤੋਂ ਬਾਹਰ ਨਿਕਲ ਕੇ, ਸਾਰਥਕ ਸੰਵਾਦ, ਨਵੀਨਤਾ ਅਤੇ ਸਥਿਰ ਵਿਕਾਸ ਦੀ ਦਿਸ਼ਾ ਵਿੱਚ ਅੱਗੇ ਵਧਣ ਦੀ ਜ਼ਰੂਰਤ ਹੈ। ਸਿਰਫ ਇਸੇ ਤਰ੍ਹਾਂ ਪੰਜਾਬ ਆਪਣੀ ਖੋਈ ਹੋਈ ਸ਼ਾਨ ਨੂੰ ਮੁੜ ਪ੍ਰਾਪਤ ਕਰ ਸਕਦਾ ਹੈ ਅਤੇ ਆਪਣੇ ਲੋਕਾਂ ਦੇ ਭਵਿੱਖ ਨੂੰ ਸੁਰੱਖਿਅਤ ਕਰ ਸਕਦਾ ਹੈ।

2027 ਚੋਣਾਂ ਵਿੱਚ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਵਾਂ 'ਤੇ ਆਧਾਰਿਤ ਨਵਾਂ ਪੰਜਾਬ ਇਕ ਨਵੀਂ ਪੇਸ਼ਕਸ਼ ਕਰ ਸਕਦਾ ਹੈ ਜਿਸ ਤੋਂ ਪੰਜਾਬ ਦਾ ਇਕ ਅਗਲਾ ਭਵਿੱਖ ਤਿਆਰ ਹੋ ਸਕਦਾ ਹੈ ਜਿਸ ਦੀ ਉਮੀਦ ਰੱਖੀ ਜਾਣੀ ਚਾਹੀਦੀ ਹੈ।



# ਤੁਹਾਡੇ ਮਾਪੇ ਕਿਉਂ ਚਾਹੁੰਦੇ ਹਨ ਕਿ ਤੁਸੀਂ ਐਮਬੀਬੀਐਸ ਕਰੋ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਇੰਜੀਨੀਅਰਿੰਗ ਅਤੇ ਬੇਰੁਜ਼ਗਾਰੀ ਇੱਕ ਸਮੇਂ ਦੀ ਗੱਲ ਹੈ ਕਿ ਭਾਰਤ ਵਿੱਚ ਇੰਜੀਨੀਅਰਿੰਗ ਇੱਕ ਪ੍ਰਸਿੱਧ ਕਰੀਅਰ ਸੀ। ਹਰ ਘਰ ਵਿੱਚ ਇੱਕ ਇੰਜੀਨੀਅਰ ਹੁੰਦਾ ਸੀ, ਅਤੇ ਇਸਦੇ ਚੰਗੇ ਕਾਰਨ ਵੀ ਸਨ। ਇੰਜੀਨੀਅਰਿੰਗ ਨੂੰ ਪਹਿਲਾਂ ਉੱਚ ਤਨਖਾਹ ਵਾਲੀ ਨੌਕਰੀ ਮਿਲਦੀ ਸੀ। ਪਰ ਹੁਣ, ਜ਼ਿਆਦਾ ਸੰਤ੍ਰਿਪਤਤਾ ਨੇ ਇੰਜੀਨੀਅਰਿੰਗ ਉਦਯੋਗ ਨੂੰ ਪ੍ਰਭਾਵਿਤ ਕੀਤਾ ਹੈ।

ਇੰਜੀਨੀਅਰ ਨੌਕਰੀ ਦੀ ਭਾਲ ਵਿੱਚ ਇਨ੍ਹੀਂ ਦਿਨੀਂ, ਇੰਜੀਨੀਅਰਿੰਗ ਗ੍ਰੈਜੂਏਟਾਂ ਨੂੰ 15,000-20,000 ਪ੍ਰਤੀ ਮਹੀਨਾ ਵਿੱਚ ਐਂਟਰੀ-ਲੈਵਲ ਨੌਕਰੀਆਂ ਮਿਲ ਰਹੀਆਂ ਹਨ। ਹਾਂ, ਤੁਸੀਂ ਇਹ ਸਹੀ ਪੜ੍ਹਿਆ ਹੈ, ਸਿਰਫ਼ 15 ਹਜ਼ਾਰ। ਇਸ ਤੋਂ ਇਲਾਵਾ ਇਹ ਵੀ ਇੱਕ ਅਨਿਸ਼ਚਿਤ ਸਥਿਤੀ ਹੈ, ਹਾਲ ਹੀ ਦੇ ਅਨੁਮਾਨਾਂ ਅਨੁਸਾਰ ਭਾਰਤ ਦੇ 1.5 ਮਿਲੀਅਨ ਇੰਜੀਨੀਅਰਿੰਗ ਗ੍ਰੈਜੂਏਟਾਂ ਵਿੱਚੋਂ ਸਿਰਫ਼ 10% ਨੂੰ ਹੀ ਇਸ ਸਾਲ ਨੌਕਰੀਆਂ ਮਿਲਣਗੀਆਂ।

ਮਾਪਿਆਂ ਨੇ ਨੌਕਰੀ ਬਾਜ਼ਾਰ ਦੀ ਹਕੀਕਤ ਵੇਖ ਲਈ ਹੈ। ਉਹ ਇੰਜੀਨੀਅਰਿੰਗ ਡਿਗਰੀਆਂ ਵਾਲੇ ਬੱਚਿਆਂ ਨੂੰ ਘੱਟੋ-ਘੱਟ ਜਾਂ ਇਸ ਤੋਂ ਵੀ ਮਾੜੀ ਕੀਮਤ 'ਤੇ ਨੌਕਰੀ ਦੀ ਭਾਲ ਕਰਦੇ ਦੇਖਦੇ ਹਨ।

ਭਾਰਤ ਦੁਨੀਆ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਹੈ। ਇਸਦਾ ਸਪੱਸ਼ਟ ਅਰਥ ਹੈ ਕਿ ਰਚਨਾਤਮਕ ਖੇਤਰਾਂ ਵਿੱਚ ਮੁਕਾਬਲਾ ਅਸਲੀਅਤ ਤੋਂ ਪਰੇ ਹੈ। ਤੁਸੀਂ ਇਹਨਾਂ ਵਿੱਚੋਂ ਕਿਸੇ ਵੀ ਖੇਤਰ ਵਿੱਚ ਆਪਣਾ ਨਾਮ ਤਾਂ ਹੀ ਬਣਾ ਸਕਦੇ ਹੋ ਜੇਕਰ ਤੁਹਾਡੇ ਕੋਲ ਦੁਰਲੱਭ ਪ੍ਰਤਿਭਾ, ਭਰਪੂਰ ਕਿਸਮਤ ਅਤੇ ਇੱਕ ਚੰਗਾ ਨੈੱਟਵਰਕ ਹੈ।

ਸਾਡੇ ਮਾਪਿਆਂ ਦੀਆਂ ਨਜ਼ਰਾਂ ਵਿੱਚ, 'ਮੈਡੀਕਲ ' ਹਮੇਸ਼ਾ ਇੱਕ ਵਧੇਰੇ ਸਥਿਰ ਵਿਕਲਪ ਹੁੰਦੀ ਹੈ।

ਡਾਕਟਰ ਹੋਣ ਦੇ ਫਾਇਦੇ ਇੱਥੇ ਤੁਹਾਡੇ ਮਾਪੇ ਸੱਚਮੁੱਚ ਸਭ ਤੋਂ ਪ੍ਰਭਾਵਸ਼ਾਲੀ ਦਲੀਲ ਦਿੰਦੇ ਹਨ: ਭਾਰਤ ਵਿੱਚ (ਅਤੇ ਜ਼ਿਆਦਾਤਰ, ਕਿਤੇ ਵੀ) ਡਾਕਟਰ ਹੋਣ ਦੇ ਬਹੁਤ ਸਾਰੇ ਫਾਇਦੇ ਹਨ। ਇੱਥੇ ਉਨ੍ਹਾਂ ਵਿੱਚੋਂ ਕੁਝ ਹਨ:

ਨੌਕਰੀ ਦੀ ਸੁਰੱਖਿਆ ਡਾਕਟਰਾਂ ਦੀ ਹਮੇਸ਼ਾ ਮੰਗ ਰਹੇਗੀ। ਭਾਵੇਂ ਤੁਸੀਂ ਕਿਸੇ ਮਹਾਂਨਗਰ ਵਿੱਚ ਹੋ ਜਾਂ ਛੋਟੇ ਪਿੰਡ ਵਿੱਚ, ਲੋਕਾਂ ਨੂੰ ਹਮੇਸ਼ਾ ਸਿਹਤ ਸੰਭਾਲ ਦੀ ਲੋੜ ਹੁੰਦੀ ਹੈ। ਦੂਜੇ ਖੇਤਰਾਂ ਦੇ ਉਲਟ, ਦਵਾਈ ਕਦੇ ਵੀ ਮੰਦੀ ਤੋਂ ਪ੍ਰਭਾਵਿਤ ਨਹੀਂ ਹੋਵੇਗੀ। ਹੋਰ ਉਦਯੋਗ ਮੁਸ਼ਕਲ ਸਮੇਂ ਦੌਰਾਨ ਕਰਮਚਾਰੀਆਂ ਨੂੰ ਕੱਢ ਸਕਦੇ ਹਨ, ਪਰ ਡਾਕਟਰਾਂ ਨਾਲ ਅਜਿਹਾ ਨਹੀਂ ਹੁੰਦਾ।



ਸਮਾਜ ਵਿੱਚ ਸਤਿਕਾਰ ਡਾਕਟਰੀ ਪੇਸ਼ੇ ਲਈ ਸਤਿਕਾਰ ਭਾਰਤੀ ਸਮਾਜ ਵਿੱਚ ਡਾਕਟਰਾਂ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਧਰਤੀ ਉੱਤੇ ਰੱਬ ਦਾ ਰੂਪ ਕਿਹਾ ਜਾਂਦਾ ਹੈ। ਗਲੋਬਲ ਮੌਕੇ ਕੁਝ ਖਾਸ ਪੇਸ਼ਿਆਂ ਦੇ ਉਲਟ ਜੋ ਇੱਕ ਦੇਸ਼ ਦੀਆਂ ਸਰਹੱਦਾਂ ਤੱਕ ਸੀਮਤ ਹਨ, ਡਾਕਟਰੀ ਸਰਵ ਵਿਆਪਕ ਹੈ। ਭਾਰਤ ਵਿੱਚ ਸਿਖਲਾਈ ਪ੍ਰਾਪਤ ਡਾਕਟਰ ਦੁਨੀਆ ਵਿੱਚ ਲਗਭਗ ਕਿਤੇ ਵੀ ਅਭਿਆਸ ਕਰ ਸਕਦਾ ਹੈ (ਜ਼ਰੂਰਤ ਪ੍ਰੀਖਿਆਵਾਂ ਪਾਸ ਕਰਨ ਤੋਂ ਬਾਅਦ, ਬੇਸ਼ੱਕ)। ਭਾਵੇਂ ਇਹ ਯੂਕੇ, ਅਮਰੀਕਾ, ਜਾਂ ਆਸਟ੍ਰੇਲੀਆ ਹੋਵੇ, ਡਾਕਟਰਾਂ ਲਈ ਮੌਕੇ ਬਹੁਤ ਹਨ।

ਉੱਚ ਤਨਖਾਹ ਇਮਾਨਦਾਰ ਬਣੋ, ਐਮਬੀਬੀਐਸ ਤੁਹਾਨੂੰ ਰਾਤੋ-ਰਾਤ ਅਮੀਰ ਨਹੀਂ ਬਣਾ ਸਕਦਾ। ਪਰ ਲੰਬੇ ਸਮੇਂ ਦੇ ਇਨਾਮ? ਇਹ ਉਹ ਚੀਜ਼ ਹੈ ਜਿਸ 'ਤੇ ਤੁਹਾਡੇ ਮਾਪੇ ਭਰੋਸਾ ਕਰ ਰਹੇ ਹਨ। ਮੁਹਾਰਤ ਹਾਸਲ ਕਰਨ ਤੋਂ ਬਾਅਦ, ਇੱਕ ਵਾਰ ਜਦੋਂ ਤੁਸੀਂ ਆਪਣੀ ਪ੍ਰੈਕਟਿਸ ਸ਼ੁਰੂ ਕਰਦੇ ਹੋ / ਚੰਗੀ ਨੌਕਰੀ ਪ੍ਰਾਪਤ ਕਰਦੇ ਹੋ, ਤਾਂ ਆਮਦਨ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ।

ਭਾਰਤ ਵਿੱਚ ਜਾਂ ਵਿਦੇਸ਼ਾਂ ਵਿੱਚ, ਡਾਕਟਰ ਆਰਾਮਦਾਇਕ ਜੀਵਨ ਬਤੀਤ ਕਰਦੇ ਹਨ। ਅਤੇ ਕੁਝ ਪੇਸ਼ਿਆਂ ਦੇ ਉਲਟ, ਤੁਹਾਡੀ ਤਨਖਾਹ ਇੱਕ ਖਾਸ ਉਮਰ ਤੋਂ ਬਾਅਦ ਨਹੀਂ ਘਟਦੀ। ਜਿੰਨਾ ਜ਼ਿਆਦਾ ਤੁਸੀਂ ਅਨੁਭਵੀ ਹੋਵੋਗੇ, ਨਾ ਹੀ ਜ਼ਿਆਦਾ ਤੁਸੀਂ ਕਮਾਉਂਦੇ ਹੋ।

ਫਰਕ ਲਿਆਉਣ ਦੀ ਭਾਵਨਾ: ਹਰ ਰੋਜ਼ ਜਾਨਾਂ ਬਚਾਉਣ ਅਤੇ ਲੋਕਾਂ ਦੀ ਮਦਦ ਕਰਨ ਦੇ ਭਾਵਨਾਤਮਕ ਇਨਾਮ ਦੀ ਤੁਲਨਾ ਕੁਝ ਵੀ ਨਹੀਂ ਕਰ ਸਕਦਾ। ਸਮਾਜ ਵਿੱਚ ਤੁਹਾਡੇ ਦੁਆਰਾ ਕੀਤੀ ਗਈ ਤਬਦੀਲੀ ਤੁਹਾਨੂੰ ਦਿਖਾਈ ਦਿੰਦੀ ਹੈ।

ਇੱਕ ਡਾਕਟਰ ਦੇ ਤੌਰ 'ਤੇ ਫ਼ਰਕ ਲਿਆਉਣ ਦੀ ਭਾਵਨਾ ਡਾਕਟਰ ਹੋਣਾ ਤਣਾਅਪੂਰਨ ਹੁੰਦਾ ਹੈ। ਹਰ ਮਰੀਜ਼ ਦੇ ਸਭ ਤੋਂ ਵਧੀਆ ਨਤੀਜੇ ਨਹੀਂ ਹੋਣਗੇ। ਪਰ ਦਿਨ ਦੇ ਅੰਤ ਵਿੱਚ, ਤੁਹਾਨੂੰ ਇਹ ਜਾਣ ਕੇ ਦਿਲਾਸਾ ਮਿਲੇਗਾ ਕਿ ਤੁਸੀਂ ਜਾਨਾਂ ਬਚਾਈਆਂ ਹਨ।

ਡਾਕਟਰੀ ਇੱਕ ਸੁਰੱਖਿਅਤ ਬਾਜ਼ੀ ਹੈ (ਮਾਪਿਆਂ ਦੇ ਦ੍ਰਿਸ਼ਟੀਕੋਣ ਤੋਂ) ਮੈਨੂੰ ਲੱਗਦਾ ਹੈ ਕਿ ਇਹ ਸਪੱਸ਼ਟ ਹੈ ਕਿ ਉਨ੍ਹਾਂ ਦੇ ਦ੍ਰਿਸ਼ਟੀਕੋਣ ਤੋਂ, ਡਾਕਟਰੀ ਸਭ ਤੋਂ ਸੁਰੱਖਿਅਤ ਤਰੀਕਾ ਹੈ। ਇਹ ਤਿੰਨੋਂ ਹੀ ਪ੍ਰਦਾਨ ਕਰਦਾ ਹੈ: ਸਥਿਰਤਾ, ਸਤਿਕਾਰ, ਅਤੇ ਵਿੱਤੀ ਸੁਰੱਖਿਆ। ਅਤੇ ਇਹ ਦੇਖਦੇ ਹੋਏ ਕਿ ਅੱਜ ਦੀ ਦੁਨੀਆਂ ਕਿੰਨੀ ਅਣਪਛਾਤੀ ਬਣ ਗਈ ਹੈ, ਕਿਹੜਾ ਮਾਪਾ ਆਪਣੇ ਬੱਚੇ ਲਈ ਇਹ ਨਹੀਂ ਚਾਹੇਗਾ?

ਤੁਹਾਡੇ ਮਾਪੇ ਬਿਲਕੁਲ ਗਲਤ ਕਿਉਂ ਨਹੀਂ ਹਨ ਜਦੋਂ ਤੁਹਾਡੇ ਮਾਪੇ ਤੁਹਾਨੂੰ ਐਮਬੀਬੀਐਸ ਵੱਲ ਧੱਕਦੇ ਹਨ, ਤਾਂ ਉਹ ਅਜਿਹਾ ਇਸ ਲਈ ਨਹੀਂ ਕਰ ਰਹੇ ਹੁੰਦੇ ਕਿਉਂਕਿ ਉਹ ਤੁਹਾਡੇ ਡਿਜ਼ਾਈਨਰ, ਕਲਾਕਾਰ ਜਾਂ ਇੰਜੀਨੀਅਰ ਬਣਨ ਦੇ ਸੁਪਨਿਆਂ ਵਿੱਚ ਵਿਸ਼ਵਾਸ ਨਹੀਂ ਰੱਖਦੇ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਤੁਹਾਡੇ ਵਾਂਗ ਪੜ੍ਹਾਈ ਕਰਨ ਦਾ ਮੌਕਾ ਨਹੀਂ ਮਿਲਿਆ। ਉਹ ਇਸ ਮੌਕੇ ਨੂੰ ਇੱਕ ਸਨਮਾਨ ਵਜੋਂ ਦੇਖਦੇ ਹਨ ਅਤੇ ਜਦੋਂ ਤੁਸੀਂ ਇਸਦੀ ਵਰਤੋਂ ਉਨ੍ਹਾਂ ਦੀ ਮਰਜ਼ੀ ਅਨੁਸਾਰ ਨਹੀਂ ਕਰਦੇ ਤਾਂ ਉਹ ਗੁੱਸੇ ਹੁੰਦੇ ਹਨ।

ਮਾਪਿਆਂ ਦੀਆਂ ਬੱਚੇ ਤੋਂ ਉਮੀਦਾਂ ਉਹ ਅਜਿਹਾ ਇਸ ਲਈ ਕਰ ਰਹੇ ਹਨ ਕਿਉਂਕਿ ਉਹ ਤੁਹਾਡੇ ਤੋਂ ਡਰਦੇ ਹਨ ਅਤੇ ਉਹ ਨਹੀਂ ਚਾਹੁੰਦੇ ਕਿ ਤੁਸੀਂ ਆਪਣੀ ਜ਼ਿੰਦਗੀ ਵਿੱਚ ਸੰਘਰਸ਼ ਕਰੋ। ਉਨ੍ਹਾਂ ਦੀ ਸੋਚ ਪ੍ਰਕਿਰਿਆ ਭਾਵੇਂ ਕੋਈ ਵੀ ਹੋਵੇ, ਉਨ੍ਹਾਂ ਦੇ ਇਰਾਦੇ ਕਦੇ ਵੀ ਗਲਤ ਨਹੀਂ ਹੁੰਦੇ।

ਪਰ ਹੇ, ਇਹ ਤੁਹਾਡੇ ਲਈ ਉਨ੍ਹਾਂ ਦੀਆਂ ਗੱਲਾਂ 'ਤੇ ਅੰਨ੍ਹੇਵਾਹ ਚੱਲਣ ਦਾ ਕੋਈ ਪ੍ਰੇਰਣਾ ਨਹੀਂ ਹੈ। ਆਪਣੇ ਸੁਪਨਿਆਂ ਲਈ ਜਾ , ਪਰ ਸਮਝੋ ਕਿ ਉਨ੍ਹਾਂ ਦੀਆਂ ਚਿੰਤਾਵਾਂ ਕਿੱਥੋਂ ਆਉਂਦੀਆਂ ਹਨ। ਉਨ੍ਹਾਂ ਨਾਲ ਆਪਣੇ ਵਿਚਾਰਾਂ ਬਾਰੇ ਗੱਲ ਕਰੋ।

ਅੰਤ ਵਿੱਚ, ਇਹ ਸਭ ਉਨ੍ਹਾਂ ਦੀਆਂ ਉਮੀਦਾਂ ਅਤੇ ਤੁਹਾਡੇ ਸੁਪਨਿਆਂ ਵਿਚਕਾਰ ਸੰਤੁਲਨ ਬਣਾਉਣ ਬਾਰੇ ਹੈ- ਕਿਉਂਕਿ ਦੋਵੇਂ ਮਾਇਨੇ ਰੱਖਦੇ ਹਨ।

# ਮਿੱਟੀ ਦੀ ਭਾਸ਼ਾ ਨਾਲ ਰਲ ਗਈ ਕਵਿਤਾ ਦੀ ਰੂਹ

**ਕਿਤਾਬ ਸਮੀਖਿਆ: "ਬੋਲ ਮੇਰੀ ਮਾਟੀ"**
**ਲੇਖਕ: ਡਾ. ਸਤਿਆਵਾਨ ਸੌਰਭ**
**ਪ੍ਰਕਾਸ਼ਕ: ਆਰ. ਕੇ. ਵਿਸ਼ੇਸ਼ਤਾਵਾਂ,**
**ਪ੍ਰਗਿਆਨਸ਼ਾਲਾ, ਭਿਵਾਨੀ**
**ਕੀਮਤ: 260/-**
**ਪੰਨਾ ਨੰਬਰ: 120**
**ਆਈਐਸਬੀਐਨ: 978-7-1862-8282-6**
**ਭਾਸ਼ਾ: ਹਰਿਆਣਵੀ (ਦੇਵਨਾਗਰੀ ਲਿਪੀ)**
**ਸ਼ੈਲੀ: ਕਵਿਤਾ ਸੰਗ੍ਰਹਿ। ਲੋਕ ਸਾਹਿਤ।**
**ਸਮਕਾਲੀ ਸਮਾਜਿਕ ਕਵਿਤਾ**
**ਸਮੀਖਿਅਕ: ਵੇਦਪ੍ਰਕਾਸ਼ ਭਾਰਤ**

ਜਦੋਂ ਹਰਿਆਣਾ ਦਾ ਨਾਮ ਆਉਂਦਾ ਹੈ, ਤਾਂ ਇਹ ਦੁੱਧ, ਦਹੀਂ, ਖੇਤ, ਕੋਠੇ, ਪਹਿਲਵਾਨ, ਚੌਪਾਲ, ਬਾਗੜੀ-ਜੇਬੜੀ ਬੋਲੀ ਅਤੇ ਇੱਕ ਸਾਦਾ ਜੀਵਨ ਹੈ। ਪਰ ਹਰਿਆਣਾ ਦੀ ਮਿੱਟੀ ਵਿੱਚ ਇੱਕ ਹਨੇਰੀ ਚੀਜ਼ ਹੈ-ਸੰਵੇਦਨਸ਼ੀਲਤਾ। ਡਾ. ਸਤਿਆਵਾਨ ਸੌਰਭ ਦੀ ਕਿਤਾਬ "ਬੋਲ ਮਹਾਰੀ ਮਿੱਟੀ" ਇਸ ਸੰਵੇਦਨਸ਼ੀਲਤਾ ਨੂੰ ਕਵਿਤਾ ਦੇ ਰੂਪ ਵਿੱਚ ਸਾਡੇ ਤੱਕ ਲੈ ਕੇ ਆਈ ਹੈ। ਇਹ ਸਿਰਫ਼ ਕਵਿਤਾਵਾਂ ਦਾ ਸੰਗ੍ਰਹਿ ਨਹੀਂ ਹੈ, ਇਹ ਇੱਕ ਦਸਤਾਵੇਜ਼ ਹੈ-ਹਰਿਆਣਵੀ ਮਿੱਟੀ, ਬੋਲੀ, ਸੱਭਿਆਚਾਰ ਅਤੇ ਲੋਕ ਚੇਤਨਾ ਦਾ।

ਬੋਲ ਮੇਰੀ ਮਿੱਟੀ - ਸਿਰਫ਼ ਇੱਕ ਕਿਤਾਬ ਨਹੀਂ ਹੈ, ਇਹ ਹਰਿਆਣਵੀ ਜੀਵਨ ਦੀ ਇੱਕ ਖਿੜਕੀ ਹੈ। ਇਸ ਵਿੱਚ ਪਿੰਡ ਦੀ ਮੋਟੀ ਬੋਲੀ, ਮਾਂ ਦੀ ਥਾਪ, ਪਿਤਾ ਦੇ ਖੇਤ, ਸਿਪਾਹੀ ਦਾ ਜਨੂੰਨ, ਕੁੜੀ ਦਾ ਗੁੱਸਾ ਅਤੇ ਕਮਿਊਨਿਟੀ ਹਾਲ ਦਾ ਹਾਸਾ ਹੈ। ਹਰ ਦੋਹਾ, ਹਰ ਕੁੰਡਲੀ - ਇੱਕ ਕਹਾਣੀ ਦੱਸਦੀ ਹੈ। ਇਸ ਸੰਗ੍ਰਹਿ ਰਾਹੀਂ, ਮੈਂ ਆਪਣੇ ਹਰਿਆਣਾ ਨੂੰ ਸਲਾਮ ਕਰਦਾ ਹਾਂ - ਇਸਦੀ ਮਿੱਟੀ, ਇਸਦਾ ਪਰਛਾਵਾਂ, ਇਸਦੀ ਬੋਲੀ। ਜਿਵੇਂ ਹੀ ਤੁਸੀਂ ਇਸਨੂੰ ਪੜ੍ਹੋਗੇ, ਤੁਹਾਨੂੰ ਹਰ ਸ਼ਬਦ ਵਿੱਚ ਆਪਣੇ ਪਿੰਡ ਦਾ ਪਰਛਾਵਾਂ ਮਿਲੇਗਾ।

ਜੜ੍ਹਾਂ ਨਾਲ ਜੁੜਿਆ ਰਹਿਣਾ

ਡਾ। ਸੌਰਭ ਦੀ ਲਿਖਤ ਆਧਾਰਿਤ ਹੈ। ਇੱਕ ਨਜ਼ਰ ਮਾਰੋ:

"ਰੋਟੀ ਆਰ ਲੀਲੂ ਪਿਆਜ਼ ਸਾ,
ਦੁਪਹਿਰ ਨੂੰ ਬਹੁਤ ਗਰਮੀ ਹੁੰਦੀ ਹੈ।
ਬਹੁਤੀ ਸ਼ਿਕਾਇਤ ਨਾ ਕਰੋ,
ਮੇਰਾ ਸਮਾਂ ਵੀ ਅੱਜ ਉਹੀ ਹੈ।"

ਇਹ ਸਤਰਾਂ ਮਜ਼ਦੂਰ ਦੇ ਦਰਦ ਦੇ ਨਾਲ-ਨਾਲ ਉਸਦੇ ਸਵੈ-ਮਾਣ ਨੂੰ ਵੀ ਪ੍ਰਗਟ ਕਰਦੀਆਂ ਹਨ। ਭਾਸ਼ਾ ਬਿਲਕੁਲ ਆਮ ਭਾਸ਼ਾ ਵਰਗੀ ਹੈ - ਜਿਵੇਂ ਦਾਦੀਆਂ ਦੱਸਦੀਆਂ ਹਨ, ਜਿਵੇਂ ਕਮਿਊਨਿਟੀ ਹਾਲ ਵਿੱਚ ਹੋਣ ਵਾਲੀਆਂ ਚਰਚਾਵਾਂ।

ਕਵਿਤਾ ਵਿੱਚ ਹਰਿਆਣਵੀ ਕੁੜੀ

ਸੰਗ੍ਰਹਿ ਵਿੱਚ ਕੁੜੀ ਦਾ ਚਿੱਤਰਣ ਕਾਫ਼ੀ ਜੀਵੰਤ ਹੈ। ਡਾ. ਸੌਰਭ ਛੋਰੀ ਸਿਰਫ਼ ਇਹ ਨਹੀਂ ਦਿਖਾਉਂਦੇ ਕਿ ਉਹ ਬੇਵੱਸ ਹੈ, ਉਹ ਤਬਦੀਲੀ ਦੀ ਸ਼ਕਤੀ ਨੂੰ ਦਰਸਾਉਂਦੇ ਹਨ।


"ਪਰਦੇ ਹੇਠ ਜ਼ਿੰਦਗੀ ਫਿੱਕੀ ਪੈ ਜਾਂਦੀ ਹੈ,
ਹੁਣ ਇਹ ਕਿਤਾਬਾਂ ਦੀ ਸੁਰਖੀ ਬਣ ਜਾਵੇਗਾ।
ਮੈਂ ਬਿਨਾਂ ਕੱਪੜੇ ਪਾਏ ਮੁੰਡੇ ਨੂੰ ਕਿਉਂ ਪੜ੍ਹਾਵਾਂ?
ਵਿਸ਼ਵਾਸ ਕਰੋ, ਪਰ ਇਸਨੂੰ ਨਾ ਬਦਲੋ।"

ਇਸ ਕਵਿਤਾ ਵਿੱਚ, ਪਰਦਾ ਹਟਾ ਦਿੱਤਾ ਗਿਆ ਹੈ, ਕਲਮ ਹੱਥ ਵਿੱਚ ਆ ਗਈ ਹੈ, ਅਤੇ ਕੁੜੀ ਸਮਾਜ ਦੀ ਰੀੜ੍ਹ ਦੀ ਹੱਡੀ ਬਣ ਗਈ ਹੈ।

ਖੇਤੀ, ਛਟਾਈ ਅਤੇ ਮਜ਼ਦੂਰੀ

ਹਰਿਆਣਵੀ ਕਿਸਾਨ ਮਿੱਟੀ ਨਾਲ ਜੁੜੇ ਹੋਏ ਹਨ, ਅਤੇ ਸੌਰਭ ਜੀ ਨੇ ਉਨ੍ਹਾਂ ਦੇ ਹਰ ਦਰਦ ਨੂੰ ਸ਼ਬਦਾਂ ਵਿੱਚ ਬਿਆਨ ਕੀਤਾ ਹੈ।

"ਭਾਵੇਂ ਸਾਡੀ ਜ਼ਮੀਨ ਬੰਜਰ ਹੈ,
ਹਿੰਮਤ ਦੇ ਬੀਜ ਬੀਜੇ ਜਾ ਰਹੇ ਹਨ।
ਖ਼ੂਨ ਅਤੇ ਪਸੀਨੇ ਨਾਲ ਪਾਲੀ ਗਈ ਮਿੱਟੀ,
ਇਹ ਮੇਰੇ ਪਿਤਾ ਜੀ ਦੀ ਇੱਛਾ ਹੈ।"




ਇਹ ਕਵਿਤਾ ਮਿੱਟੀ ਦੇ ਮਾਣ ਨੂੰ ਵਧਾਉਂਦੀ ਹੈ। ਕਵਿਤਾ ਵਿੱਚ ਪਸੀਨਾ ਵੀ ਹੈ ਅਤੇ ਇੱਕ ਬਾਗ਼ੀ ਭਾਵਨਾ ਵੀ।

ਲਹਿਰ ਦੀ ਆਵਾਜ਼

ਸੰਗ੍ਰਹਿ ਵਿੱਚ ਅੰਦੋਲਨ, ਸਰਕਾਰ ਦੇ ਜ਼ੁਲਮ, ਬੇਰੁਜ਼ਗਾਰੀ ਅਤੇ ਸ਼ੋਸ਼ਣ ਬਾਰੇ ਬਹੁਤ ਸਾਰੀਆਂ ਕਵਿਤਾਵਾਂ ਹਨ। ਇੱਕ ਕਵਿਤਾ ਵੇਖੋ:

"ਮੈਨੂੰ ਚੌਲਾਂ ਦਾ ਇੱਕ ਦਾਣਾ ਦੇ ਦਿ ,
ਗੰਨੇ ਦਾ ਰਸ ਚੂਸੋ,
ਸਰਕਾਰ ਨੂੰ ਮੈਨੂੰ ਥੱਪੜ ਮਾਰਨਾ ਚਾਹੀਦਾ ਹੈ,
ਤੁਸੀਂ ਮੇਰੇ ਬੈਗ ਨੂੰ ਛੂਹ ਸਕਦੇ ਹੋ!"

ਇਹ ਸਤਰਾਂ ਸਿਰਫ਼ ਵਿਰੋਧ ਨਹੀਂ ਹਨ, ਸਗੋਂ ਚੇਤਨਾ ਹਨ - ਕਿਸਾਨ, ਮਜ਼ਦੂਰ, ਗਰੀਬ।

ਬਚਪਨ ਦਾ ਰੰਗ

ਬਚਪਨ ਦੀ ਜ਼ਿੰਦਗੀ 'ਤੇ ਲਿਖਿਆ ਭਾਗ "ਬਚਪਨ ਰਾ ਰੰਗ" ਸੱਚੀ ਮਾਸੂਮੀਅਤ ਨਾਲ ਭਰਿਆ ਹੋਇਆ ਹੈ।

"ਮੈਂ ਨੰਗੇ ਪੈਰੀਂ ਦੌੜਦਾ ਹੁੰਦਾ ਸੀ,
ਮੈਂ ਗਲੀਆਂ ਨਹੀਂ ਅਪਣਾਵਾਂਗਾ।
ਮਿੱਟੀ ਦੇ ਸੰਗਮਰਮਰ ਨੂੰ ਰੋਲ ਕਰੋ,
, ਮੈਨੂੰ ਆਪਣੇ ਦਿਲ ਦਾ ਗੀਤ ਗਾਉਣ ਦਿ ।

ਇਨ੍ਹਾਂ ਸਤਰਾਂ ਨੂੰ ਸੁਣ ਕੇ ਇੰਝ ਲੱਗਦਾ ਹੈ ਜਿਵੇਂ ਮੇਰੇ ਬਚਪਨ ਦੇ ਦਿਨ ਵਾਪਸ ਆ ਗਏ ਹੋਣ।

ਤੁਕਬੰਦੀ, ਸ਼ੈਲੀ ਅਤੇ ਸੁੰਦਰਤਾ

ਸੰਗ੍ਰਹਿ ਵਿੱਚ ਦੋਹਾ, ਚੌਪਈ, ਕੁੰਡਲੀਆ, ਮੁਕਤਾਖੰਡ - ਇਨ੍ਹਾਂ ਸਾਰਿਆਂ ਨੇ ਮਿਲ ਕੇ ਕਵਿਤਾ ਨੂੰ ਜੀਵੰਤ ਬਣਾਇਆ। ਪਰ ਇਨ੍ਹਾਂ ਸਾਰਿਆਂ ਵਿੱਚ ਹਰਿਆਣਵੀ ਬੋਲੀ ਦਾ ਸੁਹਜ ਹੈ।

"ਮਿੱਟੀ ਦੇ ਸ਼ਬਦਾਂ ਵਿੱਚ, ਸੱਚ ਦਾ ਸ਼ੋਰ,
ਝੂਠ ਦਾ ਰੰਗ ਫਿੱਕਾ ਪੈ ਜਾਂਦਾ ਹੈ, ਜਦੋਂ ਪਿੰਡ ਦਾ ਮੋਰ ਬੋਲਦਾ ਹੈ।"

ਛੋਟੀਆਂ ਆਇਤਾਂ, ਪਰ ਡੂੰਘੇ ਵਿਚਾਰ - ਇਹ ਡਾ. ਸੌਰਭ ਦੀ ਵਿਸ਼ੇਸ਼ਤਾ ਹੈ।

ਲੋਕ ਸੱਭਿਆਚਾਰ ਦੀ ਇੱਕ ਜਿਉਂਦੀ ਜਾਗਦੀ ਤਸਵੀਰ

ਮੇਰੀ ਮਿੱਟੀ ਵਿੱਚ ਹਰਿਆਣਵੀ ਸੱਭਿਆਚਾਰ ਦੀ ਹਰ ਪਰਤ ਦਿਖਾਈ ਦਿੰਦੀ ਹੈ - ਤੀਜ-ਤਿਉਹਾਰ, ਘੱਗਰਾ- ਢਾਨੀ, ਚੁਲ੍ਹਾ-ਧੂਨੀ, ਗੀਤ-ਨਾਚ, ਕਿੱਸੇ-ਕਹਾਣੀਆਂ। ਇਹ ਕਿਤਾਬ ਇੱਕ ਸੱਭਿਆਚਾਰਕ ਦਸਤਾਵੇਜ਼ ਹੈ। ਜੋ ਵੀ ਹਰਿਆਣਾ ਨੂੰ ਸਮਝਣਾ ਚਾਹੁੰਦਾ ਹੈ, ਉਸਨੂੰ ਪਹਿਲਾਂ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ। "ਬੋਲ ਮਹਾਰੀ ਮਿੱਟੀ" ਇੱਕ ਕਿਤਾਬ ਵਾਂਗ ਨਹੀਂ ਹੈ, ਇਹ ਹਰਿਆਣਾ ਦੀ ਧਰਤੀ ਦੇ ਦਿਲ ਦੀ ਧੜਕਣ ਵਾਂਗ ਹੈ। ਇਸ ਯੁੱਗ ਵਿੱਚ, ਜਦੋਂ ਲੋਕ ਆਪਣੀ ਬੋਲੀ ਤੋਂ ਸ਼ਰਮ ਮਹਿਸੂਸ ਕਰਦੇ ਹਨ, ਤਾਂ ਇਹ ਸੰਗ੍ਰਹਿ ਉਨ੍ਹਾਂ ਨੂੰ ਯਾਦ ਦਿਵਾਉਂਦਾ ਹੈ ਕਿ ਕਿਸੇ ਨੂੰ ਆਪਣੀ ਮਿੱਟੀ, ਆਪਣੀ ਜੀਭ, ਆਪਣੀਆਂ ਜੜ੍ਹਾਂ ਨੂੰ ਕਦੇ ਨਹੀਂ ਭੁੱਲਣਾ ਚਾਹੀਦਾ। ਇਸ ਕਿਤਾਬ ਵਿੱਚ ਜੋ ਵੀ ਕਿਹਾ ਗਿਆ ਹੈ, ਉਹ ਸਿੱਧਾ ਮਨ ਤੋਂ ਆਇਆ ਹੈ - ਕਿਸਾਨ ਦੀ ਥੱਕੀ ਹੋਈ ਪਿੱਠ, ਔਰਤ ਦੀਆਂ ਚੁੱਪ ਅੱਖਾਂ, ਬੇਰੁਜ਼ਗਾਰ ਮੁੰਡੇ ਦਾ ਹਾਸਾ, ਮਾਲਕ ਦੀ ਬੇਵੱਸੀ, ਅਤੇ ਰਾਜਨੀਤੀ ਦੇ ਰੰਗਮੰਚ ਦੀ ਚੁੱਪ। ਹਰ ਇੱਕ ਵਿੱਚ 16 ਲਾਈਨਾਂ ਹਨ, ਅਤੇ ਹਰ 4 ਲਾਈਨਾਂ ਤੋਂ ਬਾਅਦ ਸਾਹ ਲੈਣ ਲਈ ਜਗ੍ਹਾ ਹੈ - ਜਿਵੇਂ ਜ਼ਿੰਦਗੀ ਵਿੱਚ ਇੱਕ ਵਿਰਾਮ ਹੋਵੇ।

ਲੇਖਕ ਨੇ ਕੁਝ ਵੀ ਹੈਰਾਨ ਕਰਨ ਵਾਲਾ ਜਾਂ ਦਿਖਾਵਾ ਕਰਨ ਵਾਲਾ ਨਹੀਂ ਕਿਹਾ ਹੈ - ਉਸਨੇ ਬਿਲਕੁਲ ਉਹੀ ਲਿਖਿਆ ਹੈ ਜੋ ਉਸਨੇ ਸਮਾਜ ਵਿੱਚ ਦੇਖਿਆ, ਸਮਝਿਆ ਅਤੇ ਸਹਿਣ ਕੀਤਾ। ਹੁਣ ਭਾਵੇਂ ਤੁਸੀਂ ਪਿੰਡ ਵਿੱਚ ਰਹਿੰਦੇ ਹੋ ਜਾਂ ਸ਼ਹਿਰ ਵਿੱਚ, ਇਸਨੂੰ ਪੜ੍ਹਨ ਤੋਂ ਬਾਅਦ ਤੁਸੀਂ ਮਹਿਸੂਸ ਕਰੋਗੇ - "ਹਾਂ, ਇਹੀ ਮੈਂ ਵੀ ਕਹਿੰਦਾ ਹਾਂ।" ਇਹ ਸੰਗ੍ਰਹਿ ਲਖਮੀਚੰਦ ਦੇ ਚੌਪਾਲ ਤੋਂ ਪੈਦਾ ਹੋਈ ਬੋਲੀ ਨੂੰ ਮੌਜੂਦਾ ਪੀੜ੍ਹੀ ਤੱਕ ਪਹੁੰਚਾਉਣ ਦਾ ਕੰਮ ਕਰਦਾ ਹੈ - ਤਾਂ ਜੋ ਉਹ ਸਮਝ ਸਕਣ ਕਿ ਇਹ ਸਿਰਫ਼ ਕਿਤਾਬਾਂ ਵਿੱਚ ਹੀ ਨਹੀਂ, ਸਗੋਂ ਜ਼ਿੰਦਗੀ ਵਿੱਚ ਵੀ ਹੈ।

ਆਖਰੀ ਗੱਲ, ਇਹ ਕਿਤਾਬ ਕਿਉਂ ਪੜ੍ਹੀ?

ਜੇ ਤੁਸੀਂ ਹਰਿਆਣਾ ਦਾ ਅਸਲੀ ਚਿਹਰਾ ਦੇਖਣਾ ਚਾਹੁੰਦੇ ਹੋ, ਤਾਂ ਇਸਨੂੰ ਪੜ੍ਹੋ। ਜੇ ਤੁਸੀਂ ਹਰਿਆਣਵੀ ਬੋਲੀ ਵਿੱਚ ਸਾਹਿਤ ਦੇ ਪੱਧਰ ਨੂੰ ਸਮਝਣਾ ਚਾਹੁੰਦੇ ਹੋ, ਤਾਂ ਇਸਨੂੰ ਪੜ੍ਹੋ। ਜੇ ਤੁਸੀਂ ਕੁੜੀਆਂ, ਮਜ਼ਦੂਰਾਂ, ਕਿਸਾਨਾਂ, ਅੰਦੋਲਨਾਂ, ਬਚਪਨ ਦੀ ਆਵਾਜ਼ ਸੁਣਨਾ ਚਾਹੁੰਦੇ ਹੋ, ਤਾਂ ਇਸਨੂੰ ਪੜ੍ਹੋ। ਇਹ ਸਿਰਫ਼ ਕਵਿਤਾਵਾਂ ਦਾ ਸੰਗ੍ਰਹਿ ਨਹੀਂ ਹੈ, ਇਹ ਹਰਿਆਣਵੀ ਆਤਮਾ ਦੀ ਪੁਕਾਰ ਹੈ। ਡਾ. ਸਤਿਆਵਾਨ ਸੌਰਭ ਦਾ "ਬੋਲ ਮਹਾਰੀ ਮਿੱਟੀ" ਹਰਿਆਣਾ ਦੀ ਬੋਲੀ, ਰੀਤੀ-ਰਿਵਾਜਾਂ ਅਤੇ ਆਤਮਾ ਨੂੰ ਸ਼ਬਦਾਂ ਵਿੱਚ ਬਿਆਨ ਕਰਦਾ ਹੈ। ਇਹ ਸੰਗ੍ਰਹਿ ਹਰ ਘਰ, ਹਰ ਸਕੂਲ, ਹਰ ਖੋਜਕਰਤਾ ਤੱਕ ਪਹੁੰਚਣਾ ਚਾਹੀਦਾ ਹੈ।

# ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ

ਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਹਰ ਸਾਲ 26 ਜੂਨ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਤੋਂ ਮੁੱਕਤ ਦੁਨੀਆ ਪ੍ਰਾਪਤ ਕਰਨ ਵਿੱਚ ਕਾਰਵਾਈ ਅਤੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਨਾਇਆ ਜਾਂਦਾ ਹੈ। ਹਰ ਸਾਲ ਵਿਸ਼ਵ ਭਰ ਦੀਆਂ ਵੱਖ-ਵੱਖ ਸੰਗਠਨ ਇਸਨੂੰ ਮਨਾਉਣ ਲਈ ਸ਼ਾਮਲ ਹੁੰਦੇ ਹਨ ਤਾਂ ਜੋ ਸਮਾਜ ਨੂੰ ਗੈਰ-ਕਾਨੂੰਨੀ ਨਸ਼ਿਆਂ ਦੀ ਸਮੱਸਿਆ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮੱਦਦ ਕੀਤੀ ਜਾ ਸਕੇ। ਜੇਕਰ ਇਸ ਦਿਵਸ ਦਾ ਇਤਿਹਾਸ ਵੇਖੀਏ ਤਾਂ ਨਸ਼ਿਆਂ ਦੀ ਵਧਦੀ ਵਰਤੋਂ ਅਤੇ ਸਮਾਜ ਤੇ ਪੈ ਰਹੇ ਕੁਪ੍ਰਭਾਵਾਂ ਨੂੰ ਵੇਖਦਿਆਂ ਸੰਯੁਕਤ ਰਾਸ਼ਟਰ ਸੰਗਠਨ ਵਲੋਂ 7 ਦਸੰਬਰ 1987 ਨੂੰ ਮੀਟਿੰਗ ਕੀਤੀ ਗਈ ਅਤੇ ਹਰ ਸਾਲ 26 ਜੂਨ ਦਾ ਦਿਹਾੜਾ ਵਿਸ਼ਵ ਭਰ ਵਿੱਚ ਨਸ਼ਾਖੋਰੀ ਅਤੇ ਨਸ਼ਿਆਂ ਦੀ ਨਜਾਇਜ਼ ਸਮਗਲਿੰਗ ਵਿਰੁੱਧ ਅੰਤਰਰਾਸ਼ਟਰੀ ਦਿਵਸ ਦੇ ਤੌਰ ਤੇ ਮਨਾਉਣ ਦਾ ਫੈਸਲਾ ਕੀਤਾ ਗਿਆ। ਹਰ ਸਾਲ ਇਸ ਦਿਨ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਸਮਾਗਮ ਕੀਤੇ ਜਾਂਦੇ ਹਨ ਜਿਨ੍ਹਾਂ ਵਿੱਚ ਗੈਰ ਕਨੂੰਨੀ ਨਸ਼ਿਆਂ ਦੀ ਵੱਧ ਰਹੀ ਵਰਤੋਂ ਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਨਸ਼ਿਆਂ ਦੀ ਸਮੱਸਿਆ ਬਹੁਤ ਹੀ ਗੰਭੀਰ ਸਮੱਸਿਆ ਹੈ ਅਤੇ ਨਸ਼ੇ ਹੀ ਬਹੁਤੇ ਅਪਰਾਧਾਂ ਦੀ ਜੜ੍ਹ ਹਨ। ਦੁਨੀਆਂ ਦਾ ਹਰ ਦੇਸ਼ ਨਸ਼ਿਆਂ ਤੋਂ ਪ੍ਰਭਾਵਿਤ ਹੈ ਅਤੇ ਨਜਾਇਜ਼ ਨਸ਼ਿਆਂ ਦੀ ਵਰਤੋਂ ਜੋ ਕਿ ਪ੍ਰਮੁੱਖ ਤੌਰ ਤੇ ਨੌਜਵਾਨਾਂ ਵਿੱਚ ਕੇਂਦਰਿਤ ਹੈ ਵਿਕਸਿਤ ਅਤੇ ਵਿਕਾਸਸ਼ੀਲ ਦੋਵਾਂ ਤਰਾਂ ਦੇ ਮੁਲਕਾਂ ਦੀ ਆਰਥਿਕਤਾ ਲਈ ਸਮੱਸਿਆ ਬਣ ਗਈ ਹੈ। ਵਿਸ਼ਵ ਵਿੱਚ ਹਰ ਸਾਲ ਲੱਗਭੱਗ 500 ਅਰਬ ਡਾਲਰਜ਼ ਦਾ ਗੈਰ ਕਨੂੰਨੀ ਨਸ਼ਿਆਂ ਦਾ ਵਪਾਰ ਹੁੰਦਾ ਹੈ ਜੋਕਿ ਪੈਟਰੋਲੀਅਮ ਅਤੇ ਹਥਿਆਰਾਂ ਦੇ ਵਪਾਰ ਤੋਂ ਬਾਦ ਤੀਜੇ ਨੰਬਰ ਤੇ ਆਂਦਾ ਹੈ। ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ 292 ਮਿਲੀਅਨ ਹੋ ਗਈ ਹੈ ਜੋ ਕਿ 10 ਸਾਲਾਂ ਵਿੱਚ 20 ਪ੍ਰਤੀਸ਼ਤ ਵਾਧਾ ਹੈ। ਕੈਨਾਬਿਸ ਦੁਨੀਆ ਭਰ ਵਿੱਚ ਸਭ ਤੋਂ ਵੱਧ ਵਰਤਿਆ ਜਾਣ ਵਾਲਾ ਨਸ਼ੀਲਾ ਪਦਾਰਥ ਹੈ। ਦੁਨੀਆ ਵਿੱਚ ਅੰਦਾਜ਼ਨ 64 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਨਾਂ ਤੋਂ ਪੀੜ੍ਹਿਤ ਹਨ ਪਰ 11 ਵਿੱਚੋਂ ਸਿਰਫ਼ 01 ਹੀ ਇਲਾਜ ਅਧੀਨ ਹੈ। ਔਰਤਾਂ ਨੂੰ ਮਰਦਾਂ ਨਾਲੋਂ ਇਲਾਜ ਤੱਕ ਘੱਟ ਪਹੁੰਚ ਮਿਲਦੀ ਹੈ 07 ਵਿੱਚੋਂ 01 ਪੁਰਸ਼ ਦੇ ਮੁਕਾਬਲੇ ਇਲਾਜ ਅਧੀਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਨੁਕਸਾਲਾਂ ਵਾਲੀਆਂ 18 ਵਿੱਚੋਂ ਸਿਰਫ਼ 01 ਔਰਤ ਹੀ ਹੈ। ਇੱਕ ਸਾਲ ਵਿੱਚ ਅੰਦਾਜ਼ਨ 7 ਮਿਲੀਅਨ ਲੋਕ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਪੁਲਿਸ ਦੇ ਰਸਮੀ ਸੰਪਰਕ ਵਿੱਚ ਸਨ ਜਿਸ ਵਿੱਚੋਂ ਲਗਭਗ ਦੋ-ਤਿਹਾਈ ਨਸ਼ੀਲੇ ਪਦਾਰਥਾਂ ਦੀ ਵਰਤੋਂ ਲਈ ਕਬਜ਼ੇ ਕਾਰਨ ਸਨ। ਇਸ ਤੋਂ ਇਲਾਵਾ 2.7 ਮਿਲੀਅਨ ਲੋਕਾਂ ਤੇ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਮੁਕੱਦਮਾ ਚਲਾਇਆ ਗਿਆ ਅਤੇ 1.6 ਮਿਲੀਅਨ ਤੋਂ ਵੱਧ ਲੋਕਾਂ ਨੂੰ ਦੋਸ਼ੀ ਠਹਿਰਾਇਆ ਗਿਆ ਹਾਲਾਂਕਿ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਪ੍ਰਤੀ ਅਪਰਾਧਿਕ ਨਿਆਂ ਪ੍ਰਤੀਕਿਰਿਆ ਦੇ ਸੰਬੰਧ ਵਿੱਚ ਖੇਤਰਾਂ ਵਿੱਚ ਮਹੱਤਵਪੂਰਨ ਅੰਤਰ ਹਨ। ਕੋਕੀਨ ਦੀ ਸਪਲਾਈ ਅਤੇ ਮੰਗ ਵਿੱਚ ਵਾਧਾ ਸਪਲਾਈ ਲੜੀ ਦੇ ਨਾਲ-ਨਾਲ ਰਾਜਾਂ ਵਿੱਚ ਹਿੰਸਾ ਵਿੱਚ ਵਾਧੇ ਦੇ ਨਾਲ ਮੇਲ ਖਾਂਦਾ ਹੈ। ਜਨਵਰੀ 2024 ਤੱਕ ਕੈਨੇਡਾ, ਸੰਯੁਕਤ ਰਾਜ ਅਮਰੀਕਾ ਆਦਿ ਦੇ 27 ਅਧਿਕਾਰ ਖੇਤਰਾਂ ਨੇ ਗੈਰ-ਡਾਕਟਰੀ ਵਰਤੋਂ ਲਈ ਭੰਗ ਦੇ ਉਤਪਾਦਨ ਅਤੇ ਵਿਕਰੀ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ ਜਦੋਂ ਕਿ ਹੋਰ ਥਾਵਾਂ ਤੇ ਵੀ ਕਈ ਤਰ੍ਹਾਂ ਦੇ ਕਨੂੰਨਨ ਪਹੁੰਚ ਉਭਰ ਕੇ ਸਾਹਮਣੇ ਆਈ ਹੈ। ਕੈਨੇਡਾ ਅਤੇ ਸੰਯੁਕਤ ਰਾਜ ਅਮਰੀਕਾ ਵਿੱਚ ਭੰਗ ਦੀ ਵਰਤੋਂ ਸੰਬੰਧੀ ਵਿਕਾਰਾਂ ਨਾਲ ਸਬੰਧਤ ਹਸਪਤਾਲਾਂ ਵਿੱਚ ਭਰਤੀ ਹੋਣਾ ਅਤੇ ਮਾਨਸਿਕ ਵਿਕਾਰਾਂ ਵਾਲੇ ਲੋਕਾਂ ਅਤੇ ਨਿਯਮਤ ਭੰਗ ਦੀ ਵਰਤੋਂ ਨਾਲ ਜੁੜੇ ਖੁਦਕੁਸ਼ੀ ਦੀ ਕੋਸ਼ਿਸ਼ ਕਰਨ ਵਾਲਿਆਂ ਖਾਸ ਕਰਕੇ ਨੌਜਵਾਨ ਬਾਲਗਾਂ ਵਿੱਚ ਵਾਧਾ ਹੋਇਆ ਹੈ। ਨਸ਼ੇ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਦੁਨੀਆ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਬਹੁਤ ਸਾਰੇ ਲੋਕ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਉਨ੍ਹਾਂ ਨੂੰ ਕਲੰਕ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਨ੍ਹਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਉਨ੍ਹਾਂ ਨੂੰ ਲੋੜੀਂਦੀ ਮੱਦਦ ਤੱਕ ਪਹੁੰਚਣ ਤੋਂ ਰੋਕ ਸਕਦਾ ਹੈ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ (ਯੂਐਨਓਡੀਸੀ) ਮਨੁੱਖੀ ਅਧਿਕਾਰਾਂ, ਹਮਦਰਦੀ ਅਤੇ ਸਬੂਤ-ਅਧਾਰਿਤ ਅਭਿਆਸਾਂ ਤੇ ਕੇਂਦ੍ਰਿਤ ਡਰੱਗ ਨੀਤੀਆਂ ਪ੍ਰਤੀ ਲੋਕ-ਕੇਂਦ੍ਰਿਤ ਪਹੁੰਚ ਅਪਣਾਉਣ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ। ਵਿਗਿਆਨਕ ਇਲਾਜ ਸੰਬੰਧੀ ਸਬੂਤਾਂ ਅਤੇ ਮਨੋਵਿਗਿਆਨਕਾਂ ਦੀ ਡਾਕਟਰੀ ਵਰਤੋਂ ਲਈ ਦਿਸ਼ਾ-ਨਿਰਦੇਸ਼ਾਂ ਦੇ ਵਿਕਾਸ ਨੂੰ ਪਛਾੜਨ ਦੀ ਸਮਰੱਥਾ ਹੈ ਸੰਭਾਵੀ ਤੌਰ ਤੇ ਜਨਤਕ ਸਿਹਤ ਟੀਚਿਆਂ ਨਾਲ ਸਮਝੌਤਾ ਕਰ ਸਕਦੀ ਹੈ ਅਤੇ ਮਨੋਵਿਗਿਆਨਕਾਂ ਦੀ ਨਿਗਰਾਨੀ ਰਹਿਤ ਵਰਤੋਂ ਨਾਲ ਜੁੜੇ ਸਿਹਤ ਜੋਖਮਾਂ ਨੂੰ ਵਧਾ ਸਕਦੀ ਹੈ। ਸੰਯੁਕਤ ਰਾਜ ਵਿੱਚ 40 ਪ੍ਰਤੀਸ਼ਤ ਅਤੇ ਯੂਰਪ ਵਿੱਚ ਭੰਗ ਨੂੰ ਹਾਨੀਕਾਰਕ ਮੰਨਣ ਵਾਲੇ ਕਿਸ਼ੋਰਾਂ ਦੀ ਗਿਣਤੀ 25 ਪ੍ਰਤੀਸ਼ਤ ਤੱਕ ਘਟੀ ਹੈ ਇਸਤੋਂ ਇਲਾਵਾ ਬਹੁਤੇ ਦੇਸ਼ਾਂ ਨੇ ਭੰਗ ਦੀ ਵਰਤੋਂ ਵਿੱਚ ਵਾਧਾ ਦਰਜ ਕੀਤਾ ਹੈ। ਮੌਜੂਦਾ ਅਨੁਮਾਨ ਸਾਲ 2030 ਤੱਕ ਵਿਸ਼ਵ ਪੱਧਰ ਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 11 ਪ੍ਰਤੀਸ਼ਤ ਦੇ ਵਾਧੇ ਵੱਲ ਇਸ਼ਾਰਾ ਕਰਦੇ ਹਨ। ਇਸ ਅਨੁਮਾਨ ਅਨੁਸਾਰ 15 ਤੋਂ 64 ਸਾਲ ਦੀ ਉਮਰ ਦੇ ਲਗਭਗ 5.5 ਪ੍ਰਤੀਸ਼ਤ ਆਬਾਦੀ ਨੇ ਪਿਛਲੇ ਸਾਲ ਘੱਟੋ-ਘੱਟ ਇੱਕ ਵਾਰ ਨਸ਼ਿਆਂ ਦੀ ਵਰਤੋਂ ਕੀਤੀ ਹੈ ਜਦੋਂ ਕਿ 36.3 ਮਿਲੀਅਨ ਲੋਕ ਜਾਂ ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਦੀ ਕੁੱਲ ਗਿਣਤੀ ਦਾ 13 ਪ੍ਰਤੀਸ਼ਤ ਨਸ਼ੇ ਤੋਂ ਪੀੜ੍ਹਿਤ ਹਨ। ਵਿਸ਼ਵ ਪੱਧਰ ਤੇ 11 ਮਿਲੀਅਨ ਤੋਂ ਵੱਧ ਲੋਕਾਂ ਦੁਆਰਾ ਨਸ਼ੀਲੇ ਟੀਕੇ ਲਗਾਉਣ ਦਾ ਅਨੁਮਾਨ ਹੈ ਜਿਨ੍ਹਾਂ ਵਿੱਚੋਂ ਅੱਧੇ ਹੈਪੇਟਾਈਟਸ ਸੀ ਨਾਲ ਜੀਅ ਰਹੇ ਹਨ। ਇੱਕ ਰਿਪੋਰਟ ਅਨੁਸਾਰ ਦੁਨੀਆ ਵਿੱਚ 15-64 ਸਾਲ ਦੀ ਉਮਰ ਦੇ ਲੱਗਭੱਗ 284 ਮਿਲੀਅਨ ਲੋਕਾਂ ਨੇ ਨਸ਼ਿਆਂ ਦੀ ਵਰਤੋਂ ਕੀਤੀ ਜੋ ਪਿਛਲੇ ਦਹਾਕੇ ਨਾਲੋਂ 26 ਪ੍ਰਤੀਸ਼ਤ ਵੱਧ ਹੈ। ਇਸ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਲੱਗਭੱਗ 11.2 ਮਿਲੀਅਨ ਲੋਕ ਨਸ਼ੇ ਦੇ ਟੀਕੇ ਲਗਾ ਰਹੇ ਸਨ ਅਤੇ ਲੱਗਭੱਗ ਅੱਧੇ ਲੋਕ ਹੈਪੇਟਾਈਟਸ ਸੀ ਤੋਂ ਪੀੜ੍ਹਿਤ ਹਨ, 1.4 ਮਿਲੀਅਨ ਐੱਚਆਈਵੀ ਨਾਲ ਜੀਅ ਰਹੇ ਹਨ ਅਤੇ 1.2 ਮਿਲੀਅਨ ਦੋਵਾਂ ਰੋਗਾਂ ਨਾਲ ਜੀਅ ਰਹੇ ਹਨ। ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੇ ਨਿਰਮਾਣ ਅਤੇ ਜ਼ਬਤ ਕੀਤੇ ਜਾਣ ਦੀ ਸੰਖਿਆ ਵੱਧ ਰਹੀ ਹੈ। ਨਸ਼ਿਆਂ ਦੀ ਸਮੱਸਿਆ ਇੱਕ ਗੁੰਝਲਦਾਰ ਮੁੱਦਾ ਹੈ ਜੋ ਪੂਰੀ ਦੁਨੀਆ ਨੂੰ ਪ੍ਰਭਾਵਿਤ ਕਰਦੀ ਹੈ। ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਜਾਂ ਵਿਸ਼ਵ ਨਸ਼ਾ ਦਿਵਸ ਦੀ ਇਸ ਸਾਲ ਮੁਹਿੰਮ ਦਾ ਉਦੇਸ਼ ਉਨ੍ਹਾਂ ਲੋਕਾਂ ਨਾਲ ਸਤਿਕਾਰ ਅਤੇ ਹਮਦਰਦੀ ਨਾਲ ਪੇਸ਼ ਆਉਣ ਦੀ ਮਹੱਤਤਾ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ। ਇਹ ਮੁਹਿੰਮ ਇਸ ਸਾਲ 26 ਜੂਨ ਨੂੰ ਮਨਾਏ ਜਾਣ ਵਾਲੇ ਅੰਤਰ-ਰਾਸ਼ਟਰੀ ਨਸ਼ਾਖੋਰੀ ਅਤੇ ਗੈਰ-ਕਾਨੂੰਨੀ ਤਸਕਰੀ ਦਿਵਸ ਦਾ ਹੀ ਹਿੱਸਾ ਹੈ ਜੋ ਕਿ "ਨਸ਼ੇ ਦੀ ਲਤ ਦੀ ਰੋਕਥਾਮ ਅਤੇ ਇਲਾਜ ਹਰ ਕਿਸੇ ਦੀ ਜ਼ਿੰਮੇਵਾਰੀ ਹੈ" ਥੀਮ ਤਹਿਤ ਮਨਾਇਆ ਜਾਵੇਗਾ।




ਇਸ ਵਿੱਚ ਸਾਰਿਆਂ ਲਈ ਸਬੂਤ-ਅਧਾਰਿਤ, ਸਵੈ-ਇੱਛਤ ਸੇਵਾਵਾਂ ਪ੍ਰਦਾਨ ਕਰਨਾ, ਸਜ਼ਾ ਦੇ ਵਿਕਲਪ ਪੇਸ਼ ਕਰਨਾ, ਰੋਕਥਾਮ ਨੂੰ ਤਰਜੀਹ ਦੇਣਾ ਅਤੇ ਹਮਦਰਦੀ ਨਾਲ ਅਗਵਾਈ ਕਰਨਾ ਸ਼ਾਮਲ ਹਨ। ਇਸ ਮੁਹਿੰਮ ਦਾ ਉਦੇਸ਼ ਸਤਿਕਾਰਯੋਗ ਅਤੇ ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਲੋਕਾਂ ਜੋ ਨਸ਼ਿਆਂ ਦੀ ਵਰਤੋਂ ਕਰਦੇ ਹਨ ਵਿਰੁੱਧ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕਰਨਾ ਹੈ। ਸਿਹਤ ਦਾ ਅਧਿਕਾਰ ਅੰਤਰਰਾਸ਼ਟਰੀ ਪੱਧਰ ਤੇ ਮਾਨਤਾ ਪ੍ਰਾਪਤ ਮਨੁੱਖੀ ਅਧਿਕਾਰ ਹੈ ਜੋ ਸਾਰੇ ਮਨੁੱਖਾਂ ਦਾ ਹੈ ਭਾਵੇਂ ਕਿਸੇ ਵਿਅਕਤੀ ਦੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਸਥਿਤੀ ਹੋਵੇ ਜਾਂ ਕੋਈ ਵਿਅਕਤੀ ਕੈਦ, ਨਜ਼ਰਬੰਦ ਜਾਂ ਕੈਦ ਵਿੱਚ ਹੋਵੇ। ਇਹ ਉਹਨਾਂ ਲੋਕਾਂ, ਉਨ੍ਹਾਂ ਦੇ ਬੱਚਿਆਂ ਅਤੇ ਪਰਿਵਾਰਾਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੇ ਹੋਰ ਲੋਕਾਂ ਤੇ ਬਰਾਬਰ ਲਾਗੂ ਹੁੰਦਾ ਹੈ ਜੋ ਨਸ਼ੇ ਦੀ ਵਰਤੋਂ ਕਰਦੇ ਹਨ।ਸੰਯੁਕਤ ਰਾਸ਼ਟਰ ਦੇ ਡਰੱਗਜ਼ ਅਤੇ ਅਪਰਾਧ ਦਫ਼ਤਰ ਅਤੇ ਭਾਰਤ ਦੇ ਸਮਾਜਿਕ ਨਿਆਂ ਮੰਤਰਾਲੇ ਦੁਆਰਾ ਸਾਂਝੇ ਤੌਰ ਤੇ ਪ੍ਰਕਾਸ਼ਿਤ ਇੱਕ ਨਵੀਂ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਲੱਖਾਂ ਭਾਰਤੀ ਸ਼ਰਾਬ, ਭੰਗ ਅਤੇ ਅਫੀਮ ਤੇ ਨਿਰਭਰ ਹਨ ਅਤੇ ਭਾਰਤੀ ਸਮਾਜ ਵਿੱਚ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਇੱਕ ਵਿਆਪਕ ਵਰਤਾਰਾ ਹੈ। ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ। ਅੱਜ ਸ਼ਾਇਦ ਹੀ ਕੋਈ ਸ਼ਹਿਰ, ਪਿੰਡ, ਗਲੀ, ਮੁਹੱਲਾ ਅਜਿਹਾ ਬਚਿਆ ਹੋਵੇ ਜਿੱਥੇ ਨਸ਼ਿਆਂ ਦੀ ਭਰਮਾਰ ਨਾ ਹੋਵੇ। ਨੌਜਵਾਨ ਪੀੜ੍ਹੀ ਲਈ ਨਸ਼ਾ ਇੱਕ ਫੈਸ਼ਨ ਬਣ ਗਿਆ ਹੈ। ਨੌਜਵਾਨ ਮੁੰਡਿਆਂ ਤੋਂ ਇਲਾਵਾ ਨੌਜਵਾਨ ਕੁੜੀਆਂ ਵੀ ਨਸ਼ੇ ਦੇ ਦਲਦਲ ਵਿੱਚ ਫਸਦੀਆਂ ਜਾ ਰਹੀਆਂ ਹਨ। ਨਸ਼ਿਆਂ ਨੂੰ ਮੁੱਖ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ਸਰਕਾਰ ਵਲੋਂ ਮੰਨਜੂਰ ਸ਼ੁਦਾ ਨਸ਼ੇ ਜਿਨ੍ਹਾਂ ਤੇ ਕੋਈ ਰੋਕ ਨਹੀਂ ਹੈ ਅਤੇ ਸਰਕਾਰ ਵਲੋਂ ਪਾਬੰਦੀਸ਼ੁਦਾ ਨਸ਼ੇ। ਆਮ ਤੋਰ ਤੇ ਪਾਬੰਦੀਸ਼ੁਦਾ ਨਸ਼ਿਆਂ ਨੂੰ ਹੀ ਨਸ਼ੇ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕੁੱਝ ਸੂਬਿਆਂ ਵਿੱਚ ਪਾਬੰਦੀਸ਼ੁਦਾ ਅਤੇ ਗੈਰ ਕਨੂੰਨੀ ਨਸ਼ੇ ਦੂਜੇ ਰਾਜਾਂ ਵਿੱਚ ਮੰਨਜੂਰਸ਼ੁਦਾ ਹਨ ਜਿਵੇਂ ਕਿ ਗੁਜਰਾਤ ਸਮੇਤ ਕੁੱਝ ਰਾਜਾਂ ਵਿੱਚ ਬੇਸ਼ੱਕ ਸ਼ਰਾਬ ਤੇ ਪਾਬੰਦੀ ਹੈ ਪਰ ਦੂਜੇ ਕਈ ਰਾਜਾਂ ਦੀ ਆਮਦਨ ਦਾ ਵੱਡਾ ਸਾਧਨ ਹੀ ਸ਼ਰਾਬ ਦੀ ਵਿਕਰੀ ਬਣਿਆ ਹੋਇਆ ਹੈ। ਇਸੇ ਤਰਾਂ ਕਈ ਰਾਜਾਂ ਵਿੱਚ ਅਫੀਮ ਤੇ ਪਾਬੰਦੀ ਹੈ ਪਰ ਕਈ ਦੂਜੇ ਰਾਜਾਂ ਵਿੱਚ ਇਸਦੀ ਖੇਤੀ ਅਤੇ ਵਿਕਰੀ ਹੁੰਦੀ ਹੈ। ਭੰਗ, ਅਫੀਮ, ਸ਼ਰਾਬ, ਡੋਡੇ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਅੱਜ ਕੱਲ ਨਸ਼ਿਆਂ ਦੇ ਕਈ ਆਧੁਨਿਕ ਨਵੇਂ ਰੂਪ ਸਾਹਮਣੇ ਆ ਰਹੇ ਹਨ ਜਿਵੇਂ ਕਿ ਬਰਾਊਨ ਸ਼ੂਗਰ, ਕੱਚੀ ਅਫੀਮ, ਚਰਸ, ਮਾਰਫੀਨ ਦੇ ਟੀਕੇ, ਕੈਪਸੂਲ, ਗੋਲੀਆਂ, ਸਮੈਕ, ਹੈਰੋਇਨ ਆਦਿ। ਕਈ ਨਸ਼ੇੜੀ ਖਾਂਸੀ ਦੀ ਦਵਾਈ, ਆਇਓਡੈਕਸ ਆਦਿ ਦਾ ਵੀ ਨਸ਼ਾ ਕਰਦੇ ਹਨ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਿਜ਼ ਨਵੀਂ ਦਿੱਲੀ ਦੇ ਨੈਸ਼ਨਲ ਡਰੱਗ ਡਿਪੈਂਡੈਂਸ ਟਰੀਟਮੈਂਟਸੈਂਟਰਰਾਹੀਂਭਾਰਤਵਿੱਚਨਸ਼ੀਲੇ ਪਦਾਰਥਾਂ ਦੀ ਵਰਤੋਂ ਦੀ ਹੱਦ ਅਤੇ ਪੈਟਰਨ ਬਾਰੇ ਪਹਿਲੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਅਨੁਸਾਰ ਸ਼ਰਾਬ ਸਭ ਤੋਂ ਆਮ ਮਨੋਵਿਗਿਆਨਕ ਪਦਾਰਥ ਹੈ ਜਿਸਦੀ ਵਰਤੋਂ ਭਾਰਤੀਆਂ ਦੁਆਰਾ ਕੀਤੀ ਜਾਂਦੀ ਹੈ। ਰਿਪੋਰਟ ਅਨੁਸਾਰ ਦੇਸ਼ ਵਿੱਚ ਲਗਭਗ 16 ਕਰੋੜ ਵਿਅਕਤੀ ਸ਼ਰਾਬ ਦਾ ਸੇਵਨ ਕਰਦੇ ਹਨ, 3.1 ਕਰੋੜ ਵਿਅਕਤੀ ਭੰਗ ਦੇ ਉਤਪਾਦਾਂ ਅਤੇ 2.26 ਕਰੋੜ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ ਹਨ। ਲੱਗਭੱਗ 5.7 ਕਰੋੜ ਤੋਂ ਵੱਧ ਲੋਕ ਹਾਨੀਕਾਰਕ ਨਸ਼ਿਆਂ ਦੀ ਵਰਤੋਂ ਤੋਂ ਪ੍ਰਭਾਵਿਤ ਹਨ ਅਤੇ ਉਹਨਾਂ ਨੂੰ ਸ਼ਰਾਬ ਦੀ ਵਰਤੋਂ ਦੀਆਂ ਸਮੱਸਿਆਵਾਂ ਲਈ ਮਦਦ ਦੀ ਲੋੜ ਹੈ, ਲੱਗਭੱਗ 25 ਲੱਖ ਭੰਗ ਤੇ ਨਿਰਭਰਤਾ ਤੋਂ ਪੀੜਤ ਹਨ ਅਤੇ ਲਗਭਗ 77 ਲੱਖ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਸਬੰਧੀ ਸਮੱਸਿਆਵਾਂ ਲਈ ਮੱਦਦ ਦੀ ਲੋੜ ਹੋਣ ਦਾ ਅਨੁਮਾਨ ਹੈ। ਨਸ਼ੀਲੇ ਪਦਾਰਥਾਂ ਦਾ ਟੀਕਾ ਲਗਾਉਣਾ ਪੂਰੇ ਦੇਸ਼ ਵਿੱਚ ਕਾਫ਼ੀ ਫੈਲਿਆ ਹੋਇਆ ਹੈ। ਪੰਜਾਬ ਰਾਜ ਨੂੰ ਬੇਸ਼ੱਕ ਪੰਜ ਦਰਿਆਵਾਂ ਦੀ ਧਰਤੀ ਕਿਹਾ ਜਾਂਦਾ ਹੈ ਪਰ ਹੁਣ ਪੰਜਾਬ ਵਿੱਚ ਨਸ਼ਿਆ ਦਾ ਛੇਵਾਂ ਦਰਿਆ ਵਗ ਰਿਹਾ ਹੈ। ਕਈ ਵੱਡੇ-ਵੱਡੇ ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂ ਨਸ਼ਿਆਂ ਵਿੱਚ ਡੁੱਬੇ ਪਏ ਹਨ। ਚੋਣਾਂ ਦੌਰਾਨ ਤਾਂ ਨਸ਼ਿਆਂ ਦੀ ਵਰਤੋਂ ਕਈ ਗੁਣਾ ਵੱਧ ਜਾਂਦੀ ਹੈ। ਜਿਹੜੇ ਨੇਤਾ ਅਕਸਰ ਨਸ਼ਿਆ ਵਿਰੁੱਧ ਭਾਸ਼ਣ ਦਿੰਦੇ ਹਨ ਉਹੀ ਨੇਤਾ ਚੋਣਾਂ ਵਿੱਚ ਨਸ਼ਿਆਂ ਨੂੰ ਵੰਡਦੇ ਹਨ। ਚੋਣਾਂ ਸਮੇਂ ਵਿਕਣ ਵਾਲੀ ਜ਼ਹਿਰੀਲੀ ਸ਼ਰਾਬ ਅਤੇ ਹੋਰ ਮਿਲਾਵਟੀ ਨਸ਼ਿਆਂ ਨਾਲ ਕਈ ਵਾਰ ਆਮ ਲੋਕ ਮਾਰੇ ਜਾਂਦੇ ਹਨ। ਸਮਾਜ ਵਿੱਚ ਨਸ਼ਿਆਂ ਦੇ ਦਿਨ ਪ੍ਰਤੀ ਦਿਨ ਵਧਣ ਦੇ ਕਈ ਕਾਰਨ ਹਨ ਜਿਨ੍ਹਾਂ ਵਿੱਚ ਸਰਕਾਰ ਦੀਆਂ ਢਿੱਲਮੱਠ ਦੀਆਂ ਨੀਤੀਆਂ, ਕਨੂੰਨ ਵਿੱਚ ਲਚਕੀਲਾਪਣ, ਨਸ਼ਿਆਂ ਦੇ ਸੋਦਾਗਰਾਂ ਦੀ ਸਰਕਾਰੇ ਦਰਬਾਰੇ ਪਹੁੰਚ, ਲੋਕਾਂ ਵਿੱਚ ਵੱਧ ਰਿਹਾ ਤਣਾਅ ਆਦਿ ਸ਼ਾਮਲ ਹਨ। ਸਮਾਜਿਕ-ਆਰਥਿਕ ਵਿਕਾਸ ਦੇ ਨਾਂ ਤੇ ਨਵੀਆਂ ਸਕੀਮਾਂ ਦਾ ਅਸਰ ਕੁਝ ਥਾਂਵਾਂ ਤੱਕ ਹੀ ਸੀਮਿਤ ਰਹਿ ਜਾਣ ਕਰਕੇ ਪੜ੍ਹਿਆ ਲਿਖਿਆ ਅਤੇ ਅਨਪੜ੍ਹ ਖਾਸ ਕਰਕੇ ਪੇਂਡੂ ਨੌਜਵਾਨ ਆਪਣੀਆਂ ਆਸਾਂ ਦੀ ਪੂਰਤੀ ਨਾ ਹੋ ਸਕਣ ਕਾਰਨ ਨਸ਼ਿਆਂ ਦੀ ਲਪੇਟ ਵਿੱਚ ਆ ਰਿਹਾ ਹੈ। ਗੈਰ ਸਰਕਾਰੀ ਸੰਗਠਨ ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼ ਅਤੇ ਏਮਜ਼ ਦੇ ਮਾਹਿਰਾਂ ਦੁਆਰਾ ਕਰਵਾਏ ਗਏ ਸਰਵੇਖਣ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਲੱਗਭੱਗ 2.32 ਲੱਖ ਵਿਅਕਤੀ ਨਸ਼ਿਆਂ ਤੇ ਨਿਰਭਰ ਹਨ। ਇਸਦਾ ਮਤਲਬ ਹੈ ਕਿ ਬਾਲਗ ਆਬਾਦੀ ਦਾ 1.2% ਨਸ਼ਿਆਂ ਦੀ ਆਦੀ ਹੈ। ਪੰਜਾਬ ਦੀ ਆਬਾਦੀ ਦਾ ਸਭ ਤੋਂ ਵੱਧ ਪ੍ਰਤੀਸ਼ਤ ਨਸ਼ਿਆਂ ਦੀ ਵਰਤੋਂ ਕਰ ਰਿਹਾ ਹੈ। ਜ਼ਿਆਦਾਤਰ ਨਸ਼ਿਆਂ ਦੀਆਂ ਸ਼੍ਰੇਣੀਆਂ ਲਈ ਪੰਜਾਬ ਵਿੱਚ ਇਸਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਪ੍ਰਤੀਸ਼ਤਤਾ ਰਾਸ਼ਟਰੀ ਔਸਤ ਨਾਲੋਂ ਬਹੁਤ ਜ਼ਿਆਦਾ ਹੈ। ਪੰਜਾਬ ਵਿੱਚ ਸ਼ਰਾਬ ਦੀ ਵਰਤੋਂ 28.5% ਹੈ ਜਦੋਂ ਕਿ ਰਾਸ਼ਟਰੀ ਔਸਤ 14.6% ਹੈ,ਭੰਗ ਦੀ ਵਰਤੋਂ ਪੰਜਾਬ ਵਿੱਚ 12.5% ਅਤੇ ਰਾਸ਼ਟਰੀ ਔਸਤ 2.8% ਹੈ। ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨਜ਼ ਚੰਡੀਗੜ੍ਹ ਦੀ ਇੱਕ ਰਿਪੋਰਟ ਅਨੁਸਾਰ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਵਿੱਚ ਨਸ਼ਿਆਂ ਦੀ ਵਰਤੋਂ ਕਰਨ ਵਾਲਿਆਂ ਵਿੱਚ ਲੱਗਭੱਗ 35 ਫਿਸਦੀ 15 ਤੋਂ 25 ਸਾਲ ਦੇ ਨੌਜਵਾਨ ਸਾਮਿਲ ਹਨ। ਇੱਕ ਗੈਰ ਸਰਕਾਰੀ ਸੰਗਠਨ ਵਲੋਂ ਸਿਹਤ ਵਿਭਾਗ ਪੰਜਾਬ ਅਤੇ ਸਮਾਜਿਕ ਨਿਆਏ ਮੰਤਰਾਲਿਆ ਲਈ ਨਸ਼ਿਆਂ ਦੀ ਵਰਤੋਂ ਸਬੰਧੀ ਪੰਜਾਬ ਦੇ ਲੱਗਭੱਗ 10 ਜਿਲਿਆਂ ਬਠਿੰਡਾ, ਫਿਰੋਜਪੁਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਸੰਗਰੂਰ, ਤਰਨਤਾਰਨ ਆਦਿ ਵਿੱਚ ਸਰਵੇਖਣ ਕੀਤਾ ਗਿਆ ਜਿਸ ਵਿੱਚ ਹੈਰਾਨ ਅਤੇ ਪ੍ਰੇਸ਼ਾਨ ਕਰਨ ਵਾਲੇ ਅੰਕੜੇ ਸਾਹਮਣੇ ਆਏ ਹਨ। ਸਮਾਜਿਕ ਸੁਰਖਿਆ ਵਿਭਾਗ ਪੰਜਾਬ ਵਲੋਂ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਦਿਤੇ ਗਏ ਐਫੀਡੈਵਿਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ 16 ਫਿਸਦੀ ਲੋਕ ਗੰਭੀਰ ਨਸ਼ਿਆਂ ਦੇ ਆਦੀ ਹਨ। ਪੰਜਾਬ ਰਾਜ ਏਡਜ਼ ਕੰਟਰੋਲ ਸੋਸਾਇਟੀ ਵਲੋਂ ਐਚ ਆਈ ਵੀ/ਏਡਜ਼ ਕੰਟਰੋਲ ਲਈ ਚਲਾਏ ਜਾ ਰਹੇ ਜਾਗਰੂਕਤਾ ਪ੍ਰੋਗਰਾਮ ਵਿੱਚ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਬਾਕੀ ਨਸ਼ਿਆਂ ਦੇ ਨਾਲ ਨਾਲ ਪੰਜਾਬ ਵਿੱਚ ਟੀਕਿਆਂ ਦੁਆਰਾ ਨਸ਼ਾ ਕਰਨ ਦੇ ਰੁਝਾਨ ਵਿੱਚ ਵੀ ਵਾਧਾ ਹੋਇਆ ਹੈ ਜੋ ਕਿ ਐਚ ਆਈ ਵੀ/ਏਡਜ਼ ਫੈਲਣ ਦਾ ਵੱਡਾ ਕਾਰਨ ਬਣਿਆ ਹੋਇਆ ਹੈ। ਪੀ ਜੀ ਆਈ ਦੀ ਰਿਪੋਰਟ ਵਿੱਚ ਸਾਹਮਣੇ ਆਇਆ ਹੈ ਕਿ ਪੰਜਾਬ ਵਿੱਚ ਇਸ ਸਮੇਂ 3 ਮਿਲੀਅਨ ਤੋਂ ਵੱਧ ਲੋਕ ਕਿਸੇ ਨਾ ਕਿਸੇ ਕਿਸਮ ਦੇ ਨਸ਼ੇ ਦਾ ਸੇਵਨ ਕਰ ਰਹੇ ਹਨ। ਪਿਛਲੇ ਕੁੱਝ ਦਹਾਕਿਆਂ ਦੌਰਾਨ ਪੰਜਾਬ ਵਿੱਚ ਸ਼ਰਾਬ ਦੇ ਪਿਆਕੜਾਂ ਦੀ ਗਿਣਤੀ ਵਿੱਚ ਹੀ ਅਥਾਹ ਵਾਧਾ ਹੋਇਆ ਹੈ। ਪੰਜਾਬ ਵਿੱਚ ਜਹਿਰੀਲੀ ਸ਼ਰਾਬ ਅਤੇ ਮਿਲਾਵਟੀ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਰਕਾਰ ਦੇ ਦਾਅਵਿਆਂ ਦੀ ਪੋਲ ਖੋਲਦੀਆਂ ਹਨ। ਪੁਲਿਸ ਵਲੋਂ ਆਏ ਦਿਨ ਨਸ਼ਿਆਂ ਸਬੰਧੀ ਦਰਜ਼ ਕੀਤੇ ਜਾਂਦੇ ਮਾਮਲੇ ਇਹ ਸਾਬਤ ਕਰਦੇ ਹਨ ਕਿ ਪੰਜਾਬ ਵਿੱਚ ਨਸ਼ਿਆਂ ਦੀ ਹੋ ਰਹੀ ਸਪਲਾਈ ਤੇ ਵਰਤੋਂ ਖਤਰਨਾਕ ਪੱਧਰ ਤੇ ਪਹੁੰਚ ਚੁੱਕੀ ਹੈ। ਸੰਸਦ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੰਜਾਬ ਵਿੱਚ 6.6 ਮਿਲੀਅਨ ਤੋਂ ਵੱਧ ਨਸ਼ਾ ਕਰਨ ਵਾਲਿਆਂ ਵਿੱਚੋਂ 697000 ਬੱਚੇ 10-17 ਸਾਲ ਦੀ ਉਮਰ ਦੇ ਹਨ। ਸਿਰਫ਼ ਮਰਦ ਹੀ ਨਹੀਂ ਸਗੋਂ ਨੌਜਵਾਨ ਔਰਤਾਂ ਵੀ ਨਸ਼ਾ ਤਸਕਰਾਂ ਦਾ ਨਿਸ਼ਾਨਾ ਹਨ।



ਐਡਵੋਕੇਟ ਕੁਲਦੀਪ ਚੰਦ
91-9417563054

ਅੰਕੜੇ ਦੱਸਦੇ ਹਨ ਕਿ ਭਾਰਤ ਵਿੱਚ ਕੁੱਲ ਮਹਿਲਾ ਨਸ਼ਾ ਕਰਨ ਵਾਲੀਆਂ ਵਿੱਚੋਂ 16 ਪ੍ਰਤੀਸ਼ਤ ਪੰਜਾਬ ਤੋਂ ਹੀ ਹਨ। 2020 ਵਿੱਚ ਭਾਰਤ ਵਿੱਚ ਜ਼ਬਤ ਕੀਤੇ ਗਏ ਸਾਰੇ ਨਸ਼ਿਆਂ ਵਿੱਚੋਂ 75 ਪ੍ਰਤੀਸ਼ਤ ਪੰਜਾਬ ਵਿੱਚ ਹੀ ਸਨ। ਜਦੋਂ ਨਸ਼ੀਲੇ ਪਦਾਰਥਾਂ ਨਾਲ ਹੋਣ ਵਾਲੀਆਂ ਮੌਤਾਂ ਦੀ ਗੱਲ ਆਉਂਦੀ ਹੈ ਤਾਂ 2022 ਵਿੱਚ ਪੰਜਾਬ ਦਾ ਹਿੱਸਾ 21 ਪ੍ਰਤੀਸ਼ਤ ਸੀ। ਇਹਨਾਂ ਵਿੱਚੋਂ ਜ਼ਿਆਦਾਤਰ 18-30 ਸਾਲ ਦੀ ਉਮਰ ਦੇ ਵਿਅਕਤੀ ਸਨ। ਪੰਜਾਬ ਦੇ ਨਸ਼ੀਲੇ ਪਦਾਰਥਾਂ ਦੇ ਖਤਰੇ ਬਾਰੇ ਕਈ ਅਧਿਐਨ ਦਰਸਾਉਂਦੇ ਹਨ ਕਿ ਹਰੀ ਕ੍ਰਾਂਤੀ ਦੀ ਸਫਲਤਾ ਤੋਂ ਪ੍ਰਾਪਤ ਅਮੀਰੀ ਨੇ ਲੋਕਾਂ ਨੂੰ ਨਸ਼ੀਲੇ ਪਦਾਰਥਾਂ ਲਈ ਆਸਾਨੀ ਨਾਲ ਪੈਸਾ ਪ੍ਰਦਾਨ ਕੀਤਾ। ਡਰੱਗ ਮਾਫੀਆ ਅਤੇ ਪੁਲਿਸ ਗੱਠਜੋੜ ਨੂੰ ਨੱਥ ਪਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੱਗਭੱਗ 10000 ਪੁਲਿਸ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਤਬਦੀਲ ਕਰ ਦਿੱਤਾ। ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ" ਨੇ ਸੂਬੇ ਵਿੱਚ ਨਸ਼ਿਆਂ ਦੀ ਤਸਕਰੀ ਕਰਨ ਵਾਲੇ ਨੈੱਟਵਰਕਾਂ ਨੂੰ ਵੱਡਾ ਝਟਕਾ ਦਿੱਤਾ ਹੈ। ਪੰਜਾਬ ਪੁਲਿਸ ਨੇ 31 ਮਈ ਤੱਕ ਲੱਗਭੱਗ 8344 ਐਫ ਆਈ ਆਰ ਦਰਜ ਕੀਤੀਆਂ ਹਨ ਅਤੇ 14734 ਨਸ਼ਿਆਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਸ ਵਿੱਚ 13038 ਨਸ਼ੇ ਦੇ ਤਸਕਰ ਅਤੇ 1696 ਸੂਚੀਬੱਧ ਨਸ਼ੇ ਦੇ ਸਪਲਾਇਰ/ਵਿਤਰਕ ਸ਼ਾਮਲ ਹਨ। ਇਸ ਮੁਹਿੰਮ ਦੌਰਾਨ ਨਸ਼ਿਆਂ ਦੀ ਵੱਡੀ ਬਰਾਮਦਗੀ ਹੋਈ ਹੈ ਜਿਸ ਵਿੱਚ 586 ਕਿਲੋਗ੍ਰਾਮ ਹੈਰੋਇਨ, 247 ਕਿਲੋਗ੍ਰਾਮ ਅਫੀਮ, 14 ਟਨ ਭੁੱਕੀ, 9 ਕਿਲੋਗ੍ਰਾਮ ਚਰਸ, 253 ਕਿਲੋਗ੍ਰਾਮ ਗਾਂਜਾ, 2.5 ਕਿਲੋਗ੍ਰਾਮ ਆਈਸ, 1.6 ਕਿਲੋਗ੍ਰਾਮ ਕੋਕੀਨ, 25.70 ਲੱਖ ਨਸ਼ੀਲੀਆਂ ਗੋਲੀਆਂ ਅਤੇ 10.76 ਕਰੋੜ ਰੁਪਏ ਦੀ ਡਰੱਗ ਮਨੀ ਸ਼ਾਮਲ ਹੈ। ਇਸ ਮੁਹਿੰਮ ਦੌਰਾਨ 144 ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਤੌਰ ਤੇ ਬਣਾਈਆਂ 74.27 ਕਰੋੜ ਰੁਪਏ ਦੀਆਂ ਜਾਇਦਾਦਾਂ ਨੂੰ ਜ਼ਬਤ ਕਰ ਲਿਆ ਗਿਆ ਹੈ ਅਤੇ ਨਸ਼ਾ ਤਸਕਰਾਂ ਦੀਆਂ 104 ਗੈਰ-ਕਾਨੂੰਨੀ ਤੌਰ ਤੇ ਬਣਾਈਆਂ ਗਈਆਂ ਜਾਇਦਾਦਾਂ ਨੂੰ ਢਾਹ ਦਿੱਤਾ ਗਿਆ ਹੈ। ਇਸ ਸਮੇਂ ਦੌਰਾਨ ਫੈਸਲਾ ਕੀਤੇ ਗਏ 1205 ਮਾਮਲਿਆਂ ਵਿੱਚੋਂ 1085 ਮਾਮਲਿਆਂ ਵਿੱਚ 90ਗ ਦੀ ਸਜ਼ਾ ਦਰ ਨਾਲ ਦੋਸ਼ੀ ਠਹਿਰਾਇਆ ਗਿਆ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਦੌਰਾਨ 5786 ਨਸ਼ਾ ਕਰਨ ਵਾਲਿਆਂ ਨੂੰ ਇਲਾਜ ਲਈ ਨਸ਼ਾ ਛੁਡਾਊ ਕੇਂਦਰਾਂ ਵਿੱਚ ਲਿਜਾਇਆ ਗਿਆ ਹੈ ਜਦੋਂ ਕਿ 6483 ਨਸ਼ਾ ਕਰਨ ਵਾਲਿਆਂ ਨੂੰ ਪੁਲਿਸ ਨੇ ਓਟ ਕੇਂਦਰਾਂ ਤੋਂ ਇਲਾਜ ਕਰਵਾਉਣ ਲਈ ਤਿਆਰ ਕੀਤਾ ਹੈ। ਸਰਕਾਰ ਵਲੋਂ ਇਸ ਸਮੱਸਿਆ ਸਬੰਧੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਪਰੰਤੂ ਨਸ਼ਿਆਂ ਦੇ ਕਾਰੋਬਾਰ ਵਿੱਚ ਕੋਈ ਖਾਸ ਕਮੀ ਨਜ਼ਰ ਨਹੀਂ ਆ ਰਹੀ ਹੈ। ਸਰਕਾਰ ਵਲੋਂ ਇਸ ਸਬੰਧੀ ਕੀਤੀ ਜਾ ਰਹੀ ਸਖਤੀ ਅਤੇ ਕਾਨੂੰਨੀ ਕਾਰਵਾਈ ਦਾ ਵੀ ਜਿਆਦਾ ਅਸਰ ਵੇਖਣ ਨੂੰ ਨਹੀਂ ਮਿਲ਼ ਰਿਹਾ ਹੈ ਕਿਉਂਕਿ ਕਈ ਵਿਅਕਤੀ ਰਾਜਨੀਤੀਵਾਨਾਂ ਅਤੇ ਅਧਿਕਾਰੀਆਂ ਦੀ ਮਿਲੀਭੁੱਗਤ ਨਾਲ ਬਿਨਾਂ ਕਿਸੇ ਡਰ ਦੇ ਅਪਣਾ ਧੰਦਾ ਕਰ ਰਹੇ ਹਨ। ਸੰਯੁਕਤ ਰਾਸ਼ਟਰ ਦੇ ਨਸ਼ਿਆਂ ਅਤੇ ਅਪਰਾਧ ਬਾਰੇ ਦਫ਼ਤਰ ਵਲੋਂ ਵਿਸ਼ਵ ਪੱਧਰ ਤੇ ਵਿਸ਼ੇਸ਼ ਸੁਨੇਹਾ ਹੈ ਕਿ ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਤੇ ਕਲੰਕ ਅਤੇ ਵਿਤਕਰੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਪੈਦਾ ਕੀਤਾ ਜਾਵੇ।ਨਸ਼ਿਆਂ ਦੀ ਵਰਤੋਂ ਕਰਨ ਵਾਲੇ ਲੋਕਾਂ ਵਿੱਚ ਏਡਜ਼ ਅਤੇ ਹੈਪੇਟਾਈਟਸ ਮਹਾਂਮਾਰੀ ਬਾਰੇ ਜਾਗਰੂਕਤਾ ਪ੍ਰੋਗਰਾਮਾਂ ਦਾ ਵਿਸਥਾਰ ਕੀਤਾ ਜਾਵੇ, ਉਪਲੱਬਧ ਇਲਾਜਾਂ ਅਤੇ ਸ਼ੁਰੂਆਤੀ ਦਖਲ ਅਤੇ ਸਹਾਇਤਾ ਦੀ ਮਹੱਤਤਾ ਬਾਰੇ ਸਿੱਖਿਅਤ ਕੀਤਾ ਜਾਵੇ। ਆਦਰਯੋਗ ਅਤੇ ਗੈਰ-ਨਿਰਣਾਇਕ ਭਾਸ਼ਾ ਅਤੇ ਰਵੱਈਏ ਨੂੰ ਉਤਸ਼ਾਹਿਤ ਕਰਕੇ ਕਲੰਕ ਅਤੇ ਵਿਤਕਰੇ ਦਾ ਮੁਕਾਬਲਾ ਕੀਤਾ ਜਾਵੇ।ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਤਸਕਰਾਂ ਤੇ ਕਾਰਵਾਈ ਕੀਤੀ ਜਾਵੇ। ਮਾਮੂਲੀ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਸਜ਼ਾ ਅਤੇ ਕੈਦ ਦੀ ਬਜਾਏ ਮੁੜ ਵਸੇਬੇ ਤੇ ਜ਼ੋਰ ਦਿਤਾ ਗਿਆ ਹੈ। ਜੇਕਰ ਸਰਕਾਰ ਅਤੇ ਬੁੱਧੀਜੀਵੀ ਵਰਗ ਨੇ ਅਜੇ ਵੀ ਇਸ ਸਮੱਸਿਆ ਵੱਲ ਧਿਆਨ ਨਾਂ ਦਿਤਾ ਤਾਂ ਆਣ ਵਾਲਾ ਸਮਾਂ ਹੋਰ ਵੀ ਭਿਆਨਕ ਹੋਵੇਗਾ। ਸਰਕਾਰ ਦੇ ਨਾਲ ਨਾਲ ਧਾਰਮਿਕ, ਸਮਾਜਿਕ, ਰਾਜਨੀਤਿਕ ਆਗੂਆਂ ਨੂੰ ਵੀ ਇਸ ਸਮੱਸਿਆ ਤੋਂ ਲੋਕਾਂ ਨੂੰ ਬਚਾਉਣ ਲਈ ਖੁੱਲਕੇ ਅੱਗੇ ਆਣਾ ਪਵੇਗਾ ਤਾਂ ਜੋ ਦੇਸ਼ ਅਤੇ ਸਮਾਜ ਵਿੱਚਨਸ਼ਿਆਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਨੂੰ ਖਤਮ ਕਰਕੇ ਇਸ ਦਿਨ ਦਾ ਮੰਤਬ ਪੂਰਾ ਕੀਤਾ ਜਾ ਸਕੇ।

ਜਨਮ ਦਿਨ 'ਤੇ ਵਿਸ਼ੇਸ਼

# 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ ਪਿਤਾਮਾ ਨਾਵਲਕਾਰ ਨਾਨਕ ਸਿੰਘ



ਐਚ. ਐਲ. ਕਪੂਰ

ਸਰਦਾਰ ਨਾਨਕ ਸਿੰਘ ਨਾਵਲਕਾਰ ਦਾ ਜਨਮ ਪਾਕਿਸਤਾਨ ਦੇ ਜਿਹਲਮ ਜ਼ਿਲ੍ਹੇ 'ਚ ਇਕ ਗਰੀਬ ਹਿੰਦੂ 'ਸੂਰੀ' ਗੋਤਰ ਪੰਜਾਬੀ ਪਰਿਵਾਰ 'ਚ 4 ਜੁਲਾਈ 1897 ਨੂੰ ਹੋਇਆ। ਉਹਨਾਂ ਦਾ ਪਹਿਲਾ ਨਾਂ 'ਹੰਸ ਰਾਜ' 'ਤੇ ਪਤਨੀ ਦਾ ਨਾਂ ਰਾਜ ਕੌਰ ਸੀ ਤੇ ਪਿੱਛੋਂ ਸਿੱਖ ਧਰਮ ਅਪਣਾ ਕੇ ਆਪਣਾ ਨਾਂ ਨਾਨਕ ਸਿੰਘ ਰੱਖ ਲਿਆ। ਉਹ ਆਪਣੀ ਮੁਢਲੀ ਵਿੱਦਿਆ ਗਰੀਬੀ ਕਾਰਨ ਪੰਜਵੀਂ ਜਮਾਤ ਤੱਕ ਹੀ ਪ੍ਰਾਪਤ ਕਰ ਸਕੇ। ਉਹਨਾਂ ਨੇ ਆਪਣੇ ਬਚਪਨ ਤੋਂ ਹੀ ਇਤਿਹਾਸਕ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਤੋਂ ਬਾਅਦ ਉਹਨਾਂ ਨੇ ਭਗਤੀ ਭਾਵਨਾਵਾਂ ਵਾਲੇ ਜਾਂ ਸ਼ਰਧਾਮਈ ਗੀਤ ਲਿਖਣੇ ਆਰੰਭ ਕਰ ਦਿੱਤੇ। ਉਸ ਤੋਂ ਉਪਰੰਤ ਉਨ੍ਹਾਂ ਨੇ 1918 'ਚ ਸਿੱਖਾਂ ਨੂੰ 'ਗੁਰਦੁਆਰਾ ਸੁਧਾਰ ਲਹਿਰ' 'ਚ ਸ਼ਾਮਲ ਹੋਣ ਲਈ ਉਤਸ਼ਾਹਿਤ ਕਰਨਾ ਆਰੰਭ ਦਿੱਤਾ। ਉਹਨਾਂ ਨੇ ਸਭ ਤੋਂ ਪਹਿਲਾਂ ਆਪਣੀ ਪੁਸਤਕ 'ਸਤਿਗੁਰੂ ਮਹਿਮਾ' ਛਪਾਈ ਤੇ ਇਸ ਪੁਸਤਕ 'ਚ ਉਹਨਾਂ ਨੇ ਸਿੱਖ ਗੁਰੂ ਸਾਹਿਬਾਨ ਦੀ ਉਸਤੱਤਿ ਨਾਲ ਸਬੰਧਤ ਭਜਨਾਂ ਨੂੰ ਸ਼ਾਮਲ ਕੀਤਾ। ਉਹਨਾਂ ਦੀ ਇਹ ਪਹਿਲੀ ਪੁਸਤਕ ਛਪਾਈ ਉਪਰੰਤ ਵਿਉਪਾਰਕ ਪੱਖੋਂ ਬਹੁਤ ਕਾਮਯਾਬ ਸਾਬਤ ਹੋਈ।

ਫਿਰ ਉਹਨਾਂ ਨੇ ਭਾਰਤ ਦੀ ਆਜ਼ਾਦੀ ਲਈ ਚੱਲ ਰਹੀ ਲਹਿਰ 'ਚ ਭਾਗ ਲੈਣਾ ਸ਼ੁਰੂ ਕਰ ਦਿੱਤਾ। ਮਿਤੀ 13 ਅਪ੍ਰੈਲ 1919 ਨੂੰ ਵਿਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ 'ਚ ਅੰਗਰੇਜ਼ ਸਰਕਾਰ ਦੇ ਪੁਲਿਸ ਕਪਤਾਨ ਜਨਰਲ ਡਾਇਰ ਨੇ ਪੁਲਿਸ ਦੀ ਇਕ ਹਥਿਆਰਬੰਦ ਟੁਕੜੀ ਨਾਲ ਜਿਸ ਦੀ ਉਹ ਅਗਵਾਈ ਕਰ ਰਿਹਾ ਸੀ, ਨੇ ਸ਼ਾਂਤਮਈ ਢੰਗ ਨਾਲ ਮੁਜ਼ਾਹਰਾ ਕਰ ਰਹੇ ਨਿਹੱਥੇ ਲੋਕਾਂ 'ਤੇ ਗੋਲੀਆਂ ਦੀ ਬੁਛਾੜ ਕਰ ਦਿੱਤੀ। ਸਰਕਾਰੀ ਰਿਪੋਰਟਾਂ ਅਨੁਸਾਰ 379 ਲੋਕ ਮਾਰੇ ਗਏ, ਭਾਵੇਂ ਕਿ ਗੈਰ ਸਰਕਾਰੀ ਅੰਕੜੇ 1500 ਤੋਂ 3000 ਦੇ ਕਰੀਬ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਦੱਸਦੇ ਹਨ। ਇਸ ਮੁਜ਼ਾਹਰਾਕਾਰੀ ਲੋਕਾਂ ਦੇ ਹਜੂਮ 'ਚ ਨਾਨਕ ਸਿੰਘ ਵੀ ਆਪਣੇ ਦੋ ਦੋਸਤਾਂ ਨਾਲ ਗਿਆ ਹੋਇਆ ਸੀ। ਉਸ ਦ ਦੋਵੇਂ ਦੋਸਤ ਉਸ ਗੋਲੀਬਾਰੀ 'ਚ ਮਾਰੇ ਗਏ ਪਰ ਨਾਨਕ ਸਿੰਘ ਲਾਸ਼ਾਂ ਦੇ ਢੇਰ 'ਚ ਦੱਬੇ ਹੋਏ ਹੋਣ ਕਰਕੇ ਉਸ ਦੀ ਜਾਨ ਬਚ ਗਈ ਤੇ ਉਹਨਾਂ ਦੀ ਉਸ ਸਮੇਂ ਉਮਰ 22 ਸਾਲ ਦੀ ਸੀ। ਇਸ ਉਪਰੰਤ ਇਸ ਖ਼ੂਨੀ ਸਾਕੇ ਤੋਂ ਉਹ ਇਤਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਇਸ ਦ੍ਰਿਸ਼ ਨੂੰ ਆਪਣੀ ਲਿਖੀ ਇਕ 'ਮਹਾਂ-ਕਾਵਿਕੀ' (ਇਕ ਲੰਬੀ ਕਥਾਨਕ ਕਵਿਤਾ) ਦੇ ਰੂਪ ਵਿਚ 'ਖ਼ੂਨੀ ਵਿਸਾਖੀ' ਦੇ ਸਿਰਲੇਖ ਨਾਲ ਲਿਖ ਦਿੱਤਾ। ਇਸ ਮਹਾਂ-ਕਾਵਿਕੀ ਤੋਂ ਬਰਤਾਨੀਆ ਦੀ ਬਸਤੀਵਾਦੀ ਨੌ ਆਬਾਦੀਅਤ ਦੀ ਨਕਲੀ ਤਸਵੀਰ ਦਾ ਪੂਰਾ ਮੌਜੂ ਸਾਡੇ ਸਾਹਮਣੇ ਆਉਂਦਾ ਹੈ। ਭਾਰਤ ਦੀ ਅੰਗਰੇਜ਼ ਸਰਕਾਰ ਨੇ ਨਾਨਕ ਸਿੰਘ ਦੇ ਇਸ 'ਖ਼ੂਨੀ ਵਿਸਾਖੀ' ਦੇ ਬਰਬਰਤਾ ਪੂਰਨ ਸਾਕੇ ਦੇ ਬਿਰਤਾਂਤ ਨੂੰ, ਲੋਕਾਂ ਨੂੰ ਸਰਕਾਰ ਦੇ ਖਿਲਾਫ ਭੜਕਾਉਣ ਵਾਲੀ ਲਿਖਤ ਸਮਝਿਆ ਤੇ ਇਸ ਲਿਖਤ 'ਤੇ ਸਰਕਾਰ ਨੇ 1920 ਵਿਚ ਪਾਬੰਦੀ ਲਗਾ ਦਿੱਤੀ। ਇਸ ਪੰਜਾਬੀ ਭਾਸ਼ਾ 'ਚ ਲਿਖੇ ਕਾਵਿਕੀ ਬਿਰਤਾਂਤ ਨੂੰ ਉਹਨਾਂ ਦੇ ਲੜਕੇ ਕੁਲਵੀਰ ਸਿੰਘ ਸੂਰੀ ਨੇ 99 ਸਾਲਾਂ ਬਾਅਦ ਅੰਗਰੇਜ਼ੀ 'ਚ ਅਨੁਵਾਦ ਕਰਕੇ ਵੀ ਛਾਪਿਆ ਹੈ। ਇਹ ਕਥਾਨਕ ਮਹਾਂ-ਕਾਵਿਕੀ ਨਿਮਨ ਲਿਖਤ ਅਨੁਸਾਰ ਹੈ;-


**ਖ਼ੂਨੀ ਵਿਸਾਖੀ: (ਇਸ ਕਵਿਤਾ ਅਤੇ 'ਜ਼ਖਮੀ ਦਿਲ' ਲਈ ਨਾਨਕ ਸਿੰਘ ਨੂੰ ਕੈਦ ਹੋਈ ਸੀ)**

ਪਹਿਲਾਂ ਰਾਮ ਨੌਮੀ ਦੇ ਦਿਨ ਦਾ ਹਾਲ
ਸਾਰੇ ਸਿੱਖ ਹਿੰਦੂ ਅਤੇ ਮੁਸਲਮਾਨਾਂ
ਰਲ ਮਿਲ ਇਹ ਪੁਰਬ ਮਨਾਇਆ ਜੀ।
ਮੁਸਲਮਾਨ ਨੇ ਅੱਜ ਇਤਫ਼ਾਕ ਵਾਲਾ
ਇਹ ਅਦੁੱਤੀ ਸਬੂਤ ਵਿਖਾਇਆ ਜੀ।
ਭਾਵੇਂ ਪੂਰਬ ਸੀ ਅਸਲ ਵਿਚ ਹਿੰਦੂਆਂ ਦਾ,
ਐਪਰ ਮੋਮਨਾਂ ਖ਼ੂਬ ਸਜਾਇਆ ਜੀ।
ਉਸ ਦਿਨ ਦੀ ਕੀ ਮੈਂ ਗੱਲ ਦੱਸਾਂ,
ਅਜਬ ਸਮਾਂ ਕਰਤਾਰ ਲਿਆਇਆ ਜੀ।
'ਡਾਕਟਰ ਕਿਚਨੂੰ ਤੇ ਸੱਤਯਾ ਪਾਲ ਸਾਹਿਬ'
ਜਿਨ੍ਹਾਂ ਅੱਜ ਦਾ ਵਕਤ ਦਿਖਾਇਆ ਜੀ।
ਗਲੇ ਦੋਹਾਂ ਦੇ ਫੁੱਲਾਂ ਦੇ ਹਾਰ ਪਾ ਕੇ,
ਸਾਰੇ ਸ਼ਹਿਰ ਨੂੰ ਦਰਸ਼ਨ ਕਰਾਇਆ ਜੀ।
ਹਰ ਇਕ ਹਿੰਦੂ ਮੁਸਲਮਾਨ ਤਾਈਂ,
ਦਿਲੋਂ ਜਾਣਦਾ ਮਾਈ ਦਾ ਜਾਇਆ ਜੀ।
ਕਦੇ ਏਦਾਂ ਦਾ ਪ੍ਰੇਮ ਨਾ ਕਿਸੇ ਡਿੱਠਾ,
ਜਗਤ ਜਦੋਂ ਦਾ ਰੱਬ ਬਣਾਇਆ ਜੀ।
ਏਹ ਤਾਂ ਨਵਾਂ ਹੀ ਪ੍ਰੇਮ ਦਾ ਬੀਜ ਏਥੇ,
ਕਿਸੇ ਅਰਸ਼ ਤੋਂ ਆਣ ਕੇ ਲਾਇਆ ਜੀ।
ਦੂਈ ਸਭ ਦੇ ਦਿਲਾਂ ਤੇ ਦੂਰ ਹੋਈ,
ਵੀਰ ਵੀਰ ਤਾਈਂ ਨਜ਼ਰ ਆਇਆ ਜੀ।
ਪਾਣੀ ਇਕ ਗਲਾਸ ਦੇ ਵਿਚ ਪੀਤਾ,
ਖਾਣਾ ਇਕ ਥਾਂ ਸਭ ਨੇ ਖਾਇਆ ਜੀ।
ਸਾਰੀ ਉਮਰ ਦੇ ਵਿਛੜੇ ਵੀਰਨਾਂ ਨੂੰ
ਅੱਜ ਆਪ ਕਰਤਾਰ ਮਿਲਾਇਆ ਜੀ।

ਓਸ ਦਿਨ ਹਰ ਥਾਂ 'ਤੇ ਮੁਸਲਮਾਨਾਂ
ਦੁੱਧ ਦੀਆਂ ਛਬੀਲਾਂ ਦਾ ਖੋਲ੍ਹੀਆਂ ਜੀ।
ਨਾਲ ਹਿੰਦੂਆਂ ਸਭ ਨੇ ਹੋਏ ਸ਼ਾਮਲ,
ਭਰ ਭਰ ਪਾਈਆਂ ਫੁੱਲਾਂ ਦੀਆਂ ਝੋਲੀਆਂ ਜੀ।
ਕੀਤੀ ਹਿੰਦੂਆਂ ਦੀ ਦਿਲ ਖੋਲ੍ਹ ਸੇਵਾ,
ਥਾਓਂ ਥਾਈਂ ਬਨਾਇ ਕੇ ਟੋਲੀਆਂ ਜੀ।
ਮਾਨੋਂ ਕ੍ਰਿਸ਼ਨ ਨੇ ਅੱਜ ਪ੍ਰਸੰਨ ਹੋ ਕੇ,
ਬਿੰਦਾ ਬਨ ਵਿਚ ਖੇਡੀਆਂ ਹੋਲੀਆਂ ਜੀ।
ਹੋਣੀ ਆਖਦੀ ਸੁਣੋ ਨਾਦਾਨ ਲੋਕੋ,
ਹੱਟਾਂ ਕਾਸ ਨੂੰ ਅੱਜ ਦਾ ਖੋਲ੍ਹੀਆਂ ਜੀ।
ਭਲਕੇ ਫੇਰ ਹੈ ਤੁਸਾਂ ਹੜਤਾਲ ਕਰਨੀ,
ਨਾਲ ਵੱਸਣਗੀਆਂ ਤੁਸਾਂ ਪਰ ਗੋਲੀਆਂ ਜੀ।

**2. ਦੂਜੇ ਦਿਨ ਡਾਕਟਰ ਸਤਯਪਾਲ ਤੇ ਡਾਕਟਰ ਸੈਫੂਦੀਨ ਦਾ ਗ੍ਰਿਫ਼ਤਾਰ ਹੋ ਜਾਂਦਾ**

ਸਤਯਪਾਲ ਅਤੇ ਸੈਫੋਦੀਨ ਨੇ ਜੀ
ਅਜੇ ਰੱਜ ਦੀਦਾਰ ਨਾ ਕੱਲ੍ਹ ਦਿੱਤਾ,
ਅੱਜ ਚਾੜ੍ਹ ਕੇ ਉਹਨਾਂ ਨੂੰ ਮੋਟਰਾਂ ਤੇ,



ਪਤਾ ਨਹੀਂ ਕਿਹੜੀ ਤਰਫ਼ ਘੱਲ ਦਿੱਤਾ।
ਬਲਦੀ ਅੱਗ ਤੇ ਤੇਲ ਚਾ ਘੱਤਿਓ ਨੇ
ਦੁਖੇ ਦਿਲਾਂ ਨੂੰ ਪਕੜ ਕੇ ਸੱਲ ਦਿੱਤਾ,
ਕਈ ਹੋਰ ਭੀ ਲੀਡਰਾਂ ਪਿਆਰਿਆਂ ਨੂੰ
ਰਹਿਣ ਵਾਸਤੇ ਜੇਹਲ ਮਹੱਲ ਦਿੱਤਾ।
----
ਕੰਮ ਕਾਰ ਚਾ ਸਭ ਨੇ ਬੰਦ ਕੀਤੇ,
ਲੋਕ ਵਾਂਗ ਦੀਵਾਨਿਆਂ ਭੌਣ ਲੱਗ ਪਏ।
ਹਰ ਇਕ ਸ਼ਹਿਰ ਦੇ ਵਿਚ ਹੜਤਾਲ ਹੋਈ,
ਸਭ ਦ ਕਾਲਜੇ ਮੂੰਹ ਨੂੰ ਔਣ ਲੱਗ ਪਏ।
ਭਾਰਤ ਮਾਤਾ ਦੇ ਪੁਤ੍ਰ ਇਕਤ੍ਰ ਹੋ ਕੇ,
ਘੱਤ ਜੱਫੀਆਂ ਨੀਰ ਵਹੌਣ ਲੱਗ ਪਏ।
ਦੁੱਖ ਦਿਲਾਂ ਦੇ ਖੋਲ੍ਹ ਸੁਣਾਨ ਖਾਤਰ
ਥਾਓਂ ਥਾਈਂ ਇਜਲਾਸ ਤਦ ਹੋਣ ਲੱਗ ਪਏ ..
"ਸਰ ਮਾਈਕਲ ਓਡਵਾਇਰ" ਸਾਹਿਬ,
ਮਾਰਸ਼ਲ ਲਾ ਦਾ ਹੁਕਮ ਚੜ੍ਹੌਣ ਲਗ ਪਏ।
ਅੱਠ ਵਜੇ ਤੋਂ ਬਾਅਦ ਜੋ ਬਾਹਰ ਨਿਕਲੇ,
ਗੋਲੀ ਮਾਰਨ ਦਾ ਹੁਕਮ ਸੁਨੌਣ ਲੱਗ ਪਏ।
ਨਾਨਕ ਸਿੰਘ ਕੀ ਖੋਲ੍ਹ ਕੇ ਹਾਲ ਦੱਸੇ,
ਜੇਹੜੇ ਦੁੱਖ ਪੰਜਾਬ ਤੇ ਔਣ ਲੱਗ ਪਏ।

ਪੰਜ ਵਜੇ ਅਪ੍ਰੈਲ ਦੀ ਤੇਹਰਵੀਂ ਨੂੰ,
ਲੋਕੀਂ ਬਾਗ ਵਲ ਹੋਇ ਰਵਾਨ ਚੱਲੇ।
ਦਿਲਾਂ ਵਿਚ ਇਨਸਾਫ ਦੀ ਆਸ ਰੱਖ ਕੇ,
ਸਾਰੇ ਸਿੱਖ, ਹਿੰਦੂ, ਮੁਸਲਮਾਨ ਚੱਲੇ।
ਵਿਰਲੇ ਆਦਮੀ ਸ਼ਹਿਰ ਵਿਚ ਰਹੇ ਬਾਕੀ,
ਸਭ ਬਾਲ ਤੇ ਬਿਰਧ ਜਵਾਨ ਚੱਲੇ।
ਅੱਜ ਦਿਲਾਂ ਦੇ ਦੁਖ ਸੁਣਾਣ ਚੱਲੇ,
ਸਗੋਂ ਆਪਣੇ ਗਲੇ ਕਟਵਾਣ ਚੱਲੇ।
ਛੱਡ ਦਿਓ ਹੁਣ ਆਸਰਾ ਜੀਵਨੇ ਦਾ,
ਕਿਉਂਕਿ ਤੁਸੀਂ ਹੁਣ ਛੱਡ ਜਹਾਨ ਚੱਲੇ।
ਕਿਸ ਨੇ ਆਵਣਾ ਪਰਤ ਕੇ ਘਰਾਂ ਅੰਦਰ,
ਦਿਲ ਦਾ ਦਿਲਾਂ ਵਿਚ ਛੋੜ ਅਰਮਾਨ ਚੱਲੇ।
ਜੱਲਿਆਂ ਵਾਲੜੇ ਉਜੜੇ ਬਾਗ ਤਾਈਂ
ਖ਼ੂਨ ਡੋਲ੍ਹ ਕੇ ਸਬਜ਼ ਬਣਾਣ ਚੱਲੇ।
ਹਾਂ ਹਾਂ ਜੀਵਨੇ ਤੋਂ ਡਾਢੇ ਤੇਗ ਆ ਕੇ,
ਰੁੱਠੀ ਮੌਤ ਨੂੰ ਆਪ ਮਨਾਣ ਚੱਲੇ।
ਅਨਲ-ਹੱਕ ਮਨਸੂਰ ਦੇ ਵਾਂਗ ਯਾਰੋ,
ਸੂਲੀ ਆਪਣੀ ਆਪ ਗਡਾਣ ਚੱਲੇ।
ਵਾਂਗ ਸ਼ਮਸ ਤੌਰੇਜ਼ ਦੇ ਖੁਸ਼ੀ ਹੋ ਕੇ,
ਖੱਲਾਂ ਪੁੱਠੀਆਂ ਅੱਜ ਲੁਹਾਣ ਚੱਲੇ।
ਪੰਛੀ ਬਣਾ ਕੇ ਹੋਇਕੇ ਸਭ ਕੱਠੇ,
ਭੁੱਖੇ ਬਾਜ਼ ਨੂੰ ਅੱਜ ਰਜਾਣ ਚੱਲੇ।
ਜ਼ਾਮਿ ਡਾਇਰ ਦੀ ਤ੍ਰਿਖਾ ਮਿਟਾਵਣੇ ਨੂੰ
ਅੱਜ ਖ਼ੂਨ ਦੀ ਨਦੀ ਵਹਾਣ ਚੱਲੇ।
ਅੱਜ ਸ਼ਹਿਰ ਵਿਚ ਪੈਣਗੇ ਵੈਣ ਡੂੰਘੇ
ਵਸਤੇ ਘਰਾਂ ਨੂੰ ਥੇਹ ਬਣਾਣ ਚੱਲੇ।
ਸੀਸ ਆਪਣੇ ਰੱਖ ਕੇ ਤਲੀ ਉੱਤੇ,
ਭਾਰਤ ਮਾਤਾ ਦੀ ਭੇਟ ਚੜ੍ਹਾਣ ਚੱਲੇ।
ਕੋਈ ਮੋੜ ਲੌ ਰੱਬ ਦੇ ਬੰਦਿਆਂ ਨੂੰ,
ਯਾਰੋ! ਮੌਤ ਨੂੰ ਆਪ ਬੁਲਾਣ ਚੱਲੇ।
ਮਾਵਾਂ ਲਾਡਲੇ ਬੱਚਿਆਂ ਵਾਲੀਓ ਨੀ।
ਲਾਲ ਤੁਸਾਂ ਦੇ ਜਾਨ ਗਵਾਣ ਚੱਲੇ।
ਭੈਣੋ ਪਿਆਰੀਓ! ਵੀਰ ਨਾ ਜਾਣ ਦੇਣੇ,
ਵਿੱਛੜ ਤੁਸਾਂ ਤੋਂ ਅੱਜ ਨਾਦਾਨ ਚੱਲੇ।
ਪਤੀ ਰੋਕ ਲੌ ਪਿਆਰੀਓ ਨਾਰੀਓ ਨੀ।
ਅੱਜ ਤੁਸਾਂ ਨੂੰ ਕਰ ਵੈਰਾਨ ਚੱਲੇ।
ਪਿਆਰੇ ਬੱਚਿਓ! ਜੱਫੀਆਂ ਘੱਤ ਮਿਲ ਲੌ,
ਪਿਤਾ ਤੁਸਾਂ ਨੂੰ ਅੱਜ ਰੁਲਾਣ ਚੱਲੇ।
ਜਾ ਕੇ ਰੋਕ ਲੌ! ਜਾਣ ਨਾ ਮੂਲ ਦੇਣੇ,
ਮਤਾ ਉੱਕੇ ਹੀ ਤੁਸਾਂ ਤੋਂ ਜਾਣ ਚਲੇ।
ਨਾਨਕ ਸਿੰਘ ਪਰ ਉਨ੍ਹਾਂ ਨੂੰ ਕੌਣ ਰੋਕੇ,
ਜਿਹੜੇ ਮੁਲਕ ਪਰ ਹੋਣ ਕੁਰਬਾਨ ਚੱਲੇ।

**3. ਰੌਲਟ ਐਕਟ ਦਾ ਰੌਲਾ**

ਰੌਲਟ ਐਕਟ ਨੇ ਘੱਤਿਆ ਆਣ ਰੌਲਾ
ਸਾਰੇ ਹਿੰਦ ਦੇ ਲੋਕ ਉਦਾਸ ਹੋਏ।
ਵਾਂਗ ਭੱਠ ਦੇ ਤਪਿਆ ਦੇਸ਼ ਸਾਰਾ,
ਮਾਨੋ ਸਭ ਦੇ ਲਬਾਂ ਤੇ ਸਾਸ ਹੋਏ।
ਲਗਾ ਮਿਲਨ ਅਨਾਮ ਅੱਜ ਹਿੰਦੀਆਂ ਨੂੰ,
ਜੇਹੜੇ ਮੁੱਦਤਾਂ ਤੋਂ ਸੀਗੇ ਦਾਸ ਹੋਏ।
ਫਾਂਸੀ ਜਮਾਂ ਦੀ ਗੱਲ ਪੈ ਗਈ ਯਾਰੋ,
ਜਿਸਨੂੰ ਦੇਖ ਕੇ ਬਹੁਤ ਨਿਰਾਸ਼ ਹੋਏ।

**4. ਹਿੰਦ ਵੱਲੋਂ ਪੁਕਾਰ**

ਸਾਰੇ ਹਿੰਦ ਨੇ ਕਿਹਾ ਇਕ ਜਾਨ ਹੋ ਕੇ
ਰੋਲਟ ਬਿਲ ਨਾ ਮੂਲ ਮਨਜ਼ੂਰ ਕਰਨਾ।
ਅਸਾਂ ਵਾਰਿਆ ਸਭ ਕੁਛ ਤੁਸਾਂ ਉੱਤੇ,
ਸਾਡਾ ਪਿਆਰ ਨਾ ਦਿਲ ਥੀਂ ਦੂਰ ਕਰਨਾ।
ਲੱਖਾਂ ਸੂਰਮੇ ਜੰਗ ਕੁਹਾ ਦਿੱਤੇ,
ਹਾਏ ਕੁਝ ਤਾਂ ਖਿਆਲ ਹਜ਼ੂਰ ਕਰਨਾ।
ਸਾਡੇ ਕਾਬਲੇ ਰੈਹਮ ਇਸ ਹਾਲ ਉੱਤੇ,
ਰੱਬ ਦੇ ਵਾਸਤੇ ਤਰਸ ਜ਼ਰੂਰ ਕਰਨਾ।
ਮੋਯਾਂ ਹੋਯਾਂ ਤਾਈਂ ਕਾਹਨੂੰ ਮਾਰਦੇ ਹੋ,
ਹਏ ਐਤਨਾ ਨਹੀਂ ਗਰੂਰ ਕਰਨਾ।
ਠੋਕਰ ਮਾਰ ਕੇ ਸਾਡਿਆਂ ਦਿਲਾਂ ਤਾਈਂ,
ਸ਼ੀਸ਼ੇ ਵਾਂਗ ਨਾ ਚੱਕਨਾ ਚੂਰ ਕਰਨਾ।
ਤਪੇ ਦਿਲਾਂ ਵਿਚ ਦੁੱਖਾਂ ਦਾ ਘੱਤ ਬਾਲਨ,
ਸੱਚ ਮੁਚ ਨਾ ਵਾਂਗ ਤੰਦੂਰ ਕਰਨਾ।
ਸਾਨੂੰ ਆਸ ਹੈਸੀ ਕੁਝ ਮਿਲਨੇ ਦੀ,
ਤੁਸੀਂ ਖੜਾ ਨਾ ਹੋਰ ਫਤੂਰ ਕਰਨਾ।
ਅਸੀਂ ਚੋਰ ਨਾ ਠੱਗ ਨਾ ਐਬ ਕੋਈ,
ਬੱਧੇ ਹੋਯਾਂ ਨੇ ਕੀ ਕਸੂਰ ਕਰਨਾ।
ਨਾਨਕ ਸਿੰਘ ਇਸ ਦੁਖਾਂ ਦੇ ਭੱਠ ਅੰਦਰ,
ਸਾਨੂੰ ਘੱਤ ਨਾ ਵਾਂਗ ਮਨੂਰ ਕਰਨਾ।

**5. ਬਿਲ ਪਾਸ**

ਸਾਡੀ ਰੋਂਦਿਆਂ ਵਾਸਤੇ ਪਾਂਦਿਆਂ ਦੀ,
ਹਾਏ! ਸੁਣੀ ਨਾ ਕਿਸੇ ਫਰਿਆਦ ਲੋਕੋ।
ਧੱਕੋ ਧੱਕੀ ਚਾ ਬਿਲ ਨੂੰ ਪਾਸ ਕੀਤਾ,
ਸਾਡੇ ਕੀਰਨੇ ਕਿਸ ਨੂੰ ਯਾਦ ਲੋਕੋ।
ਅਸੀਂ ਰਹੇ ਹਜ਼ੂਰ ਹਜ਼ੂਰ ਕਰਦੇ,
ਹਾਂ ਹਜ਼ੂਰ ਪਰ ਬੜੇ ਉਸਤਾਦ ਲੋਕੋ,
ਹਾਏ! ਬੰਨ੍ਹ ਕੇ ਨਵੇਂ ਕਾਨੂੰਨ ਅੰਦਰ,
ਪੀੜ ਸੁੱਟਿਆ ਵਾਂਗ ਕਮਾਦ ਲੋਕੋ।

**6. ਜਲਸੇ ਅਤੇ ਮਾਰਸ਼ਲ ਲਾ**

ਆਖਰਕਾਰ ਹੁਣ ਸਭ ਨਿਰਾਸ਼ ਹੋ ਕੇ,
ਲਿਖੇ ਆਪਣੇ ਨੂੰ ਬਹਿ ਕੇ ਰੋਣ ਲੱਗ ਪਏ।
ਸੱਚ ਮੁੱਚ ਹੋ ਗਿਆ ਯਕੀਨ ਸਭ ਨੂੰ,
ਭਾਰਤ ਵਰਸ਼ ਦੇ ਭਾਗ ਹੁਣ ਸੌਣ ਲੱਗ ਪਏ।
ਸਾਰੇ ਸੁਖ ਆਰਾਮ ਕਾਫ਼ੂਰ ਹੋਏ,
ਕੇਵਲ ਦੁਖ ਹੀ ਦੁਖ ਨਜ਼ਰ ਔਣ ਲੱਗ ਪਏ।
ਕੋਈ ਪੁੱਛਦਾ ਆਣ ਕੇ ਹਾਲ ਨਾਹੀਂ,
ਸਭੇ ਕੂੰਜ ਵਾਂਗ ਕੁਰਲੌਣ ਲੱਗ ਪਏ।
ਕੰਮ ਕਾਰ ਚਾ ਸਭ ਨੇ ਬੰਦ ਕੀਤੇ,
ਲੋਕ ਵਾਂਗ ਦੀਵਾਨਿਆਂ ਭੌਣ ਲੱਗ ਪਏ।
ਹਰ ਇਕ ਸ਼ਹਿਰ ਦੇ ਵਿਚ ਹੜਤਾਲ ਹੋਈ,
ਸਭ ਦੇ ਕਾਲਜੇ ਮੂੰਹ ਨੂੰ ਔਣ ਲੱਗ ਪਏ।
ਭਾਰਤ ਮਾਤਾ ਦੇ ਪੁੱਤ੍ਰ ਇਕੱਤ੍ਰ ਹੋ ਕੇ
ਘੱਤ ਜੱਫੀਆਂ ਨੀਰ ਵਹੌਣ ਲਗ ਪਏ।
ਦੁੱਖ ਦਿਲਾਂ ਦੇ ਖੋਲ੍ਹ ਸੁਣਾਨ ਖਾਤ੍ਰ,
ਥਾਓਂ ਥਾਈਂ ਇਜਲਾਸ
ਤਦ ਹੋਣ ਲੱਗ ਪਏ
ਦੂਜੀ ਤਰਫ਼ ਦੇ ਯਾਰ
ਪ੍ਰਸੰਨ ਹੋ ਕੇ,
ਘਰੀਂ ਬੈਠ ਕੇ ਖੁਸ਼ੀ
ਮਨੌਣ ਲੱਗ ਪਏ।
ਮਿਸ਼ਨ ਆਪਣੇ ਵਿਚ
ਕਾਮਯਾਬ ਹੋ ਕੇ,
ਵਾਜੇ ਖੁਸ਼ੀ ਦੇ ਖੂਬ
ਵਜੌਣ ਲੱਗ ਪਏ।
ਝੋਲੀ-ਚੁੱਕ ਤੇ
ਕੌਮ-ਫਰੋਸ਼ ਜੇਹੜੇ,
ਉਹਨਾਂ ਪਾਸ ਜਾ
ਚੁਗਲੀਆਂ ਲੌਣ ਲੱਗ ਪਏ
ਬਾਗੀ ਚੋਰ ਬਦਮਾਸ਼ ਬੇਵਫ਼ਾ ਕਹਿ ਕੇ,
ਦਿਲ ਉਹਨਾਂ ਦੇ ਖੂਬ ਭੜਕੌਣ ਲੱਗ ਪਏ।
ਬੇਗੁਨਾਹ ਤਾਈਂ ਗੁਨਾਹਗਾਰ ਦੱਸ ਕੇ,
ਵੇਖੋ ਮੁਲਕ ਦਾ ਨਾਸ ਕਰੌਣ ਲਗ ਪਏ।
ਹਾਕਮ ਲੋਕ ਭੀ ਉਨ੍ਹਾਂ ਦੇ ਲੱਗ ਆਖੇ,
ਬਲਦੀ ਅੱਗ ਤੇ ਤੇਲ ਪਲਟੌਣ ਲੱਗ ਪਏ।
'ਸਰ ਮਾਈਕਲ ਓਡਵਾਇਰ' ਸਾਹਿਬ,
ਮਾਰਸ਼ਲ ਲਾ ਦਾ ਹੁਕਮ ਚੜ੍ਹੌਣ ਲਗ ਪਏ।
ਪਕੜ ਪਕੜ ਬੇਦੋਸ਼ੇ ਆਜ਼ਜ਼ਾਂ ਨੂੰ,
ਜੇਲ੍ਹ ਖਾਨਿਆਂ ਵਿਚ ਪਹੁੰਚੌਣ ਲੱਗ ਪਏ।
ਹਾਇ! ਲਿਖਦਿਆਂ ਡਿਗਦੀ ਕਲਮ ਹੱਥੋਂ,
ਰੋਮ ਰੋਮ ਸੁਣ ਕੇ ਖੜ੍ਹੇ ਹੋਣ ਲੱਗ ਪਏ।
ਛੋਟੀ ਉਮਰ ਦੇ ਆਜਜ਼ਾਂ ਬੱਚਿਆਂ ਨੂੰ,
ਫੜ ਕੇ ਮੱਛੀਆਂ ਵਾਂਗ ਤੜਫੌਣ ਲਗ ਪਏ।
ਨਾਲ ਟਿਕਟਿਕੀ ਬੰਨ੍ਹ ਨਿਮਾਣਿਆਂ ਨੂੰ,
ਬੈਂਤ ਮਾਰ ਕੇ ਖੱਲ ਲਹੌਣ ਲਗ ਪਏ।
ਮਾਸ ਤੂੰਬਿਆਂ ਵਾਂਗ ਉਡੌਣ ਲਗ ਪਏ,
ਲਹੂ ਨਾਲ ਇਸ਼ਨਾਨ ਕਰੌਣ ਲਗ ਪਏ।
ਮਾਵਾਂ ਬਾਪ ਉਨ੍ਹਾਂ ਦੇ ਜੇ ਕੋਲ ਆਵਣ,
ਧੱਕੇ ਮਾਰ ਕੇ ਪਿਛਾਂਹ ਹਟੌਣ ਲਗ ਪਏ।
ਅੱਠ ਵਜੇ ਤੋਂ ਬਾਦ ਜੋ ਬਾਹਰ ਨਿਕਲੇ,
ਗੋਲੀ ਮਾਰਨ ਦਾ ਹੁਕਮ ਸੁਨੌਣ ਲਗ ਪਏ।
ਮਾਤਮ ਨਜ਼ਰ ਆਵੇ ਚਾਰੋ ਤਰਫ਼ ਓਦੋਂ,
ਸਭੇ ਦੁਖ ਦੇ ਸੋਹਿਲੇ ਗੌਣ ਲਗ ਪਏ।
ਨਾਨਕ ਸਿੰਘ ਕੀ ਖੋਲ੍ਹ ਕੇ ਹਾਲ ਦਸੇ,
ਜਿਹੜੇ ਦੁੱਖ ਪੰਜਾਬ ਤੇ ਔਣ ਲਗ ਪਏ।

**7. ਚਿੱਠੀਆਂ ਦਰਦਾਂ ਦੀਆਂ ਲਿਖ ਸਰਕਾਰੇ ਪਾਈਆਂ**

ਸ਼ਹਿਨਸ਼ਾਹ ਸੁਣ ਵੈਣ ਅਸਾਡੇ,
ਦੁਖੀ ਦਿਲਾਂ ਦੇ ਪਾਸ ਤੁਹਾਡੇ,
ਅਰਜ਼ਾਂ ਆਣ ਸੁਣਾਈਆਂ,
ਚਿੱਠੀਆਂ ਦਰਦਾਂ ਦੀਆਂ ..

ਰਈਅਤ ਤੇਰੀ ਹੋਈ ਦੁਖਿਆਰੀ,
ਤੁਧ ਬਿਨ ਕੌਣ ਸੁਣੇ ਆਹੋਜ਼ਾਰੀ।
ਹਿੰਦ ਵਿਚ ਹੋਣ ਵਧਾਈਆਂ।
ਚਿੱਠੀਆਂ ਦਰਦਾਂ ਦੀਆਂ ...

ਫਿਰ ਉਡਵਾਇਰ ਹੁਕਮ ਚੜ੍ਹਾਇਆ,
ਜਿਸਨੇ ਸਾਨੂੰ ਬਹੁਤ ਸਤਾਇਆ।
ਕੀਤੀਆਂ ਵਾਂਗ ਕਸਾਈਆਂ,
ਚਿੱਠੀਆਂ ਦਰਦਾਂ ਦੀਆਂ ...

ਫਿਰ ਡਾਇਰ ਦੀ ਵਾਰੀ ਆਈ,
ਜਿਸਨੇ ਹੋਰ ਮੁਸੀਬਤ ਪਾਈ।
ਗੋਲੀਆਂ ਨੇ ਚਲਾਈਆਂ,
ਚਿੱਠੀਆਂ ਦਰਦਾਂ ਦੀਆਂ ...

**8. ਅੰਤਮ ਫਤਿਹ**

ਅਸਾਂ ਵੀਰਾਂ ਨੂੰ ਰੱਖਣਾ ਯਾਦ ਹਰਦਮ
ਮਤਾ ਦਿਓ ਵਸਾਰ ਜਮਾਤੀਆਂ ਨੂੰ।
ਤੁਸਾਂ ਹੋਵਣਾ ਨਹੀਂ ਮਯੂਸ ਵੀਰੋ
ਸੀਨੇ ਵਿਚ ਸਹਾਰਨਾ ਕਾਤੀਆਂ ਨੂੰ।
ਜੇਕਰ ਨਹੀਂ ਇਤਬਾਰ ਜ਼ਬਾਨ ਉੱਤੇ,
ਆ ਕੇ ਵੇਖ ਲੌ ਸਾਡੀਆਂ ਛਾਤੀਆਂ ਨੂੰ
ਲੌ ਹੁਣ ਅੰਤ ਦੀ ਫਤਹ ਬੁਲਾਂਵਦੇ ਹਾਂ,
ਯਾਦ ਰੱਖਣਾ ਸਾਡੀਆਂ ਬਾਤੀਆਂ ਨੂੰ

**9. ਸ਼ਹੀਦਾਂ ਵੱਲੋਂ ਜਰਨਲ ਡਾਇਰ ਨੂੰ ਸਰਟੀਫਿਕੇਟ**

ਹਾਏ! ਹਾਏ! ਡਾਇਰ ਓ ਬੇਤਰਸ ਡਾਇਰ,
ਕਾਹਨੂੰ ਆਇਓਂ ਤੂੰ ਵਿਚ ਪੰਜਾਬ ਡਾਇਰ।
ਜ਼ੁਲਮ ਕਰਦਿਆਂ ਤੈਨੂੰ ਨਾ ਤਰਸ ਆਇਆ,
ਕੀ ਤੂੰ ਪੀਤੀ ਸੀ ਓਦੋਂ ਸ਼ਰਾਬ ਡਾਇਰ?
ਲੈ ਹੁਣ ਰੱਜ ਕੇ ਪੀ ਲੈ ਲਹੂ ਸਾਡਾ,

**(ਬਾਕੀ ਅਗਲੇ ਸਫੇ 'ਤੇ)**

# 'ਪੰਜਾਬੀ ਸਾਹਿਤ ਦੇ ਇਤਿਹਾਸ' ਦਾ ਪਿਤਾਮਾ ਨਾਵਲਕਾਰ ਨਾਨਕ ਸਿੰਘ

(ਸਫਾ 21 ਦੀ ਬਾਕੀ)

ਅਸਾਂ ਤੇਰੇ ਲਈ ਭਰਿਆ ਤਾਲਾਬ ਡਾਇਰ।
ਜਿਵੇਂ ਮਾਰਿਆ ਈ ਅਸਾਂ ਬੇਦੋਸ਼ਿਆਂ ਨੂੰ,
ਲਵੇ ਤੈਥੋਂ ਭੀ ਰੱਬ ਹਿਸਾਬ ਡਾਇਰ।
ਹਾਇ ਪਾਪੀਆ! ਐਵੇਂ ਨਾ-ਹੱਕ ਸਾਡੇ,
ਕੀਤੇ ਕਾਲਜੇ ਭੁੰਨ ਕਬਾਬ ਡਾਇਰ।
ਭਲਾ ਦੱਸ ਮਜ਼ਨੂੰਮਾਂ ਤੇ ਜ਼ੁਲਮ ਕਰਕੇ,
ਕੇਹੜਾ ਖੱਟਿਆ ਤੁਧ ਸਵਾਦ ਡਾਇਰ।
ਜਿਵੇਂ ਸਾੜਿਆ ਈ ਸਾਡਿਆਂ ਸੀਨਿਆਂ ਨੂੰ,
ਤੂੰ ਭੀ ਹੋਏਂਗਾ ਤਿਵੇਂ ਖਰਾਬ ਡਾਇਰ।
ਮਰ ਕੇ ਜਾਵੇਂਗਾ ਵਿਚ ਤੂੰ ਦੋਜ਼ਖਾਂ ਦੇ,
ਓਥੇ ਮਿਲਣਗੇ ਬਹੁਤ ਆਜ਼ਾਬ ਡਾਇਰ।
ਫਿਰ ਰੱਬ ਦੀ ਵਿਚ ਦਰਗਾਹ ਜਾ ਕੇ,
ਦੱਸ, ਦੇਵੇਂਗਾ ਕੀ ਜਵਾਬ ਡਾਇਰ।

**10. ਸ਼ਹੀਦਾਂ ਦੀ ਆਵਾਜ਼**

ਜਾ ਕੇ ਦੇਖ ਲੌ ਜਲ੍ਹਿਆਂ ਦੇ ਬਾਗ ਅੰਦਰ,
ਕੀ ਕੁਝ ਕਹਿ ਸ਼ਹੀਦ ਪੁਕਾਰ ਲੋਕੋ!!
ਮਿਹਣੇ ਮਾਰ ਕੇ ਆਖ ਰਹੇ ਹਿੰਦ ਤਾਈਂ,
ਚੰਗਾ ਤੁਸਾਂ ਦਾ ਵੇਖਿਆ ਪਿਆਰ ਲੋਕੋ।
ਅਸੀਂ ਤੁਸਾਂ ਦੇ ਲਈ ਸ਼ਹੀਦ ਹੋਏ
ਸਾਰੇ ਛੱਡ ਕੇ ਬਾਗ ਪਰਵਾਰ ਲੋਕੋ।
ਆਖਰ ਅਸੀਂ ਭੀ ਆਦਮੀ ਤੁਸਾਂ ਵਰਗੇ,
ਕਰਨੀ ਜਾਣਦੇ ਐਸ਼ ਬਹਾਰ ਲੋਕੋ।
ਐਪਰ ਛੋੜ ਕੇ ਘਰਾਂ ਦੇ ਸੁਖ ਸਾਰੇ,
ਜਾਨਾਂ ਦਿੱਤੀਆਂ ਤੁਸੀਂ ਪਰ ਵਾਰ ਲੋਕੋ।
ਛਾਤੀ ਡਾਹ ਕੇ ਵਾਂਗਰਾਂ ਚਾਂਦ ਮਾਰੀ
ਲਈਆਂ ਗੋਲੀਆਂ ਅਸਾਂ ਸਹਾਰ ਲੋਕੋ।
ਸਾਡੇ ਸੀਨਿਆਂ ਨੂੰ ਜ਼ਰਾ ਆਣ ਵੇਖੋ
ਛੇਕ ਪਏ ਨੇ ਕਈ ਹਜ਼ਾਰ ਲੋਕੋ!
ਤੁਸੀਂ ਘਰੀਂ ਬੈਠੇ ਮੌਜਾਂ ਮਾਣਦੇ ਹੋ,
ਦਿਤਾ ਅਸਾਂ ਨੂੰ ਦਿਲੋਂ ਵਿਸਾਰ ਲੋਕੋ।
ਸਾਡੇ ਨਾਲ ਕੀ ਤੁਸਾਂ ਦਾ ਵਾਇਦਾ ਸੀ,
ਚੰਗਾ ਪਾਲਿਆ ਕੌਲ ਇਕਰਾਰ ਲੋਕੋ!!
ਕੋਠੇ ਚਾੜ੍ਹ ਕੇ ਪੌੜੀਆਂ ਖਿਚ ਲਈਆਂ,
ਚੰਗੇ ਵੀਰ ਤੁਸੀਂ ਵਫ਼ਾਦਾਰ ਲੋਕੋ!
ਸਾਡੀ ਪੀੜ ਅੱਜ ਤੁਸਾਂ ਵਿਸਾਰ ਦਿੱਤੀ,
ਸਾਨੂੰ ਅਗਾਂਹ ਕਰਕੇ ਧਕੇ ਮਾਰ ਲੋਕੋ!
ਸਾਡਾ ਕਰਜ਼ ਹੈ ਤੁਸਾਂ ਪਰ ਬਹੁਤ ਸਾਰਾ,
ਜਿਹੜਾ ਚੁਕਿਆ ਤੁਸੀਂ ਉਧਾਰ ਲੋਕੋ।
ਸਾਨੂੰ ਵਿਛੜਿਆਂ ਨੂੰ ਏਨੀ ਮੁੱਦਤ ਹੋਈ,
ਬਣੀ ਅੱਜੇ ਤਕ ਨਾ ਯਾਦਗਾਰ ਲੋਕੋ।
ਸਾਡੇ ਵਾਂਗ ਹੀ ਤੁਸਾਂ ਭੀ ਤਿਆਰ ਰਹਿਣਾ,
ਸਭੋ ਗਫਲਤਾਂ ਦਿਓ ਵਿਸਾਰ ਲੋਕੋ।
ਬਣੋ ਮਰਦ ਤੇ ਮੁਲਕ ਦੀ ਕਰੋ ਸੇਵਾ,
ਮਤਾਂ ਭੁੱਲ ਜਾਵੋ ਇਕਰਾਰ ਲੋਕੋ।
ਨਾਨਕ ਸਿੰਘ ਹੈ ਮੌਤ ਜ਼ਰੂਰ ਔਣੀ,
ਕਿਓਂ ਨਾ ਦੇਸ ਪਰ ਹੋਵੋ ਨਿਸਾਰ ਲੋਕੋ।

ਨਾਨਕ ਸਿੰਘ ਭਾਰਤ ਦੇ ਆਜ਼ਾਦੀ ਅੰਦੋਲਨ 'ਚ 'ਅਕਾਲੀ ਲਹਿਰ' 'ਚ ਸ਼ਾਮਲ ਹੋ ਕੇ ਸ਼ੁਰੂ ਕਰਦੇ ਹਨ। ਉਹ ਅਕਾਲੀ ਅਖ਼ਬਾਰ ਦੇ ਸੰਪਾਦਕ ਬਣ ਜਾਂਦੇ ਹਨ। ਅੰਗਰੇਜ਼ ਸਰਕਾਰ ਇਸ ਪ੍ਰਤੀ ਬੜਾ ਸਖ਼ਤ ਰਵੱਈਆ ਅਖਤਿਆਰ ਕਰ ਲੈਂਦੀ ਹੈ। ਉਹ ਨਾਨਕ ਸਿੰਘ 'ਤੇ ਰਾਜਨੀਤਿਕ ਸਰਕਾਰ ਵਿਰੋਧੀ, ਗੈਰ ਕਾਨੂੰਨੀ ਗਤੀਵਿਧੀਆਂ ਦਾ ਇਲਜ਼ਾਮ ਲਾ ਕੇ ਲਾਹੌਰ ਦੀ ਬੋਰਸਟਲ ਜੇਲ੍ਹ 'ਚ ਉਨ੍ਹਾਂ ਨੂੰ ਬੰਦ ਕਰ ਦਿੰਦੀ ਹੈ। ਨਾਨਕ ਸਿੰਘ ਆਪਣੇ ਦੂਸਰੇ ਕਾਵਿ ਸੰਗ੍ਰਹਿ 'ਜ਼ਖਮੀ ਦਿਲ' 'ਚ ਸਿੱਖਾਂ ਵੱਲੋਂ ਲਗਾਏ ਗਏ ਸ਼ਾਂਤਮਈ 'ਗੁਰੂ ਕਾ ਬਾਗ' ਮੋਰਚਾ 'ਚ ਅੰਗਰੇਜ਼ ਸਰਕਾਰ ਵੱਲੋਂ ਸਿੱਖਾਂ 'ਤੇ ਅਣਮਨੁੱਖੀ ਤਸ਼ੱਦਦ ਦਾ ਬੜੀ ਬੇਬਾਕੀ ਨਾਲ ਵਰਣਨ ਕਰਦਾ ਹੈ। ਇਹ ਕਾਵਿ ਸੰਗ੍ਰਹਿ 1923 'ਚ ਛਪਣ ਦੇ ਤੁਰੰਤ ਦੋ ਹਫਤੇ ਬਾਅਦ ਸਰਕਾਰ ਇਸ 'ਤੇ ਪਾਬੰਦੀ ਲਾ ਦਿੰਦੀ ਹੈ।

ਨਾਨਕ ਸਿੰਘ ਨੇ ਆਪਣੇ ਕਈ ਨਾਵਲ ਆਪਣੀ ਜੇਲ੍ਹ ਯਾਤਰਾ ਦੌਰਾਨ ਵੀ ਲਿਖੇ ਹਨ ਤੇ ਕਾਫੀ ਨਾਵਲਾਂ ਨੂੰ ਡਲਹੌਜ਼ੀ ਵਰਗੇ ਸ਼ਾਂਤ ਤੇ ਰਮਣੀਕ ਸਥਾਨ 'ਤੇ ਵੀ ਲਿਖਿਆ ਹੈ। ਉਹ ਜਦੋਂ ਲਗਾਤਾਰ ਆਪਣੀ ਕਲਮ ਕਈ-ਕਈ ਘੰਟਿਆਂ ਤੱਕ ਚਲਾਉਂਦੇ ਸਨ ਤੇ ਉਸ ਦੇ ਨਾਲ-ਨਾਲ ਸਿਗਰਟ ਦੇ ਸੂਟਿਆਂ ਦੇ ਵੀ ਚਸਕੇ ਲੈਂਦੇ ਰਹਿੰਦੇ ਸਨ। ਇਸ ਤੋਂ ਉਪਰੰਤ ਉਹਨਾਂ ਦੀ ਚਾਹ ਦੀ ਕੇਤਲੀ, ਹਲਕੀ ਜਿਹੀ ਲਾਟ ਨਾਲ ਵੀ ਮਘਦੀ ਰਹਿੰਦੀ ਸੀ ਤਾਂ ਕਿ ਲਿਖਦੇ ਸਮੇਂ ਉਹਨਾਂ ਨੂੰ ਨੀਂਦ ਨਾ ਆ ਸਕੇ। ਕਈ ਵਾਰ ਉਹ ਸਾਰੀ-ਸਾਰੀ ਰਾਤ ਲਿਖਦੇ ਰਹਿੰਦੇ ਤੇ ਰਾਤ ਦੀ ਰੋਟੀ ਖਾਣੀ ਵੀ ਭੁੱਲ ਜਾਂਦੇ ਸਨ। ਉਹਨਾਂ ਦੀਆਂ ਪੰਜਾਬੀ 'ਚ ਸਭ ਲਿਖਤਾਂ ਦੇ ਕੋਈ 40,000 ਪੰਨੇ ਦੇ ਕਰੀਬ ਬਣਦੇ ਹਨ।

ਉਨ੍ਹਾਂ ਨੂੰ ਪੰਜਾਬੀ ਦੀ ਕਈ ਸਾਹਿਤਕ ਸੰਸਥਾਵਾਂ ਨੇ ਅਨੇਕਾਂ ਵਾਰ ਇਨਾਮ ਦਿੱਤੇ, ਜਿਹਨਾਂ 'ਚ ਉਹਨਾਂ ਨੂੰ ਦਿੱਤਾ ਗਿਆ 1960 ਦਾ ਉਚੇਚਾ ਸਨਮਾਨ ਵੀ ਸ਼ਾਮਲ ਹੈ। ਉਹਨਾਂ ਦੇ ਬਹੁਤ ਹੀ ਮਸ਼ਹੂਰ ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ' ਨੂੰ ਜਿਹੜਾ ਕਿ ਉਹਨਾਂ ਨੇ 1959 'ਚ ਲਿਖਿਆ ਸੀ, ਬਦਲੇ ਭਾਰਤ ਦਾ ਉੱਚ ਸਾਹਿਤਕ ਸਨਮਾਨ 'ਸਾਹਿਤ ਅਕੈਡਮੀ' 1960 'ਚ ਮਿਲਿਆ ਸੀ।

ਨਾਨਕ ਸਿੰਘ ਜੀ ਦੀ ਰਚਨਾਵਾਂ ਦੀ ਸੂਚੀ ਜਿਨ੍ਹਾਂ 'ਚ ਨਾਵਲ, ਕਹਾਣੀ ਸੰਗ੍ਰਹਿ, ਨਾਟਕ ਤੇ ਅਨੁਵਾਦਿਤ ਨਾਵਲ ਵੀ ਸ਼ਾਮਲ ਹਨ। ਇਸ ਪ੍ਰਕਾਰ ਹੈ: ਆਸਤਕ ਨਾਸਤਕ, ਆਦਮ ਖੋਰ, ਅੱਧ ਖਿੜਿਆ ਫੁੱਲ, ਅੱਗ ਦੀ ਖੇਡ, ਅਣਸੀਤੇ ਜ਼ਖਮ, ਬੀ. ਏ. ਪਾਸ, ਭੂਆ, ਚੜ੍ਹਦੀ ਕਲਾ, ਛਲਾਵਾ, ਚਿੱਤਰਕਾਰ, ਚਿੱਟਾ ਲਹੂ, ਚੌੜ ਚਾਨਣ, ਧੁੰਦਲੇ ਪਰਛਾਵੇਂ, ਦੂਰ ਕਿਨਾਰਾ, ਫੌਲਾਦੀ ਫੁੱਲ, ਫਰਾਂਸ ਦਾ ਡਾਕੂ, ਗਗਨ ਦਮਾਮਾ ਵਾਜਿਓ, ਗੰਗਾਜਲੀ 'ਚ ਸ਼ਰਾਬ, ਗਰੀਬ ਦੀ ਦੁਨੀਆਂ, ਹੰਝੂਆਂ ਦੇ ਹਾਰ, ਇਕ ਮਿਆਨ ਦੋ ਤਲਵਾਰਾਂ, ਜੀਵਨ ਸੰਗਰਾਮ, ਕਾਗਜ਼ ਦੀ ਬੇੜੀ, ਕਾਲ ਚੱਕਰ, ਕੱਟੀ ਹੋਈ ਪਤੰਗ, ਕਾਲੇ, ਖੂਨ ਦੇ ਸੋਹਲੇ, ਕੋਈ ਹਰਿਆ ਬੂਟ ਰਹਿਓਰੀ, ਲੰਮਾ ਪੈਂਡਾ, ਲਵ ਮੈਰਿਜ, ਮੰਝਧਾਰ, ਮਤਰੇਈ ਮਾਂ, ਮੇਰੀ ਦੁਨੀਆਂ, ਮੇਰੀਆਂ ਸਦੀਵੀ ਯਾਦਾਂ, ਮਿੱਧੇ ਹੋਏ ਫੁੱਲ, ਮਿੱਠਾ ਮਹੁਰਾ, ਨਾਸੂਰ, ਪਾਪ ਦੀ ਖੱਟੀ, ਪਰਾਸਚਿੱਤ, ਪੱਥਰ ਦੇ ਖੰਭ, ਪੱਥਰ ਕਾਂਬਾ, ਪਤਝੜ ਦੇ ਪੰਛੀ, ਪਵਿੱਤਰ ਪਾਪੀ, ਪਿਆਰ ਦਾ ਦੇਵਤਾ, ਪਿਆਰ ਦੀ ਦੁਨੀਆਂ, ਪ੍ਰੇਮ ਸੰਗੀਤ, ਪੁਜਾਰੀ, ਰੱਬ ਆਪਣੇ ਅਸਲੀ ਰੂਪ ਵਿਚ, ਰਜਨੀ, ਸਾਤਸਤੀ, ਸੰਗਮ, ਸਰਾਪੀਆਂ ਰੂਹਾਂ, ਸੂਲਾਂ ਦੀ ਸੇਜ, ਸੁੱਮਨ ਕਾਂਤਾ, ਸੁਨਹਿਰੀ ਜਿਲਦ, ਸੁਪਨਿਆਂ ਦੀ ਖ਼ਬਰ, ਸਵਰਗ ਤੇ ਉਸ ਦੇ ਵਾਰਸ, ਤਾਸ਼ ਦੀ ਆਦਤ, ਤਸਵੀਰ ਦੇ ਦੋਨੋਂ ਪਾਸੇ, ਠੰਢੀਆਂ ਛਾਵਾਂ, ਟੁੱਟੇ ਖੰਭ, ਟੁੱਟੀ ਵੀਣਾ, ਵੱਡਾ ਡਾਕਟਰ ਤੇ ਹੋਰ ਕਹਾਣੀਆਂ, ਵਰ ਨਹੀਂ ਸਰਾਪ, ਵਿਸ਼ਵਾਸ ਘਾਤ ਆਦਿ।

ਨਾਵਲਾਂ ਦਾ ਅੰਗਰੇਜ਼ੀ ਭਾਸ਼ਾ ਦਾ ਇਤਿਹਾਸ ਸਾਡੇ ਪੰਜਾਬੀ ਸਾਹਿਤ ਦੇ ਇਤਿਹਾਸ ਨਾਲੋਂ ਚਾਰ ਸੌ ਸਾਲ ਤੋਂ ਵੀ ਜ਼ਿਆਦਾ ਪੁਰਾਣਾ ਹੈ ਪਰ ਅੰਗਰੇਜ਼ੀ ਦਾ ਪਹਿਲਾ ਨਾਵਲ ਜਿਹੜਾ ਕਿ ਮਨੁੱਖ ਦੀ ਜੀਵਨੀ ਨੂੰ ਪੂਰਨ ਰੂਪ ਵਿਚ ਬਿਆਨ ਕਰਦਾ ਹੈ। ਨਾਵਲ ਕਿਸੇ ਸਾਹਿਤ ਦੇ ਇਤਿਹਾਸ 'ਚ ਲਿਖਿਆ ਹੀ ਉਦੋਂ ਜਾਂਦਾ ਹੈ ਜਦੋਂ ਕੋਈ ਮਨੁੱਖ ਆਪਣੇ ਪੂਰਨ ਜੀਵਨ ਨੂੰ ਨਾਵਲਾਂ ਰਾਹੀਂ ਵਰਣਨ ਕਰਦਾ ਹੈ। ਸਾਹਿਤ ਦੇ ਹੋਰ ਵੀ ਕਈ ਰੂਪ ਹਨ, ਜਿਵੇਂ-ਕਹਾਣੀ, ਨਿੱਕੀ ਕਹਾਣੀ, ਨਾਟਕ, ਇਕਾਂਗੀ ਆਦਿ ਮਨੁੱਖ ਦੇ ਪੂਰਨ ਜੀਵਨ ਨੂੰ ਅਭਿਵਿਅਕਤ ਕਰਨ ਤੋਂ ਅਸਮਰੱਥ ਹੁੰਦੇ ਹਨ। ਇਸ ਲਈ ਅੰਗਰੇਜ਼ੀ ਦਾ ਪਹਿਲਾ ਨਾਵਲ 'ਆਨ ਦੀ ਓਲਡਰ ਸਾਈਡ ਮੋਰਟੀ ਡੀ' ਹੈ। ਇਸ ਦਾ ਲਿਖਾਰੀ ਥਾਮਸ ਮਾਲੋਰੀ ਹੈ ਤੇ ਇਹ ਨਾਵਲ 1485 ਈਸਵੀ 'ਚ ਛਪਦਾ ਹੈ। ਵੈਸੇ ਤਾਂ ਦੁਨੀਆਂ ਦਾ ਪੂਰੀ ਲੰਬਾਈ ਵਾਲਾ ਨਾਵਲ ਜਿਹੜਾ ਕਿ ਮਾਨਵੀ ਪੂਰੀ ਜ਼ਿੰਦਗੀ ਦਾ ਵਰਣਨ ਕਰਦਾ ਹੈ, ਉਹ ਹੈ 'ਦੀ ਟੇਲ ਆਫ਼ ਜੈਨਜੀ' ਸੰਸਾਰ ਦਾ ਪਹਿਲਾ ਨਾਵਲ ਹੈ ਤੇ ਇਸ ਦਾ ਲਿਖਾਰੀ ਗਿਆਰਵੀਂ ਸਦੀ ਦਾ ਮੁਰਾਸਕੀ ਸਿਕੀਵਾਉ ਹੈ।

ਉਕਤ ਵਿਦੇਸ਼ੀ ਨਾਵਲਾਂ ਦੇ ਮੁਕਾਬਲੇ 'ਚ ਸਾਡਾ ਪੰਜਾਬੀ ਸਾਹਿਤ ਦਾ ਇਤਿਹਾਸ 1898 'ਚ ਲਿਖੇ ਭਾਈ ਵੀਰ ਸਿੰਘ ਜੀ ਦੇ 'ਸੁੰਦਰੀ' ਨਾਵਲ ਨਾਲ ਸ਼ੁਰੂ ਹੁੰਦਾ ਹੈ। ਭਾਈ ਵੀਰ ਸਿੰਘ ਜੀ ਤੋਂ ਬਾਅਦ ਨਾਨਕ ਸਿੰਘ ਨਾਵਲਿਸਟ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਭਰਪੂਰ ਯੋਗਦਾਨ ਪਾਉਂਦਾ ਹੈ। ਉਨ੍ਹਾਂ ਨੇ ਕੋਈ 30 ਤੋਂ 40 ਦੇ ਕਰੀਬ ਨਾਵਲ ਲਿਖੇ ਹਨ ਤੇ ਉਨ੍ਹਾਂ ਦਾ ਪਹਿਲਾ ਨਾਵਲ 'ਚਿੱਟਾ ਲਹੂ' 1932 'ਚ ਛਪਿਆ। ਇਸ ਨਾਵਲ ਦਾ ਰੂਸੀ ਭਾਸ਼ਾ 'ਚ ਨਾਤਾਸ਼ਾ ਟਾਲਸਟਾਏ ਦੀ ਪੋਤਰੀ ਲੀਓ ਟਾਲਸਟਾਏ ਨੇ ਕੀਤਾ। ਨਾਨਕ ਸਿੰਘ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਨਾਵਲਕਾਰ ਹੈ ਤੇ ਉਸ ਦੇ ਨਾਵਲ ਵਿਉਪਾਰਕ ਪੱਖੋਂ ਵੀ ਸਭ ਤੋਂ ਵੱਧ ਵਿਕੇ ਹਨ। ਉਹ ਮੁੱਖ ਤੌਰ 'ਤੇ ਇਕ ਰੁਮਾਂਸਵਾਦੀ ਨਾਵਲਕਾਰ ਹੈ। ਉਸ ਦੇ ਨਾਵਲਾਂ 'ਚ ਪਾਠਕ ਦੀ ਜਗਿਆਸਾ ਲਗਾਤਾਰ ਬਣੀ ਰਹਿੰਦੀ ਹੈ ਤੇ ਪਾਠਕ ਦੀ ਨਾਵਲ ਪੜ੍ਹਨ ਦੀ ਰੁਚੀ ਬਣੀ ਰਹਿੰਦੀ ਹੈ ਤੇ ਪਾਠਕ ਦੀ ਇੱਛਾ ਹੁੰਦੀ ਹੈ ਕਿ ਉਹ ਇਕੋ ਬੈਠਕ 'ਚ ਹੀ ਸਾਰਾ ਨਾਵਲ ਪੜ੍ਹ ਲਵੇ। ਇਸੇ ਕਰਕੇ ਹੀ ਉਸ ਦੇ ਨਾਵਲਾਂ ਦੇ ਪਾਠਕ ਸਭ ਤੋਂ ਵੱਧ ਹਨ।

ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਇਹ ਨਾਵਲਕਾਰ ਸੁਰਿੰਦਰ ਸਿੰਘ ਨਰੂਲਾ ਤੇ ਪ੍ਰੋ. ਗੁਰਦਿਆਲ ਸਿੰਘ ਵਾਂਗ ਯਥਾਰਥਵਾਦੀ ਨਹੀਂ ਹਨ ਪਰ ਫਿਰ ਵੀ ਨਾਨਕ ਸਿੰਘ ਦੇ ਕਈ ਨਾਵਲ ਚਿੱਟਾ ਲਹੂ, ਪਵਿੱਤਰ ਪਾਪੀ, ਇਤਿਹਾਸਕ ਨਾਵਲ 'ਇਕ ਮਿਆਨ ਦੋ ਤਲਵਾਰਾਂ, ਆਸਤਕ ਨਾਸਤਕ, ਕੱਟੀ ਹੋਈ ਪਤੰਗ' ਆਦਿ ਬਹੁਤ ਚਰਚਾ 'ਚ ਰਹੇ ਹਨ।

'ਪਵਿੱਤਰ ਪਾਪੀ' ਨਾਵਲ ਦੀ ਪਾਤਰ ਉਸਾਰ ਖਾਸ ਤੌਰ 'ਤੇ ਉਸ ਦੇ ਮੁੱਖ ਪਾਤਰ 'ਕਿਦਾਰ' ਦੀ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਮੀਲ ਪੱਥਰ ਸਾਬਤ ਹੋਈ ਹੈ। ਅੱਜੇ ਤੱਕ ਪੰਜਾਬੀ ਦਾ ਕੋਈ ਵੀ ਸਾਹਿਤਕਾਰ ਇਸ ਪੱਧਰ ਦੀ ਪਾਤਰ ਉਸਾਰੀ ਨਹੀਂ ਕਰ ਸਕਿਆ। ਆਲੋਚਕ ਨਾਨਕ ਸਿੰਘ ਦੇ ਇਸ ਪਾਤਰ ਦੀ ਤੁਲਨਾ ਕਾਲੀਦਾਸ ਦੇ ਨਾਟਕਾਂ ਦੇ ਪਾਤਰਾਂ ਤੇ ਬਿਲੀਅਮ ਸ਼ੈਕਸਪੀਅਰ ਦੇ ਨਾਟਕਾਂ ਦੇ ਪਾਤਰਾਂ ਨਾਲ ਕਰਦੇ ਹਨ।

ਨਾਨਕ ਸਿੰਘ ਦਾ 'ਇਕ ਮਿਆਨ ਦੋ ਤਲਵਾਰਾਂ' ਨਾਵਲ, ਇਕ ਇਤਿਹਾਸਕ ਨਾਵਲ ਹੈ। ਇਸ ਨਾਵਲ 'ਚ ਨਾਵਲਕਾਰ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਹੋਰ ਦੇਸ਼ ਭਗਤ ਸਾਥੀਆਂ ਦੀਆਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੀਤਾ ਗਿਆ ਸੰਘਰਸ਼ ਤੇ ਕੀਤੀਆਂ ਗਈਆਂ ਕੁਰਬਾਨੀਆਂ ਦਾ ਜ਼ਿਕਰ ਕਰਦਾ ਹੈ। 'ਕੱਟੀ ਹੋਈ ਪਤੰਗ' ਨਾਵਲ 'ਚ ਨਾਵਲਕਾਰ ਮਰਦ ਪ੍ਰਧਾਨ ਸਮਾਜ 'ਚ ਔਰਤ ਦੀ ਸਾਰੀ ਉਮਰ ਪੁਰਸ਼ ਦੀ ਕਰਦੀ ਗੁਲਾਮੀ ਦਾ ਜ਼ਿਕਰ ਕਰਦਾ ਹੈ। ਔਰਤ ਬਚਪਨ 'ਚ ਆਪਣੇ ਮਾਤਾ-ਪਿਤਾ ਦੀ ਗੁਲਾਮੀ ਝੇਲਦੀ ਹੈ। ਜਵਾਨੀ 'ਚ ਉਸ ਨੂੰ ਵਿਆਹ ਤੋਂ ਬਾਅਦ ਆਪਣੇ ਪਤੀ ਦੀ ਗੁਲਾਮੀ ਦਾ ਸੰਤਾਪ ਭੋਗਣਾ ਪੈਂਦਾ ਹੈ ਤੇ ਬੁਢਾਪੇ 'ਚ ਉਸ ਨੂੰ ਆਪਣੇ ਬੱਚਿਆਂ 'ਤੇ ਮੁਥਾਜ ਰਹਿ ਕੇ ਬੁਢਾਪੇ ਦੀਆਂ ਪੀੜਾਂ ਨੂੰ ਜਰਨਾ ਪੈਂਦਾ ਹੈ। ਭਾਵ ਔਰਤ ਦੀ ਦਸ਼ਾ ਸਾਰੀ ਉਮਰ ਇਕ ਕੱਟੀ ਹੋਈ ਪਤੰਗ ਵਰਗੀ ਬਣੀ ਰਹਿੰਦੀ ਹੈ। ਜਿਵੇਂ ਕਿ ਕੱਟੀ ਹੋਈ ਪਤੰਗ ਨੂੰ ਲੁੱਟਣ ਲਈ ਕਈ ਨੌਜਵਾਨ ਦੌੜਦੇ ਹਨ ਤੇ ਉਸ ਦਾ ਟੁਕੜੇ-ਟੁਕੜੇ ਕਰ ਦਿੰਦੇ ਹਨ ਇਸੇ ਹੀ ਤਰ੍ਹਾਂ ਔਰਤ ਸਾਰੀ ਉਮਰ ਗੁਲਾਮੀ ਦੇ ਸੰਤਾਪ ਤੇ ਆਪਣੀ ਆਬਰੂ ਤੇ ਅਸਮਤ ਨੂੰ ਬਚਾਉਣ ਲਈ ਮਨੁੱਖ ਦਾ ਤਸ਼ੱਦਦ ਝੇਲਦੀ ਹੈ। ਇਹ ਸੰਸਾਰ ਭਰ ਦੀਆਂ ਔਰਤਾਂ ਦਾ ਸਭ ਤੋਂ ਵੱਡਾ ਦੁਖਾਂਤ ਹੈ। 'ਆਸਤਕ ਨਾਸਤਕ' ਨਾਵਲ 'ਚ ਆਸਤਕ ਤੇ ਨਾਸਤਕ ਦੋਵਾਂ ਧਿਰਾਂ ਦੇ ਸੁਝਾਵਾਂ ਨੂੰ ਇਕੋ ਬਰਾਬਰੀ ਤੇ ਬਿਆਨ ਕਰਦਾ ਹੈ। ਪਾਠਕ ਲਈ ਦੁਬਿਧਾ ਬਣ ਜਾਂਦੀ ਹੈ ਕਿ ਉਹ ਆਸਤਕ ਬਣੇ ਜਾਂ ਨਾਸਤਕ।

ਪੰਜਾਬੀ ਸਾਹਿਤ ਦੇ ਇਤਿਹਾਸ 'ਚ ਨਾਨਕ ਸਿੰਘ ਦਾ ਸਥਾਨ ਪਹਿਲਾ ਤੇ ਪਿਤਾਮਾ ਨਾਵਲਕਾਰ ਹੋਣ ਕਰਕੇ ਇਕ ਖਾਸ ਮੁਕਾਮ ਰੱਖਦਾ ਹੈ। ਉਸ ਨੇ ਪੰਜਾਬੀ ਸਾਹਿਤ ਦੇ ਨਾਵਲਾਂ ਦੇ ਖਾਲੀ ਪਏ ਖ਼ਜ਼ਾਨੇ ਨੂੰ ਤੀਹ ਤੋਂ ਚਾਲੀ ਨਾਵਲ ਲਿਖ ਕੇ ਭਰਪੂਰ ਕਰ ਦਿੱਤਾ। ਉਹਨਾਂ ਤੋਂ ਬਾਅਦ ਉਹਨਾਂ ਦੇ ਵਾਰਸ ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਵੀ ਕੋਈ 35 ਨਾਵਲ ਲਿਖ ਕੇ ਪੰਜਾਬੀ ਸਾਹਿਤ ਦੀ ਝੋਲੀ 'ਚ ਪਾਏ ਸੁਰਿੰਦਰ ਸਿੰਘ ਨਰੂਲਾ ਤੇ ਪ੍ਰੋ. ਗੁਰਦਿਆਲ ਸਿੰਘ ਮੁੱਖ ਤੌਰ 'ਤੇ ਯਥਾਰਥਵਾਦੀ ਨਾਵਲਕਾਰ ਹਨ, ਉਹਨਾਂ ਦਾ ਵੀ ਪੰਜਾਬੀ ਸਾਹਿਤ ਦੇ ਇਤਿਹਾਸ ਭਰਪੂਰ ਯੋਗਦਾਨ ਹੈ।

ਅੱਜ ਦੇ ਨਵੇਂ ਸਾਹਿਤਕਾਰ ਵੀ ਉਕਤ ਨਾਵਲਕਾਰਾਂ ਤੋਂ ਪ੍ਰੇਰਨਾ ਲੈ ਕੇ ਨਾਵਲਾਂ ਦੇ ਖੇਤਰ 'ਚ ਮਹਾਨ ਯੋਗਦਾਨ ਪਾ ਰਹੇ ਹਨ। ਪਰ ਇੱਥੇ ਅਫਸੋਸ ਨਾਲ ਲਿਖਣਾ ਪੈਂਦਾ ਹੈ ਕਿ ਅੱਜ ਦੀ ਨਵੀਂ ਪੀੜ੍ਹੀ 'ਚ ਨਾਵਲ ਤੇ ਸਾਹਿਤ ਦੇ ਦੂਸਰੇ ਰੂਪਾਂ ਨੂੰ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ। ਇਸ ਦਾ ਮੁੱਖ ਕਾਰਨ ਮੋਬਾਇਲ, ਕੰਪਿਊਟਰ ਤੇ ਟੀ. ਵੀ. ਹਨ।

ਨਾਨਕ ਸਿੰਘ ਨਾਵਲਕਾਰ ਦੀ 74 ਸਾਲ ਦੀ ਉਮਰ 'ਚ ਸੰਨ 28 ਦਸੰਬਰ, 1971 ਨੂੰ ਮੌਤ ਹੋ ਜਾਂਦੀ ਹੈ। ਹੁਣ ਉਹਨਾਂ ਦੇ ਪਰਿਵਾਰ 'ਚ ਉਹਨਾਂ ਦੇ ਪੁੱਤਰ ਕੁਲਵੰਤ ਸਿੰਘ ਸੂਰੀ, ਕੁਲਵੀਰ ਸਿੰਘ ਸੂਰੀ, ਕੰਵਲਜੀਤ ਸਿੰਘ ਸੂਰੀ, ਕਰਤਾਰ ਸਿੰਘ ਸੂਰੀ, ਕੁਲਦੀਪ ਸਿੰਘ ਸੂਰੀ ਤੇ ਇਕ ਪੁੱਤਰੀ ਪੁਸ਼ਪਿੰਦਰ ਕੌਰ ਜੀ ਹਨ। ਉਹ ਤਕਰੀਬਨ ਸਭ ਪੰਜਾਬੀ ਸਾਹਿਤ ਦੇ ਵਿਦਵਾਨ ਤੇ ਉਚੇਰੀ ਸਾਹਿਤਕ ਰੁਚੀਆਂ ਦੇ ਮਾਲਕ ਹਨ ਤੇ ਸਭ ਨਾਨਕ ਸਿੰਘ ਜੀ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ ਆਪਣਾ ਯੋਗਦਾਨ ਪੰਜਾਬੀ ਸਾਹਿਤ ਦੀ ਝੋਲੀ 'ਚ ਪਾ ਰਹੇ ਹਨ ਤੇ ਉਹਨਾਂ ਨੇ ਆਪਣੇ ਵਿਰਸੇ ਨੂੰ ਅੱਗੇ ਵਧਾਇਆ ਹੈ।

ਸੰਨ 1997 'ਚ ਨਾਨਕ ਸਿੰਘ ਜੀ ਦੀ ਜਨਮ ਸ਼ਤਾਬਦੀ ਮਨਾਈ ਗਈ ਸੀ। ਇਹ ਨਾਨਕ ਸਿੰਘ ਜੀ ਨੂੰ ਯਾਦ ਕਰਨ ਤੇ ਉਹਨਾਂ ਦੀ ਸ਼ਾਨ ਨੂੰ ਹੋਰ ਚਾਰ ਚੰਨ ਲਾਉਣ ਵਾਲੀ ਗੱਲ ਸੀ। ਇਸ ਮੌਕੇ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਇੰਦਰ ਕੁਮਾਰ ਜੀ ਗੁਜਰਾਲ ਨੇ ਨਾਨਕ ਸਿੰਘ ਦੀ ਤਸਵੀਰ ਵਾਲੀ ਇਕ ਯਾਦਗਾਰੀ ਡਾਕ ਟਿਕਟ 1998 'ਚ ਜਾਰੀ ਕੀਤੀ ਸੀ।

ਸਮੁੱਚੇ ਤੌਰ 'ਤੇ ਨਾਨਕ ਸਿੰਘ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਵੱਡਾ ਪਿਤਾਮਾ ਨਾਵਲਕਾਰ ਹੈ। ਉਹਨਾਂ ਦੇ ਪੰਜਾਬੀ ਸਾਹਿਤ ਦੇ ਇਤਿਹਾਸ 'ਚ ਇਕ ਵੱਡੇ ਗਲਪਕਾਰ ਵਜੋਂ ਪਾਏ ਯੋਗਦਾਨ ਬਦਲੇ ਸਨਮਾਨ ਤੇ ਸ਼ਾਨ ਪੰਜਾਬੀ ਸਾਹਿਤ ਦੇ ਸਿਤਾਰੇ ਵਜੋਂ ਚਮਕਦਾ ਤੇ ਅਮਰ ਰਹੇਗਾ ਤੇ ਆਉਣ ਵਾਲੇ ਨਵੇਂ ਸਾਹਿਤਕਾਰਾਂ ਲਈ ਸਦਾ ਪ੍ਰੇਰਨਾ ਸਰੋਤ ਬਣਿਆ ਰਹੇਗਾ।


(ਹਵਾਲਾ: 'ਖ਼ੂਨੀ ਵਿਸਾਖੀ' ਮਹਾਂ-ਕਾਵਿਕੀ ਧੰਨਵਾਦ ਸਹਿਤ 'ਪ੍ਰੀਤਲੜੀ' ਮਾਸਿਕ ਪੱਤ੍ਰਿਕਾ 'ਚੋਂ ਲਈ ਗਈ ਹੈ।

## ਪੁਸਤਕ ਸਮੀਖਿਆ

**ਮਿੱਟੀ ਬੋਲ ਪਈ ਤੇ ਹੋਰ ਬਾਲ ਨਾਟਕ ਰੀਵਿਊਕਾਰ: ਬਲਜਿੰਦਰ ਮਾਨ**
**98150 18947**
**ਲੇਖਿਕਾ : ਮਨਜੀਤ ਕੌਰ ਅੰਬਾਲਵੀ ਪ੍ਰਕਾਸ਼ਕ: ਗੋਸਲ ਪ੍ਰਕਾਸ਼ਨ ਲੁਧਿਆਣਾ,**
**ਪੰਨੇ: 60 , ਮੁੱਲ: 150 /-**

ਮਨਜੀਤ ਕੌਰ ਅੰਬਾਲਵੀ ਇੱਕ ਦਰਜਨ ਤੋਂ ਵੱਧ ਪੁਸਤਕਾਂ ਨਾਲ ਪੰਜਾਬੀ ਸਾਹਿਤ ਜਗਤ ਵਿੱਚ ਆਪਣੀ ਨਿਵੇਕਲੀ ਹੋਂਦ ਕਾਇਮ ਕਰ ਚੁੱਕੇ ਹਨ। ਉਹਨਾਂ ਦੀਆਂ ਦੋ ਪੁਸਤਕਾਂ ਚਾਨਣ ਦੇ ਫੁੱਲ ਅਤੇ ਮਾਂ ਦੀਆਂ ਮਿੱਠੀਆਂ ਲੋਰੀਆਂ ਨੂੰ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਵੱਲੋਂ ਪੁਰਸਕਾਰ ਵੀ ਪ੍ਰਧਾਨ ਕੀਤੇ ਜਾ ਚੁੱਕੇ ਹਨ। ਇਸੇ ਤਰ੍ਹਾਂ ਉਹ ਖੁਦ ਵੀ ਇੱਕ ਸਨਮਾਨਿਤ ਸਾਹਿਤਕਾਰਾ ਹੈ।

ਕਵਿਤਾ, ਕਹਾਣੀ ਤੋਂ ਬਾਅਦ ਹੁਣ ਲੇਖਿਕਾ ਨੇ ਨਾਟਕਾਂ ਦੀ ਸਿਰਜਣਾ ਕੀਤੀ ਹੈ। ਉੱਘੇ ਸਾਹਿਤਕਾਰ ਬਲਬੀਰ ਮਾਧੋਪੁਰੀ ਦੁਆਰਾ ਸਿਰਜਿਆ ਨਾਵਲ ਮਿੱਟੀ ਬੋਲ ਪਈ ਦੇਸ਼ ਦੁਨੀਆ ਵਿੱਚ ਵੱਖ ਵੱਖ ਭਾਸ਼ਾਵਾਂ ਵਿੱਚ ਮਸ਼ਹੂਰ ਹੋਇਆ ਹੈ। ਉਸੇ ਨਾਮ ਹੇਠ ਲੇਖਿਕਾ ਨੇ ਨਾਟਕ ਸੰਗ੍ਰਹਿ ਦੀ ਸਿਰਜਣਾ ਕੀਤੀ ਹੈ। ਹੱਥਲੀ ਪੁਸਤਕ 'ਮਿੱਟੀ ਬੋਲ ਪਈ' ਵਿੱਚ ਮਨਜੀਤ ਕੌਰ ਅੰਬਾਲਵੀ ਦੇ ਪੰਜ ਨਾਟਕ ਦਰਜ ਹਨ ਜਿਨ੍ਹਾਂ ਨਾਲ ਕੰਪਿਊਟਰ ਚਿੱਤਰ ਵੀ ਪ੍ਰਕਾਸ਼ਿਤ ਕੀਤੇ ਗਏ ਹਨ। ਬਾਲ ਮਨ ਤੇ ਨਾਟਕ ਦਾ ਬਹੁਤ ਪ੍ਰਭਾਵ ਪੈਂਦਾ ਹੈ । ਜਦੋਂ ਉਹ ਸਾਰਾ ਕੁਝ ਵਰਤਾਰਾ ਆਪਣੇ ਸਾਹਮਣੇ ਵਰਤਦਾ ਦੇਖਦੇ ਹਨ ਤਾਂ ਉਹ ਉੱਚੇ ਤੇ ਸੁੱਚੇ ਖ਼ਿਆਲਾਂ ਦੇ ਧਾਰਨੀ ਬਣਨ ਲਈ ਤਿਆਰ ਹੋ ਜਾਂਦੇ ਹਨ। ਅਜਿਹਾ ਕੁਝ ਹੀ ਇਹਨਾਂ ਨਾਟਕਾਂ ਵਿੱਚ ਵਾਪਰਦਾ ਹੈ। ਲੇਖਿਕਾ ਨੇ ਆਪਣੇ ਜੀਵਨ ਸੰਗਰਾਮ ਵਿੱਚ ਹੰਢਾਏ ਪਲਾਂ ਨੂੰ ਇਹਨਾਂ ਨਾਟਕਾਂ ਰਾਹੀਂ ਮੁੜ ਸੁਰਜੀਤ ਕਰਨ ਦਾ ਯਤਨ ਕੀਤਾ ਹੈ। ਇਹਨਾਂ ਸਭ ਦਾ ਮੁੱਖ ਮਨੋਰਥ ਵਾਤਾਵਰਣ ਦੀ ਸਾਂਭ ਸੰਭਾਲ ਅਤੇ ਆਲੇ ਦੁਆਲੇ ਦੀ ਸਫ਼ਾਈ ਹੈ।




ਪੁਸਤਕ ਦਾ ਟਾਈਟਲ ਨਾਟਕ ਸਾਨੂੰ ਸੈਰ ਸਪਾਟਾ ਅਤੇ ਮਿੱਟੀ ਵਿੱਚੋਂ ਪੈਦਾ ਹੋਣ ਵਾਲੀਆਂ ਬਸਤਾਂ ਪ੍ਰਤੀ ਸੁਚੇਤ ਕਰਦਾ ਹੈ। ਖਾਣ ਪੀਣ, ਰਹਿਣ ਸਹਿਣ ਅਤੇ ਕੁਦਰਤ ਨਾਲ ਜੁੜ ਕੇ ਕੀਤੇ ਕਾਰਜ ਹੀ ਸਭ ਲਈ ਲਾਭਕਾਰੀ ਬਣਦੇ ਹਨ। ਨਾਟਕ ਦੇ ਮੁੱਖ ਪਾਤਰ ਅਰਵੀਨ ਅਤੇ ਸੁਰਲੀਨ ਖ਼ੂਬਸੂਰਤ ਵਾਰਤਾਲਾਪ ਨਾਲ ਨਾਟਕ ਨੂੰ ਅੱਗੇ ਤੋਰਦੇ ਹਨ। ਇਸ ਨਾਟਕ ਦਾ ਮੁੱਖ ਪਹਿਲੂ ਇਹ ਹੈ ਕਿ ਖੇਤੀ ਯੋਗ ਜ਼ਮੀਨ ਘੱਟ ਰਹੀ ਹੈ ਅਤੇ ਕੰਕਰੀਟ ਦੇ ਜੰਗਲ ਹਰ ਪਾਸੇ ਦਿਖਾਈ ਦੇ ਰਹੇ ਹਨ। ਜਿਸ ਕਾਰਨ ਪਲੀਤ ਹੋਇਆ ਵਾਤਾਵਰਣ ਮਨੁੱਖੀ ਅਤੇ ਹੋਰ ਜੀਵ ਜੰਤੂਆਂ ਲਈ ਘਾਤਕ ਸਿੱਧ ਹੋ ਰਿਹਾ ਹੈ। ਸਫ਼ਾਈ ਵਿੱਚ ਖ਼ੁਦਾਈ ਨਾਟਕ ਰਾਹੀਂ ਸਾਡੇ ਦੁਆਰਾ ਜਨਤਕ ਥਾਵਾਂ ਤੇ ਪਾਈ ਜਾਂਦੀ ਗੰਦਗੀ ਪ੍ਰਤੀ ਸੁਚੇਤ ਕੀਤਾ ਗਿਆ ਹੈ। ਜਦੋਂ ਪਾਰਕ ਦੀ ਸਫ਼ਾਈ ਵਿੱਚ ਬੱਚੇ ਯੋਗਦਾਨ ਪਾਉਂਦੇ ਹਨ ਤਾਂ ਬੜੇ ਵੀ ਇਸ ਬਾਰੇ ਸੋਚਣ ਵਿਚਾਰਨ ਲੱਗ ਪੈਂਦੇ ਹਨ। ਚਿੜੀਆਂ ਕਿੱਥੇ ਗਈਆਂ ਨਾਟਕ ਹਰ ਕਿਸੇ ਨੂੰ ਗੰਭੀਰ ਕਰਦਾ ਹੈ। ਸ਼ਹਿਰਾਂ ਵਿੱਚ ਦਰਖਤਾਂ ਦੀ ਕਮੀ ਅਤੇ ਟਾਵਰਾਂ ਦੀ ਪਰਮਾਰ ਹੋਣ ਕਰਕੇ ਚਿੜੀਆਂ ਦੇਖਣ ਨੂੰ ਵੀ ਨਹੀਂ ਲੱਭਦੀਆਂ। ਜਿਸ ਵਾਸਤੇ ਬੱਚੇ ਉਹਨਾਂ ਦੇ ਗੀਤ ਸੁਣਨ ਲਈ ਤਰਸਦੇ ਹਨ। ਚਾਨਣ ਮੁਨਾਰਾ ਨਾਟਕ ਰਾਹੀਂ ਪੜ੍ਹਾਈ ਦੀ ਮਹਾਨਤਾ ਨੂੰ ਉਜਾਗਰ ਕੀਤਾ ਗਿਆ ਹੈ। ਜਿਸ ਰਾਹੀਂ ਟੱਪਰੀਵਾਸਾਂ ਨੂੰ ਵੀ ਇਸ ਪ੍ਰਤੀ ਸੁਚੇਤ ਕੀਤਾ ਗਿਆ ਹੈ। ਮੌਸਮ ਬਦਲ ਗਏ ਵਿੱਚ ਤਿਤਲੀਆਂ ਅਤੇ ਭੌਰਿਆਂ ਦੀ ਵਾਰਤਾਲਾਪ ਹਰ ਕਿਸੇ ਨੂੰ ਆਪਣੇ ਅੰਦਰ ਝਾਤੀ ਮਾਰਨ ਲਈ ਤਿਆਰ ਕਰਦੀ ਹੈ। ਇਹ ਸਾਰੇ ਨਾਟਕ ਸਾਨੂੰ ਆਪੋ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਉਣ ਲਈ ਤਿਆਰ ਕਰਦੇ ਹਨ।

ਨਾਟਕਾਂ ਦੀ ਵਾਰਤਾਲਾਪ ਇੰਨੀ ਚੁਸਤ ਅਤੇ ਦਰੁਸਤ ਹੈ ਕਿ ਪਾਠਕ ਅੱਗੇ ਤੋਂ ਅੱਗੇ ਨਾਟਕ ਨੂੰ ਪੜ੍ਹਦਾ ਹੀ ਜਾਂਦਾ ਹੈ। ਉਸ ਅੱਗੇ ਸਾਰਾ ਨਾਟਕ ਫਿਲਮ ਦੀ ਸਕਰੀਨ ਵਾਂਗ ਘੁੰਮਦਾ ਹੈ। ਬੱਚਿਆਂ ਅਤੇ ਵੱਡਿਆਂ ਲਈ ਇਹ ਨਾਟਕ ਸੰਗ੍ਰਹਿ ਪ੍ਰੇਰਨਾਦਾਇਕ ਅਤੇ ਸਿੱਖਿਆਦਾਇਕ ਹੈ। ਇਹ ਨਾਟਕ ਮਨੋਰੰਜਨ ਅਤੇ ਗਿਆਨ ਦੀ ਚਾਸ਼ਨੀ ਨਾਲ ਸ਼ਿੰਗਾਰੇ ਗਏ ਹਨ। ਸਮੇਂ ਦੀ ਮੁੱਖ ਲੋੜ ਨੂੰ ਧਿਆਨ ਵਿੱਚ ਰੱਖਦਿਆਂ ਸਾਨੂੰ ਸਭ ਨੂੰ ਵਾਤਾਵਰਣ ਦੀ ਸਾਂਭ ਸੰਭਾਲ ਵਿੱਚ ਆਪੋ ਆਪਣਾ ਯੋਗਦਾਨ ਜ਼ਰੂਰ ਪਾਉਣਾ ਚਾਹੀਦਾ ਹੈ। ਮਨਜੀਤ ਕੌਰ ਅੰਬਾਲਵੀ ਦੇ ਇਸ ਸ਼ਾਨਦਾਰ ਉਪਰਾਲੇ ਦਾ ਮਨੋਰਥ ਅਜਿਹਾ ਕਰਨ ਨਾਲ ਹੀ ਸਫ਼ਲ ਹੋਵੇਗਾ।

# ਰੀਲਾਂ ਦੀ ਭਰਮਪੂਰਨ ਦੁਨੀਆਂ ਦਾ ਧੋਖਾ

**ਵਿਜੈ ਗਰਗ**

ਇਹ ਘਟਨਾ ਲਗਭਗ ਦੋ ਦਹਾਕੇ ਪਹਿਲਾਂ ਵਾਪਰੀ ਸੀ। ਉਸ ਸਮੇਂ ਮੈਤ੍ਰੇਈ ਪੁਸ਼ਪਾ ਹਿੰਦੀ ਸਾਹਿਤ ਵਿੱਚ ਚਰਚਾ ਦਾ ਵਿਸ਼ਾ ਸੀ। ਉਸਨੇ ਇੱਕ ਤੋਂ ਬਾਅਦ ਇੱਕ ਮਸ਼ਹੂਰ ਨਾਵਲ ਲਿਖ ਕੇ ਸਾਹਿਤਕ ਜਗਤ ਵਿੱਚ ਆਪਣੀ ਮਜ਼ਬੂਤ ਮੌਜੂਦਗੀ ਦਰਜ ਕਰਵਾਈ ਸੀ। ਸੈਮੀਨਾਰਾਂ ਵਿੱਚ ਉਸਦੀ ਮੰਗ ਵੀ ਸੀ। ਲੋਕ ਉਸਨੂੰ ਸੁਣਨਾ ਚਾਹੁੰਦੇ ਸਨ। ਮੈਤ੍ਰੇਈ ਪੁਸ਼ਪਾ ਆਪਣੇ ਪੇਂਡੂ ਅਨੁਭਵਾਂ ਦੇ ਆਧਾਰ 'ਤੇ ਆਪਣੇ ਵਿਚਾਰ ਪੇਸ਼ ਕਰਦੀ ਸੀ ਅਤੇ ਮਹਾਂਨਗਰੀ ਮਾਹੌਲ ਵਿੱਚ ਰਹਿਣ ਵਾਲੇ ਇਸਨੂੰ ਬਿਲਕੁਲ ਨਵਾਂ ਸਮਝਦੇ ਸਨ। ਜਿੱਥੋਂ ਤੱਕ ਮੈਨੂੰ ਯਾਦ ਹੈ, ਦਿੱਲੀ ਦੇ ਹਿੰਦੀ ਭਵਨ ਵਿੱਚ ਇੱਕ ਸੈਮੀਨਾਰ ਹੋਇਆ ਸੀ। ਮੈਤ੍ਰੇਈ ਪੁਸ਼ਪਾ ਵੀ ਇਸ ਵਿੱਚ ਇੱਕ ਬੁਲਾਰੇ ਵਜੋਂ ਮੌਜੂਦ ਸੀ। ਵਿਸ਼ਾ ਔਰਤਾਂ ਦੇ ਮੁੱਦਿਆਂ ਨਾਲ ਸਬੰਧਤ ਸੀ। ਮੈਤ੍ਰੇਈ ਪੁਸ਼ਪਾ ਤੋਂ ਇਲਾਵਾ, ਸਾਰੇ ਬੁਲਾਰੇ ਔਰਤਾਂ ਦੇ ਮੁੱਦਿਆਂ ਬਾਰੇ ਸਿਧਾਂਤਕ ਤੌਰ 'ਤੇ ਗੱਲ ਕਰ ਰਹੇ ਸਨ। ਸਿਮੋਨ ਡੀ ਬਿਊਵੋਇਰ ਦੇ ਨਾਵਲ 'ਸੈਕੰਡ ਸੈਕਸ' ਦਾ ਨਾਮ ਸਟੇਜ ਤੋਂ ਵਾਰ-ਵਾਰ ਲਿਆ ਜਾ ਰਿਹਾ ਸੀ। ਦਰਅਸਲ, ਉੱਥੇ ਸਿਮੋਨ ਦੇ ਵਿਚਾਰਾਂ 'ਤੇ ਚਰਚਾ ਹੋ ਰਹੀ ਸੀ ਅਤੇ ਉਨ੍ਹਾਂ ਨੂੰ ਭਾਰਤੀ ਦ੍ਰਿਸ਼ ਨਾਲ ਜੋੜ ਕੇ ਗੱਲਾਂ ਕਹੀਆਂ ਜਾ ਰਹੀਆਂ ਸਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਅਜਿਹੀਆਂ ਗੱਲਾਂ ਸਨ ਜੋ ਆਮ ਤੌਰ 'ਤੇ ਔਰਤਾਂ ਦੇ ਮੁੱਦਿਆਂ 'ਤੇ ਸੈਮੀਨਾਰਾਂ ਵਿੱਚ ਸੁਣੀਆਂ ਜਾਂਦੀਆਂ ਹਨ। ਹੁਣ ਮੈਤ੍ਰੇਈ ਪੁਸ਼ਪਾ ਦੀ ਬੋਲਣ ਦੀ ਵਾਰੀ ਸੀ। ਉਸਨੇ ਮਾਈਕ ਫੜਿਆ ਅਤੇ ਬੋਲਣਾ ਸ਼ੁਰੂ ਕੀਤਾ।

ਔਰਤਾਂ 'ਤੇ ਚਰਚਾ 'ਤੇ ਆਉਣ ਤੋਂ ਪਹਿਲਾਂ, ਉਸਨੇ ਕੁਝ ਅਜਿਹਾ ਕਿਹਾ ਜੋ ਪੂਰੀ ਤਰ੍ਹਾਂ ਮੌਲਿਕ ਸੀ ਅਤੇ ਉਸਦੇ ਆਪਣੇ ਅਨੁਭਵਾਂ 'ਤੇ ਆਧਾਰਿਤ ਸੀ। ਉਸਨੇ ਕਿਹਾ ਕਿ ਕਿਉਂਕਿ ਔਰਤਾਂ ਦੇ ਹੱਥਾਂ ਵਿੱਚ ਮੋਬਾਈਲ ਫੋਨ ਹਨ, ਉਹ ਬਹੁਤ ਸਸ਼ਕਤ ਹੋ ਗਈਆਂ ਹਨ। ਉਹਨਾਂ ਨੂੰ ਇੱਕ ਸਹਾਰਾ ਜਾਂ ਸਾਥੀ ਮਿਲਿਆ ਹੈ ਜੋ ਹਰ ਸਮੇਂ ਉਹਨਾਂ ਦੀ ਮਦਦ ਕਰਦਾ ਹੈ। ਪਿੰਡ ਦੀਆਂ ਔਰਤਾਂ ਵੀ ਆਪਣਾ ਦਰਦ ਆਪਣੇ ਸ਼ੁਭਚਿੰਤਕਾਂ ਜਾਂ ਪਰਦੇ ਤੋਂ ਦੂਰ ਬੈਠੇ ਆਪਣੇ ਰਿਸ਼ਤੇਦ-ਾਰਾਂ ਨੂੰ ਦੱਸ ਸਕਦੀਆਂ ਹਨ। ਉਹ ਸੰਕਟ ਦੇ ਸਮੇਂ ਮਦਦ ਮੰਗ ਸਕਦੀਆਂ ਹਨ। ਇਸ ਸਬੰਧ ਵਿੱਚ, ਮੈਤ੍ਰੇਈ ਪੁਸ਼ਪਾ ਨੇ ਬਹੁਤ ਸਾਰੀਆਂ ਕਹਾਣੀਆਂ ਸੁਣਾਈਆਂ ਜੋ ਉਸਦੀ ਭਾਬੀ ਨਾਲ ਸਬੰਧਤ ਸਨ। ਮੈਤ੍ਰੇਈ ਪੁਸ਼ਪਾ ਨੇ ਆਪਣੇ ਪੇਂਡੂ ਅੰਦਾਜ਼ ਵਿੱਚ ਮੋਬਾਈਲ ਫੋਨ ਨੂੰ ਮਹਿਲਾ ਸਸ਼ਕਤੀਕਰਨ ਨਾਲ ਜੋੜਿਆ ਅਤੇ ਕੁਝ ਅਜਿਹਾ ਕਿਹਾ ਜਿਸ ਬਾਰੇ ਉਸਦੇ ਨਾਲ ਸਟੇਜ 'ਤੇ ਬੈਠੀਆਂ ਹੋਰ ਔਰਤਾਂ ਨੇ ਸੋਚਿਆ ਵੀ ਨਹੀਂ ਹੋਵੇਗਾ। ਜਦੋਂ ਮੈਤ੍ਰੇਈ ਬੋਲ ਰਹੀ ਸੀ, ਤਾਂ ਆਡੀਟੋਰੀਅਮ ਵਿੱਚ ਜਿਸ ਤਰ੍ਹਾਂ ਦੀ ਚੁੱਪ ਸੀ, ਉਸ ਤੋਂ ਲੱਗਦਾ ਸੀ ਕਿ ਜ਼ਿਆਦਾਤਰ ਲੋਕ ਉਸਦੇ ਬਿਆਨ ਨਾਲ ਸਹਿਮਤ ਸਨ। ਜਦੋਂ ਮੈਤ੍ਰੇਈ ਪੁਸ਼ਪਾ ਨੇ ਦੋ ਦਹਾਕੇ ਪਹਿਲਾਂ ਇਹ ਕਿਹਾ ਸੀ, ਤਾਂ ਉਸਨੇ ਸ਼ਾਇਦ ਹੀ ਸੋਚਿਆ ਹੋਵੇਗਾ ਕਿ ਮੋਬਾਈਲ ਵੀ ਔਰਤਾਂ ਅਤੇ ਮਰਦਾਂ ਦੀਆਂ ਦੱਬੀਆਂ ਇੱਛਾਵਾਂ ਨੂੰ ਪ੍ਰਗਟ ਕਰਨ ਦਾ ਇੱਕ ਕਾਰਕ ਬਣ ਜਾਵੇਗਾ। ਹਾਲ ਹੀ ਵਿੱਚ, ਦੋਸਤਾਂ ਨਾਲ ਡਿਜੀਟਲ ਸਕ੍ਰੀਨਾਂ 'ਤੇ ਬਿਤਾਏ ਸਮੇਂ ਬਾਰੇ ਚਰਚਾ ਹੋਈ। ਚਰਚਾ ਵਿੱਚ, ਹਰ ਕੋਈ ਦੱਸ ਰਿਹਾ ਸੀ ਕਿ ਉਹ ਕਿਹੜੇ ਪਲੇਟਫਾਰਮਾਂ 'ਤੇ ਜ਼ਿਆਦਾ ਸਮਾਂ ਬਿਤਾਉਂਦੇ ਹਨ। ਜ਼ਿਆਦਾਤਰ ਦੋਸਤਾਂ ਨੇ ਕਿਹਾ ਕਿ 'ਇੰਸਟਾ' ਅਤੇ 'ਐਕਸ' ਦੀਆਂ ਰੀਲਾਂ ਦੇਖਣ ਵਿੱਚ ਜ਼ਿਆਦਾ ਸਮਾਂ ਬਿਤਾਇਆ ਜਾਂਦਾ ਹੈ।

ਇਸ ਚਰਚਾ ਵਿੱਚ, ਇੱਕ ਦੋਸਤ ਨੇ ਕਿਹਾ ਕਿ ਜਦੋਂ ਉਹ ਘਰੇਲੂ ਔਰਤਾਂ ਅਤੇ ਹੋਰ ਔਰਤਾਂ ਦੀਆਂ ਵੀਡੀ ਦੇਖਦਾ ਹੈ, ਤਾਂ ਖੁਸ਼ੀ ਦੁੱਗਣੀ ਹੋ ਜਾਂਦੀ ਹੈ। ਜਿਨ੍ਹਾਂ ਨੂੰ ਨੱਚਣਾ ਨਹੀਂ ਆਉਂਦਾ ਉਹ ਵੀ ਉਨ੍ਹਾਂ ਦੇ ਨੱਚਦੇ ਹੋਏ ਵੀਡੀ ਅਪਲੋਡ ਕਰਦੇ ਹਨ। ਕਈ ਵਾਰ, ਪਤੀ-ਪਤਨੀ ਵਿਚਕਾਰ ਗੱਲਬਾਤ ਵੀ ਰੀਲਾਂ ਵਿੱਚ ਦਿਖਾਈ ਦਿੰਦੀ ਹੈ। ਇਸ ਵਿੱਚ, ਉਹ ਰਿਤੇਸ਼ ਦੇਸ਼ਮੁਖ ਅਤੇ ਜੇਨੇਲੀਆ ਦੀ ਕੱਚੇ ਤਰੀਕੇ ਨਾਲ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਚਰਚਾ ਦੇ ਵਿਚਕਾਰ ਇੱਕ ਬਹੁਤ ਮਹੱਤਵਪੂਰਨ ਗੱਲ ਸਾਹਮਣੇ ਆਈ। ਇੰਸਟਾ ਦੀਆਂ ਰੀਲਾਂ ਇੱਕ ਅਜਿਹਾ ਪਲੇਟਫਾਰਮ ਬਣ ਗਈਆਂ ਹਨ ਜੋ ਔਰਤਾਂ ਅਤੇ ਮਰਦਾਂ ਦੀਆਂ ਦੱਬੀਆਂ ਇੱਛਾਵਾਂ ਨੂੰ ਵੀ ਅੱਗੇ ਲਿਆ ਰਹੀਆਂ ਹਨ। ਜਿਹੜੀਆਂ ਔਰਤਾਂ ਮਸ਼ਹੂਰ ਹੋਣ ਦਾ ਸ਼ੌਕ ਰੱਖਦੀਆਂ ਸਨ, ਜੋ ਸਕ੍ਰੀਨ 'ਤੇ ਆਉਣਾ ਚਾਹੁੰਦੀਆਂ ਸਨ, ਜੋ ਸਟੇਜ 'ਤੇ ਡਾਂਸ ਸਿੱਖਣਾ ਅਤੇ ਆਪਣੀ ਕਲਾ ਪ੍ਰਦਰਸ਼ਿਤ ਕਰਨਾ ਚਾਹੁੰਦੀਆਂ ਸਨ, ਉਹ ਸਾਰੀਆਂ ਇੱਛਾਵਾਂ ਪੂਰੀਆਂ ਹੋ ਰਹੀਆਂ ਹਨ। ਰੀਲਾਂ ਅਤੇ ਇੰਸਟਾ ਤੋਂ ਪਹਿਲਾਂ, ਅਜਿਹੀਆਂ ਇੱਛਾਵਾਂ ਮਨ ਵਿੱਚ ਦੱਬੀਆਂ ਰਹਿੰਦੀਆਂ ਸਨ। ਇਹ ਉਨ੍ਹਾਂ ਵਿੱਚ ਨਿਰਾਸ਼ਾ ਪੈਦਾ ਕਰਦੀਆਂ ਸਨ। ਮੋਬਾਈਲ ਅਤੇ ਇੰਟਰਨੈੱਟ ਸਹੂਲਤਾਂ ਦੀ ਘਾਟ ਕਾਰਨ, ਜੋ ਔਰਤਾਂ ਪਹਿਲਾਂ ਆਪਣੀ ਡਾਂਸ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ, ਉਹ ਲੋੜੀਂਦੇ ਸਰੋਤਾਂ ਦੀ ਘਾਟ ਕਾਰਨ ਅਜਿਹਾ ਨਹੀਂ ਕਰ ਪਾਉਂਦੀਆਂ ਸਨ। ਇਸ ਵਿੱਚ, ਬਹੁਤ ਸਾਰੀਆਂ ਮੱਧ-ਉਮਰ ਦੀਆਂ ਔਰਤਾਂ ਨੂੰ ਵੀ ਰੀਲਾਂ ਵਿੱਚ ਦੇਖਿਆ ਜਾ ਸਕਦਾ ਹੈ। ਕਈ ਇਸ ਲਈ ਉਹ ਅਜੀਬੋ-ਗਰੀਬ ਸਟੰਟ ਕਰਦੀ ਵੀ ਦਿਖਾਈ ਦੇ ਰਹੀ ਹੈ। ਪਰ ਉਹ ਉਹ ਕਰ ਰਹੀ ਹੈ ਜੋ ਉਹ ਚਾਹੁੰਦੀ ਹੈ। ਇਸ ਨੂੰ ਰੀਲਾਂ ਦਾ ਇੱਕ ਸਕਾਰਾਤਮਕ ਪੱਖ ਮੰਨਿਆ ਜਾ ਸਕਦਾ ਹੈ। ਜਿਵੇਂ ਮੋਬਾਈਲ ਫੋਨਾਂ ਨੇ ਔਰਤਾਂ ਨੂੰ ਸਸ਼ਕਤ ਬਣਾਇਆ, ਉਸੇ ਤਰ੍ਹਾਂ ਇੰਟਰਨੈੱਟ ਅਤੇ ਇੰਟਰਨੈੱਟ ਪਲੇਟਫਾਰਮਾਂ ਨੇ ਔਰਤਾਂ ਦੀਆਂ ਇੱਛਾਵਾਂ ਨੂੰ ਖੰਭ ਦਿੱਤੇ ਹਨ। ਹੁਣ ਉਹ ਬਿਨਾਂ ਕਿਸੇ ਸ਼ਰਮ ਅਤੇ ਝਿਜਕ ਦੇ ਉਹ ਜੋ ਚਾਹੁੰਦੀਆਂ ਹਨ ਕਰ ਰਹੀਆਂ ਹਨ ਅਤੇ ਸਮਾਜ ਦੇ ਸਾਹਮਣੇ ਵੀ ਪ੍ਰਦਰਸ਼ਿਤ ਕਰ ਰਹੀਆਂ ਹਨ। ਵੈਸੇ, ਇਸ ਕਾਲਮ ਵਿੱਚ ਪਹਿਲਾਂ ਵੀ ਰੀਲਾਂ ਬਾਰੇ ਚਰਚਾ ਹੋ ਚੁੱਕੀ ਹੈ, ਜਿਸ ਵਿੱਚ ਬਿਮਾਰੀਆਂ ਤੋਂ ਲੈ ਕੇ ਸਟਾਕ ਮਾਰਕੀਟ ਵਿੱਚ ਨਿਵੇਸ਼ ਕਰਨ ਅਤੇ ਪੈਸਾ ਕਮਾਉਣ ਤੋਂ ਲੈ ਕੇ ਵਧਣ ਵਾਲੀ ਕਿਸਮਤ ਤੱਕ ਦੇ ਸੁਝਾਅ ਕੇਂਦਰ ਵਿੱਚ ਰੱਖੇ ਗਏ ਸਨ। ਰੀਲਾਂ 'ਤੇ ਚਰਚਾ ਵਿੱਚ, ਇੱਕ ਡਾਕਟਰ ਦੋਸਤ ਨੇ ਇੱਕ ਦਿਲਚਸਪ ਗੱਲ ਕਹੀ। ਉਸਨੇ ਕਿਹਾ ਕਿ ਰੀਲਾਂ ਨੇ ਡਾਕਟਰਾਂ ਨੂੰ ਫਾਇਦਾ ਪਹੁੰਚਾਇਆ ਹੈ। ਰੀਲਾਂ ਦੇਖ ਕੇ ਸਿਹਤਮੰਦ ਰਹਿਣ ਦੇ ਸੁਝਾਅ ਅਪਣਾਉਣ ਵਾਲੇ ਲੋਕਾਂ ਦੀ ਗਿਣਤੀ ਵੱਧ ਰਹੀ ਹੈ। ਸਿਹਤਮੰਦ ਰਹਿਣ ਦੇ ਤਰੀਕੇ ਦੇਖ ਕੇ ਅਤੇ ਕਿਸੇ ਮਾਹਰ ਦੀ ਸਲਾਹ ਤੋਂ ਬਿਨਾਂ ਉਨ੍ਹਾਂ ਤਰੀਕਿਆਂ ਨੂੰ ਅਪਣਾ ਕੇ ਵੀ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਜਿਵੇਂ ਕਿ ਰੀਲਾਂ ਵਿੱਚ ਰਾਕ ਨਮਕ ਬਾਰੇ ਬਹੁਤ ਵਧੀਆ ਗੱਲਾਂ ਕਹੀਆਂ ਜਾਂਦੀਆਂ ਹਨ।

ਸਲਾਹ ਦੇਣ ਵਾਲੇ ਕਹਿੰਦੇ ਹਨ ਕਿ ਰਾਕ ਨਮਕ ਸਿਹਤ ਲਈ ਲਾਭਦਾਇਕ ਹੈ। ਲੋਕ ਰੀਲਾਂ ਦੇਖ ਕੇ ਰਾਕ ਨਮਕ ਖਾਣਾ ਸ਼ੁਰੂ ਕਰ ਦਿੰਦੇ ਹਨ। ਆਇ ਡੀਨ ਵਾਲੇ ਨਮਕ ਦੇ ਸੇਵਨ ਦੇ ਫਾਇਦਿਆਂ ਅਤੇ ਇਸਨੂੰ ਛੱਡਣ ਦੇ ਨੁਕਸਾਨਾਂ ਬਾਰੇ ਸੋਚੇ ਬਿਨਾਂ? ਜਦੋਂ ਸਰੀਰ ਵਿੱਚ ਸੋਡੀਅਮ ਅਤੇ ਪੋਟਾਸ਼ੀਅਮ ਦਾ ਸੰਤੁਲਨ ਵਿਗੜ ਜਾਂਦਾ ਹੈ, ਤਾਂ ਲੋਕ ਡਾਕਟਰਾਂ ਕੋਲ ਭੱਜਦੇ ਹਨ। ਇਹ ਖੁਲਾਸਾ ਹੁੰਦਾ ਹੈ ਕਿ ਇਹ ਅਸੰਤੁਲਨ ਲਗਾਤਾਰ ਸੇਵਨ ਕਾਰਨ ਹੋਇਆ ਸੀ। ਤੁਹਾਨੂੰ ਇੰਸਟਾਗ੍ਰਾਮ 'ਤੇ ਵੀ ਸਿਹਤਮੰਦ ਰਹਿਣ ਲਈ ਕਈ ਅਜਿਹੇ ਸੁਝਾਅ ਮਿਲਣਗੇ। ਸਾਰੇ ਇਸ ਤਰ੍ਹਾਂ ਦੱਸੇ ਗਏ ਹਨ ਕਿ ਦਰਸ਼ਕ ਘੱਟੋ-ਘੱਟ ਇੱਕ ਵਾਰ ਉਨ੍ਹਾਂ ਨੂੰ ਅਪਣਾਉਣ ਦਾ ਮਨ ਕਰੇ। ਕਿਉਂਕਿ ਰੀਲਾਂ ਵਿੱਚ ਇਹ ਜ਼ਿਕਰ ਨਹੀਂ ਕੀਤਾ ਗਿਆ ਹੈ ਕਿ ਸਲਾਹ ਦੇਣ ਵਾਲਾ ਵਿਅਕਤੀ ਡਾਕਟਰ ਹੈ ਜਾਂ ਪੋਸ਼ਣ ਵਿਗਿਆਨੀ ਹੈ ਜਾਂ ਨਹੀਂ, ਇਸ ਲਈ ਦਰਸ਼ਕ ਮੰਨਦਾ ਹੈ ਕਿ ਰੀਲਾਂ ਬਣਾਉਣ ਵਾਲਾ ਵਿਅਕਤੀ ਮਾਹਰ ਹੋਣਾ ਚਾਹੀਦਾ ਹੈ। ਰੀਲਾਂ ਦੀ ਦੁਨੀਆ ਬਹੁਤ ਮਨੋਰੰਜਕ ਹੈ। ਇਹ ਬਹੁਤ ਸਮਾਂ ਲੈਂਦਾ ਹੈ। ਕਈ ਵਾਰ ਉੱਥੇ ਚੰਗੀ ਸਮੱਗਰੀ ਵੀ ਮਿਲਦੀ ਹੈ, ਪਰ ਏਆਈ ਦੇ ਇਸ ਯੁੱਗ ਵਿੱਚ, ਪ੍ਰਮਾਣਿਕਤਾ ਬਾਰੇ ਮਨ ਵਿੱਚ ਇੱਕ ਕਿਸਮ ਦਾ ਸ਼ੱਕ ਰਹਿੰਦਾ ਹੈ। ਕਿਸੇ ਦੀ ਵੀ ਵੀਡੀ ਬਣਾਉਣ ਅਤੇ ਕਿਸੇ ਹੋਰ ਦੀ ਆਵਾਜ਼ ਜੋੜ ਕੇ ਇਸਨੂੰ ਵਿਆਪਕ ਤੌਰ 'ਤੇ ਪ੍ਰਸਾਰਿਤ ਕਰਨ ਦਾ ਰੁਝਾਨ ਵੀ ਵਧ ਰਿਹਾ ਹੈ। ਅਜਿਹੀ ਸਥਿਤੀ ਵਿੱਚ, ਇਸ ਵਰਚੁਅਲ ਦੁਨੀਆ ਨੂੰ ਸਿਰਫ ਅਤੇ ਸਿਰਫ ਮਨੋਰੰਜਨ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸਨੂੰ ਦਿਲ ਵਿੱਚ ਦੱਬੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਇੱਕ ਪਲੇਟਫਾਰਮ ਮੰਨਿਆ ਜਾ ਸਕਦਾ ਹੈ ਜਾਂ ਬਣਾਇਆ ਜਾ ਸਕਦਾ ਹੈ। ਇਸ ਮਾਧਿਅਮ ਨੂੰ ਗੰਭੀਰਤਾ ਨਾਲ ਲੈਣ ਦੀ ਕੋਈ ਲੋੜ ਨਹੀਂ ਹੈ। ਲੱਗਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਲੋਕ ਇਸ ਤੋਂ ਬੋਰ ਹੋ ਜਾਣਗੇ ਅਤੇ ਦੁਬਾਰਾ ਛਪੇ ਹੋਏ ਅੱਖਰਾਂ ਵੱਲ ਵਾਪਸ ਪਰਤ ਜਾਣਗੇ। ਦਰਅਸਲ, ਪ੍ਰਕਾਸ਼ਿਤ ਸ਼ਬਦਾਂ ਜਾਂ ਅੱਖਰਾਂ ਵਿੱਚ ਜੋ ਪ੍ਰਮਾਣਿਕਤਾ ਹੈ, ਉਹ ਇਨ੍ਹਾਂ ਵਰਚੁਅਲ ਮਾਧਿਅਮਾਂ ਵਿੱਚ ਨਹੀਂ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਮਾਧਿਅਮ ਅਜੇ ਵੀ ਸਮਾਜ 'ਤੇ ਪ੍ਰਭਾਵ ਪਾ ਰਿਹਾ ਹੈ। ਕਈ ਵਾਰ ਲੋਕ ਇੱਥੇ ਸੁਝਾਈਆਂ ਜਾਂ ਕਹੀਆਂ ਗਈਆਂ ਗੱਲਾਂ ਨੂੰ ਸਹੀ ਮੰਨ ਕੇ ਆਪਣੀ ਰਾਏ ਬਣਾਉਂਦੇ ਹਨ। ਪਰ ਜਿਵੇਂ-ਜਿਵੇਂ ਦੇਸ਼ ਵਿੱਚ ਪੜ੍ਹੇ-ਲਿਖੇ ਲੋਕਾਂ ਦੀ ਗਿਣਤੀ ਵਧਦੀ ਹੈ ਅਤੇ ਇਸ ਸਭ ਬਾਰੇ ਲੋਕਾਂ ਦੀ ਸਮਝ ਵਧਦੀ ਹੈ, ਤਾਂ ਇਸਨੂੰ ਸ਼ੁੱਧ ਮਨੋਰੰਜਨ ਵਜੋਂ ਦੇਖਿਆ ਜਾਵੇਗਾ, ਨਾ ਕਿ ਜਾਣਕਾਰੀ ਦੇ ਮਾਧਿਅਮ ਵਜੋਂ।

**ਕਈ ਵਾਰ, ਪਤੀ-ਪਤਨੀ ਵਿਚਕਾਰ ਗੱਲਬਾਤ ਵੀ ਰੀਲਾਂ ਵਿੱਚ ਦਿਖਾਈ ਦਿੰਦੀ ਹੈ। ਇਸ ਵਿੱਚ, ਉਹ ਰਿਤੇਸ਼ ਦੇਸ਼ਮੁਖ ਅਤੇ ਜੇਨੇਲੀਆ ਦੀ ਕੱਚੇ ਤਰੀਕੇ ਨਾਲ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਚਰਚਾ ਦੇ ਵਿਚਕਾਰ ਇੱਕ ਬਹੁਤ ਮਹੱਤਵਪੂਰਨ ਗੱਲ ਸਾਹਮਣੇ ਆਈ। ਇੰਸਟਾ ਦੀਆਂ ਰੀਲਾਂ ਇੱਕ ਅਜਿਹਾ ਪਲੇਟਫਾਰਮ ਬਣ ਗਈਆਂ ਹਨ ਜੋ ਔਰਤਾਂ ਅਤੇ ਮਰਦਾਂ ਦੀਆਂ ਦੱਬੀਆਂ ਇੱਛਾਵਾਂ ਨੂੰ ਵੀ ਅੱਗੇ ਲਿਆ ਰਹੀਆਂ ਹਨ। ਜਿਹੜੀਆਂ ਔਰਤਾਂ ਮਸ਼ਹੂਰ ਹੋਣ ਦਾ ਸ਼ੌਕ ਰੱਖਦੀਆਂ ਸਨ, ਜੋ ਸਕ੍ਰੀਨ 'ਤੇ ਆਉਣਾ ਚਾਹੁੰਦੀਆਂ ਸਨ, ਜੋ ਸਟੇਜ 'ਤੇ ਡਾਂਸ ਸਿੱਖਣਾ ਅਤੇ ਆਪਣੀ ਕਲਾ ਪ੍ਰਦਰਸ਼ਿਤ ਕਰਨਾ ਚਾਹੁੰਦੀਆਂ ਸਨ, ਉਹ ਸਾਰੀਆਂ ਇੱਛਾਵਾਂ ਪੂਰੀਆਂ ਹੋ ਰਹੀਆਂ ਹਨ। ਰੀਲਾਂ ਅਤੇ ਇੰਸਟਾ ਤੋਂ ਪਹਿਲਾਂ, ਅਜਿਹੀਆਂ ਇੱਛਾਵਾਂ ਮਨ ਵਿੱਚ ਦੱਬੀਆਂ ਰਹਿੰਦੀਆਂ ਸਨ। ਇਹ ਉਨ੍ਹਾਂ ਵਿੱਚ ਨਿਰਾਸ਼ਾ ਪੈਦਾ ਕਰਦੀਆਂ ਸਨ। ਮੋਬਾਈਲ ਅਤੇ ਇੰਟਰਨੈੱਟ ਸਹੂਲਤਾਂ ਦੀ ਘਾਟ ਕਾਰਨ, ਜੋ ਔਰਤਾਂ ਪਹਿਲਾਂ ਆਪਣੀ ਡਾਂਸ ਕਲਾ ਦਾ ਪ੍ਰਦਰਸ਼ਨ ਕਰਨਾ ਚਾਹੁੰਦੀਆਂ ਸਨ, ਉਹ ਲੋੜੀਂਦੇ ਸਰੋਤਾਂ ਦੀ ਘਾਟ ਕਾਰਨ ਅਜਿਹਾ ਨਹੀਂ ਕਰ ਪਾਉਂਦੀਆਂ ਸਨ।**



## .ਗਜ਼ਲ

ਮੈਂ ਇਕੱਲਾ ਬੈਠ ਕਰਦਾ ਜਦ ਉਡੀਕਾਂ ਤੇਰੀਆਂ।
ਕੋਲ ਮੇਰੇ ਆਉਣ ਤਦ-ਤਦ ਫੇਰ ਯਾਦਾਂ ਤੇਰੀਆਂ।

ਲੋਕ ਸੋਚਣ ਇਹ ਇਕੱਲਾ ਕਿਹੜੀ ਗੱਲੋਂ ਹੱਸ ਰਿਹਾ
ਉਹ ਕੀ ਜਾਨਣ ਜ਼ਹਿਨ ਵਿੱਚ ਨੇ ਮੇਰੇ ਬਾਤਾਂ ਤੇਰੀਆਂ।

ਮਰ ਗਿਆ ਹੁੰਦਾ ਕਦੋਂ ਦਾ ਪਰ ਅਜੇ ਵੀ ਜਿਉਂ ਰਿਹਾ
ਬੱਸ ਬਚਾਈ ਫਿਰਦੀਆਂ ਮੈਨੂੰ ਦੁਆਵਾਂ ਤੇਰੀਆਂ।

ਕੁਝ ਨਾ ਰਹਿਣਾ ਏਸ ਜਗ ਤੇ ਇੱਕ ਮੁਹੱਬਤ ਦੇ ਸਿਵਾ
ਗੂੰਜ ਦੀਆਂ ਹੁਣ ਵੀ ਕੰਨਾਂ ਵਿੱਚ ਆਵਾਜ਼ਾਂ ਤੇਰੀਆਂ।

ਇਹ ਜੋ ਦਿੰਦੇ ਨੇ ਸਲਾਮੀ ਬਿਨ ਵਜ੍ਹਾ ਹੀ ਰਾਤ ਦਿਨ
ਬੱਸ ਬਹਾਨੇ ਨਾਲ ਤੱਕ ਦੇ ਇਹ ਨੇ ਅੱਖਾਂ ਤੇਰੀਆਂ।

ਤਾਰਿਆਂ ਨੂੰ ਗਿਣ ਕਦੇ ਜਾਂ ਅੰਬਰਾਂ ਨਾਲ਼ ਬਾਤ ਪਾ
ਕਿਸ ਤਰ੍ਹਾਂ ਹੁਣ ਲੰਘਦੀਆਂ ਨੇ ਦੱਸ ਤਾਂ ਰਾਤਾਂ ਤੇਰੀਆਂ।

**– ਹਰਦੀਪ ਬਿਰਦੀ 9041600900**

## ਘੁਤਰੀ

ਸਕੂਲੋਂ ਆ ਸਾਈਕਲ ਖੜ੍ਹਾ
ਝੂਟੇ ਘੋੜਾ ਬਣ ਦਵਾਵੇ
ਲਾਡ ਮੇਰੇ ਨਾਲ ਲੜਾਵੇ
ਘੁਤਰੀ ਮੇਰਾ ਕੀ ਕਰਦਾ
ਮੈਂਨੂ ਬਾਪੂ ਆਖ ਬੁਲਾਵੇ

ਮੱਝਾਂ ਦਿਖਾਵੇ ਟੋਭੇ ਤੇ
ਕਦੇ ਗੋਦੀ ਕਦੇ ਮੋਢੇ ਤੇ
ਬਾਂਦਰ ਤੋਤੇ ਤੇ ਚਿੜੀਆਂ
ਮੋਰ ਪਾਉਂਦੇ ਪੈਲਾਂ ਦਿਖਾਵੇ
ਪਿੰਡ ਦਾ ਗੇੜਾ ਸ਼ਾਮੀ ਲਵਾਵੇ
ਘੁਤਰੀ ਮੇਰਾ ਕੀ ਕਰਦਾ
ਮੈਂਨੂ ਬਾਪੂ ਆਖ ਬੁਲਾਵੇ

ਬਿਠਾ ਮੈਂਨੂ ਤੜਕੇ ਪੜ੍ਹਾਵੇ
ਲਿਖਣੇ ਸੁੰਦਰ ਅੱਖਰ ਸਿਖਾਵੇ
ਫੜ੍ਹ ਕਾਠੀ ਸਾਇਕਲ ਉੱਤੇ ਬਿਠਾਵੇ
ਫਿਰ ਖੇਡਾਂ ਮੈਂਨੂ ਖਿਡਾਵੇ
ਵਾਲੀਵਾਲ ਅੰਡਰ-ਹੈਂਡ ਚੁਕਾਵੇ
ਘੁਤਰੀ ਮੇਰਾ ਕੀ ਕਰਦਾ
ਮੈਂਨੂ ਬਾਪੂ ਆਖ ਬੁਲਾਵੇ

**ਚੇਤਨ ਬਿਰਧਨੋ**
**9617119111**



## ਯਾਦਾਂ ਦੀ ਗਠੜੀ

ਅੱਜ ਮੁੜ ਚਿਰਾਂ ਪਿੱਛੋਂ,ਤੇਰੀ ਯਾਦ ਆਈ
ਹੱਸਦੇ ਹੱਸਦੇ ਐਂਵੇ ਹੀ ਮੇਰੀ ਅੱਖ ਭਰ ਆਈ

ਕਲਾਸ ਰੂਮ ਤੇ ਕਾਲਜ ਛੱਤ ਵਾਲੀ ਮਿਲਣੀ
ਪਤਾ ਨੀ ਕਿੰਝ ਯਾਦਾਂ ਦੀ ਗਠੜੀ ਚੁੱਕ ਲਿਆਈ

ਜਿੱਥੇ ਮਿਲੇ ਸੀ ਪਹਿਲੀ ਵਾਰ ਡਰ ਡਰ ਕੇ
ਸਾਂਭ ਰੱਖੀ ਉਹ ਯਾਦਾਂ ਦੀ ਪਿਟਾਰੀ ਮਰ ਮਰ ਕੇ

ਤੇਰਾ ਨਖਰਾ ਤੇ ਹਸੂੰ ਹਸੂੰ ਮੁੱਖੜੇ ਵਾਲਾ ਨੂਰ
ਪਲਕ ਝਪਕੀ ਤੇ ਖ਼ਿਆਲ ਕਰ ਗਿਆ ਚੂਰ ਚੂਰ

ਤੇਰੀ ਗਿੱਧੇ ਦੀ ਧਮਾਲ,ਖੰਨੇ ਨੂੰ ਭੁੱਲਦੀ ਨਹੀਂ
ਸੂਰਤ ਅੱਜ ਵੀ ਅਜੀਤ ਦੀ ਹੋਰ ਤੇ ਡੁੱਲ੍ਹਦੀ ਨਹੀ

**ਲੈਕਚਰਾਰ ਅਜੀਤ ਖੰਨਾ**
**91-85448-54669**



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਬੁੱਝੋ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੋਇਆ?



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸਿਰਲੇਖ ਪੜ੍ਹ ਕੇ ਪਾਠਕ ਝੱਟ ਦੇਣੀ ਕਹਿ ਦੇਣਗੇ ਕਿ ਭਾਈ ਹਰਜਿੰਦਰ ਸਿੰਘ ਧਾਮੀ ਹੀ ਪ੍ਰਧਾਨ ਹਨ ਸ਼੍ਰੋਮਣੀ ਕਮੇਟੀ ਦੇ,ਇਹਦੇ 'ਚ ਬੁੱਝਣ ਵਾਲ਼ੀ ਕਿਹੜੀ ਗੱਲ ਹੋਈ?ਪਰ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਦੇ ਪ੍ਰਧਾਨਗੀ ਕਾਲ ਦੌਰਾਨ ਵਾਪਰੀ ਹੇਠ ਲਿਖੀ ਵਾਰਤਾ ਪੜ੍ਹ ਕੇ ਪਾਠਕਾਂ ਦਾ ਉਤਲਾ ਜਵਾਬ ਬਿਲਕੁਲ ਗਲ੍ਹਤ ਸਾਬਤ ਹੋ ਜਾਵੇ ਗਾ!ਮੇਰਾ ਦਾਅ੍ਹਵਾ ਹੈ ਕਿ ਇਹ ਲੇਖ ਪੜ੍ਹਦਿਆਂ ਧਾਮੀ ਜੀ ਨੂੰ ਪ੍ਰਧਾਨ ਮੰਨਦੇ ਹੋਇਆਂ ਵੀ ਤੁਹਾਡੇ ਮਨ ਵਿਚ 'ਪ੍ਰਧਾਨ ਕੌਣ ?' ਦਾ ਸਵਾਲ ਉੱਠ ਖੜ੍ਹੇ ਗਾ!

ਸ੍ਰੀ ਅਨੰਦ ਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਬਣੇ ਹੋਏ ਮਾਤਾ ਨਾਨਕੀ ਨਿਵਾਸ ਵਿਚ,ਇਕ ਜੋੜ-ਮੇਲੇ ਤੋਂ ਪਹਿਲਾਂ, ਸ਼੍ਰੋਮਣੀ ਕਮੇਟੀ ਮੈਂਬਰਾਂ ਦੀ 'ਜਾਇਦਾਦ ਸਬ-ਕਮੇਟੀ' ਦੀ ਮੀਟਿੰਗ ਹੋਈ। ਜਿਸ ਵਿਚ ਇਨ੍ਹਾਂ ਸਤਰਾਂ ਦਾ ਲੇਖਕ ਵੀ ਬਤੌਰ ਮੈਂਬਰ ਸ਼੍ਰੋਮਣੀ ਕਮੇਟੀ ਸ਼ਾਮਲ ਸੀ। ਸਮਾਪਤੀ ਮੌਕੇ ਦਫ਼ਤਰ ਦੀ ਸੂਮੋ ਗੱਡੀ ਸਾਨੂੰ ਚਾਰ-ਪੰਜ ਮੈਂਬਰਾਂ ਨੂੰ ਘਰੋ-ਘਰੀਂ ਪਹੁੰਚਾਉਣ ਲਈ ਗੜ੍ਹਸ਼ੰਕਰ ਵੱਲ ਨੂੰ ਰਵਾਨਾ ਹੋ ਗਈ। ਕਿਉਂ ਕਿ ਮੈਂ ਨਵਾਂਸ਼ਹਿਰ ਵੱਲ੍ਹ ਆਉਣਾ ਸੀ ਤੇ ਮੇਰੇ ਦੋ ਸਾਥੀ ਮੈਂਬਰਾਂ ਨੇ ਆਪਣੇ ਟਿਕਾਣੇ ਗਰਨ੍ਹਾ ਸਾਹਿਬ (ਹੁਸ਼ਿਆਰ ਪੁਰ) ਪਹੁੰਚਣਾ ਸੀ।ਜਿਵੇਂ ਅਕਸਰ ਪੇਂਡੂ ਬੀਬੀਆਂ ਬੱਸਾਂ ਵਿਚ ਸਫ਼ਰ ਕਰਨ ਵੇ਼ਲੇ ਆਪਣੀਆਂ ਨੂੰਹਾਂ-ਧੀਆਂ ਦੀਆਂ ਚੁਗ਼ਲੀਆਂ ਦਿਲ ਖੋਲ੍ਹ ਕੇ ਕਰਦੀਆਂ ਨੇ। ਇਵੇਂ ਹੀ ਸ਼੍ਰੋਮਣੀ ਕਮੇਟੀ ਮੈਂਬਰ ਸਾਹਿਬਾਨ, ਮੀਟਿੰਗ 'ਤੇ ਗਏ ਹੋਏ ਰਾਤ ਦੇ ਠਹਿਰਾਅ ਦੌਰਾਨ ਜਾਂ ਕਿਤੇ ਏਧਰ-ਧਰ ਨੂੰ ਇਕੱਠਿਆਂ ਸਫ਼ਰ ਕਰਨ ਮੌਕੇ ਦਿਲਾਂ ਦੀ ਭੜਾਸ ਕੱਢ ਲੈਂਦੇ ਹਨ।

ਸ੍ਰੀ ਅਨੰਦ ਪੁਰ ਸਾਹਿਬ-ਨੰਗ਼ਲ ਵਾ਼ਲੀ ਰੇਲਵੇ ਲਾਈਨ ਟੱਪਦਿਆਂ ਸਾਰ ਸੂਮੋ 'ਚ ਬੈਠੇ ਹੁਸ਼ਿਆਰਪੁਰ ਇਲਾਕੇ ਨਾ਼ਲ ਸੰਬੰਧਤ ਦੋਵੇਂ ਕਮੇਟੀ ਮੈਂਬਰਾਂ ਨੇ ਆਪਣੇ ਦਰਦਾਂ ਦੀ ਪੂਣੀ ਛੋਹ ਲਈ। ਇਕ ਦੂਜੇ ਦੀ ਤਾਈਦ ਅਤੇ ਤਾਈਦ ਮਜੀਦ ਕਰਦਿਆਂ ਉਨ੍ਹਾਂ ਨੇ ਪੂਰੀ ਦਾਸਤਾਂ ਸੁਣਾਉਣੀ ਸੁਰੂ ਕੀਤੀ। ਇਨ੍ਹਾਂ ਦੋਹਾਂ ਮੈਂਬਰਾਂ ਦੇ ਆਪਣੇ ਹਲਕੇ ਵਿਚ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾਂਦੇ ਇਕ ਵਿਦਿਅਕ ਅਦਾਰੇ ਵਿਚ ਲੈਕਚਰਾਰ ਦੀ ਅਸਾਮੀ ਖਾਲੀ ਹੋ ਗਈ। ਇਸ ਅਸਾਮੀ ਲਈ ਵਿੱਦਿਅਕ ਯੋਗਤਾਵਾਂ ਪੂਰੀਆਂ ਕਰਦੇ ਇਕ ਗੁਰਸਿੱਖ ਨੌਜਵਾਨ ਨੇ ਇਨ੍ਹਾਂ ਨਾ਼ਲ ਰਾਬਤਾ ਬਣਾਇਆ ਅਤੇ ਉਪਰੋਕਤ ਅਸਾਮੀ 'ਚ ਆਪਣੀ ਨਿਯੁਕਤੀ ਕਰਵਾਉਣ ਲਈ ਹਮਾਇਤ ਮੰਗੀ। ਅੰਮ੍ਰਿਤਧਾਰੀ ਗੁਰਸਿੱਖ ਅਤੇ ਪੜ੍ਹਿਆ-ਲਿਖਿਆ ਮੁੰਡਾ ਵੇਖ ਕੇ ਇਹ ਦੋਵੇਂ ਮੈਂਬਰ ਪ੍ਰਸੰਨ ਹੋ ਕੇ ਉਸਦੀ ਸਿਫਾਰਸ਼ ਕਰਨ ਲਈ ਝੱਟ ਤਿਆਰ ਹੋ ਗਏ। ਦੂਜੇ ਦਿਨ ਹੀ ਇਹ ਮੈਂਬਰ,ਉਸ ਮੁੰਡੇ ਨੂੰ ਨਾ਼ਲ ਲੈ ਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਕ੍ਰਿਪਾਲ ਸਿੰਘ ਬਡੂੰਗਰ ਨੂੰ ਜਾ ਮਿ਼ਲੇ। ਪ੍ਰਧਾਨ ਜੀ ਨੇ ਰਸਮੀ ਜਿਹੇ ਤਰੀਕੇ ਨਾ਼ਲ ਉਸ ਉਮੀਦਵਾਰ ਦੇ ਸਰਟੀਫ਼ਿਕੇਟ ਵਗੈਰਾ ਵੇਖੇ ਅਤੇ ਮੁੰਡੇ ਸਾਹਮਣੇ ਦੋਹਾਂ ਮੈਂਬਰਾਂ ਨੂੰ 'ਵਿਚਾਰ ਕਰਨ' ਦਾ ਭਰੋਸਾ ਦੇ ਦਿੱਤਾ। ਪਰ ਮੈਂਬਰਾਂ ਨੂੰ ਵੱਖਰੇ ਤੌਰ 'ਤੇ ਅੰਦਰ ਲਿਜਾ ਕੇ ਪ੍ਰਧਾਨ ਜੀ ਨੇ ਦੱਸਿਆ ਕਿ "ਜਥੇਦਾਰ ਜੀ ਤੁਸੀਂ ਪੰਜ-ਸੱਤ ਘੰਟੇ ਲੇਟ ਹੋ ਗਏ ! ਤੁਹਾਡੇ ਤੋਂ ਪਹਿਲਾਂ ਮੈਨੂੰ ਫਲਾਣਾ ਮੈਂਬਰ ਆਪਣੇ ਇਕ ਰਿਸ਼ਤੇਦਾਰ ਮੁੰਡੇ ਦਾ ਨਾਂ ਲਿਖਾ ਗਿਆ ਹੈ। ਉਸ ਮੈਂਬਰ ਕੋ਼ਲ 'ਪ੍ਰਧਾਨ ਸਾਹਿਬ' ਦੀ ਸਿਫਾਰਸ਼ੀ ਚਿੱਠੀ ਵੀ ਸੀ।ਹੁਣ ਬੰਦਾ ਉਹੀ ਰੱਖ ਹੋਣਾ ਐਂ ਵੈਸੇ ਮੁੰਡਾ ਉਹ ਵੀ ਗੁਰਸਿੱਖ ਹੀ ਹੈ।"

ਇਨ੍ਹਾਂ ਮੈਂਬਰਾਂ ਨੇ ਰੋਸ ਜ਼ਾਹਰ ਕੀਤਾ ਕਿ ਸਾਨੂੰ ਹਲਕਾ ਮੈਂਬਰਾਂ ਨੂੰ ਛੱਡ ਕੇ ਬਾਹਰਲੇ ਹਲਕੇ ਦੇ ਮੈਂਬਰ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਜੋ ਕਿ ਸਾਡੇ ਨਾ਼ਲ ਸਰਾ ਸਰ ਬੇਇਨਸਾਫ਼ੀ ਹੈ ਪਰ ਪ੍ਰਧਾਨ ਜੀ ਨੇ ਅਸਮਰੱਥਾ ਜ਼ਾਹਿਰ ਕਰਦਿਆਂ ਇਨ੍ਹਾਂ ਨੂੰ ਇਹ 'ਸਿਆਸੀ ਭਰੋਸਾ' ਦੇ ਦਿੱਤਾ ਕਿ "ਫ਼ਿਕਰ ਨਾ ਕਰੋ। ਤੁਹਾਡਾ ਬੰਦਾ ਵੀ ਕਿਤੇ ਨਾ ਕਿਤੇ ਜ਼ਰੂਰ ਐਡਜਸਟ ਕਰ ਦਿਆਂ ਗੇ!" ਇਨ੍ਹਾਂ ਦੋਹਾਂ ਮੈਂਬਰਾਂ ਤੋਂ ਪਹਿਲਾਂ ਬਡੂੰਗਰ ਜੀ ਨੂੰ ਮਿ਼ਲ ਚੁੱਕੇ ਉਸ ਮੈਂਬਰ ਨੇ ਵੀ ਇਨ੍ਹਾਂ ਦੋਹਾਂ ਜਥੇਦਾਰਾਂ ਦੇ ਘਰੀਂ ਜਾ ਕੇ ਉਨ੍ਹਾਂ ਨੂੰ 'ਰਾਜ਼ੀ' ਕਰ ਲਿਆ। ਇੰਜ ਹੁਸ਼ਿਆਰ ਪੁਰੀਏ ਇਨ੍ਹਾਂ ਦੋਹਾਂ ਮੈਂਬਰਾਂ ਦਾ ਗੁੱਸਾ ਵੀ ਠੰਢਾ ਹੋ ਗਿਆ। ਕੁਝ ਅਰਸੇ ਪਿੱਛੋਂ ਇਸ ਵਿੱਦਿਅਕ ਅਦਾਰੇ ਵਿਚ ਕੋਈ ਸਮਾਗਮ ਆਯੋਜਤ ਹੋਇਆ। ਉੱਥੇ ਦਫ਼ਤਰ 'ਚ ਬੈਠਿਆਂ ਇਨ੍ਹਾਂ ਦੋਹਾਂ ਮੈਂਬਰਾਂ ਨੇ ਪ੍ਰਿੰਸੀਪਲ ਨੂੰ ਸੁਭਾਵਿਕ ਹੀ ਪੁੱਛ ਲਿਆ ਕਿ ਜਿਹੜਾ ਨਵਾਂ ਲੈਕਚਰਾਰ ਰੱਖਿਆ ਹੈ, ਸਾਨੂੰ ਵੀ ਉਹਦੇ ਦਰਸ਼ਨ ਕਰਵਾ ਦਿਉ ਜੀ?

ਪ੍ਰਿੰਸੀਪਲ ਨੇ ਖੁਸ਼ ਹੁੰਦਿਆਂ ਲਾਗੇ ਬੈਠੇ ਇਕ ਨੌਜਵਾਨ ਵੱਲ ਇਸ਼ਾਰਾ ਕਰਦਿਆਂ ਆਖਿਆ-"ਆਹ ਦੇਖੋ ਤਾਂ ਬੈਠੇ ਨੇ ਸ੍ਰੀ... ਸਾਬ੍ਹ ਬੜੇ ਮਿਲਾਪੜੇ ਤੇ ਮਿਹਨਤੀ ਨੇ ਇਹ।" ਦੋਵੇਂ ਮੈਂਬਰ ਉਸ ਕਲੀਨਸ਼ੇਵਨ ਲੈਕਚਰਾਰ ਵੱਲ ਵੇਖ ਕੇ ਹੱਕੇ-ਬੱਕੇ ਰਹਿ ਗਏ। ਦੋਹਾਂ ਮੈਂਬਰਾਂ ਦੇ ਮੂੰਹ ਇੰਜ ਦੇ ਹੋ ਗਏ ਜਿਵੇਂ ਕੁਨੈਣ ਪੀਤੀ ਹੋਈ ਹੋਵੇ। ਦੋਵੇਂ ਜਣੇ ਸੋਚਣ ਲੱਗੇ ਕਿ ਅਕਸਰ ਅਜਿਹੀਆਂ ਗੱਲਾਂ ਸੁਣਨ 'ਚ ਆਉਂਦੀਆਂ ਰਹਿੰਦੀਆਂ ਨੇ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਚਲਦੇ ਸਕੂਲਾਂ/ਕਾਲਜਾਂ ਵਿਚ ਨੌਕਰੀ ਲੈਣ ਲਈ ਸਿੱਖ ਪਰਿਵਾਰਾਂ ਦੇ ਮੁੰਡੇ ਚਹੁੰ ਕੁ ਦਿਨਾਂ ਲਈ ਕੇਸ ਕਟਣੇ ਬੰਦ ਕਰਕੇ ਦਾੜ੍ਹੀਆਂ ਵਧਾ ਲੈਂਦੇ ਹਨ ਅਤੇ ਨੌਕਰੀ ਮਿ਼ਲ ਜਾਣ ਤੋਂ ਬਾਅਦ, ਕੋਈ ਨਾ ਕੋਈ ਬਹਾਨਾ ਲਾ ਕੇ ਮੁੜ ਘਰੜ-ਮਰੜ ਹੋ ਜਾਂਦੇ ਨੇ! ਉਨ੍ਹਾਂ ਨੂੰ ਇਸ ਕੇਸ ਵਿਚ ਵੀ ਐਸਾ ਹੀ 'ਭਾਣਾ ਵਰਤਿਆ' ਹੋਇਆ ਜਾਪਿਆ।

ਕੁਝ ਚਿਰ ਚੁੱਪ ਰਹਿਣ ਤੋਂ ਬਾਅਦ, ਇਨ੍ਹਾਂ ਮੈਂਬਰਾਂ ਨੇ ਉਸ ਲੈਕਚਰਾਰ ਨੂੰ ਪੁੱਛਿਆ-"ਕੀ ਨਾਂ ਏ ਬਈ ਜੁਆਨਾ ਤੇਰਾ?" ਮੁੰਡੇ ਮੂੰਹੋਂ ਗ਼ੈਰ ਸਿੱਖਾਂ ਵਾ਼ਲਾ ਨਾਂ ਸੁਣ ਕੇ ਦੋਹਾਂ ਜਥੇਦਾਰਾਂ ਦੇ ਰਹਿੰਦੇ ਵੀ ਤੌਰ ਭੌਰ ਉਡ ਗਏ। "ਹੈਂਅ? ਸਾਡੇ ਨਾ਼ਲ ਨੰਗਾ ਚਿੱਟਾ ਧੋਖਾ? ਸਾਨੂੰ ਤਾਂ ਪ੍ਰਧਾਨ ਜੀ ਨੇ ਦਣ ਦੱਸਿਆ ਸੀ ਕਿ ਸਾਥੋਂ ਪਹਿਲਾਂ ਆਈ ਹੋਈ ਸਿਫਾਰਸ਼ ਵਾ਼ਲਾ ਨੌਜਵਾਨ ਵੀ ਗੁਰਸਿੱਖ ਹੀ ਹੈ।ਪਰ ਆਹ ਤਾਂ ਹੋਰ ਈ ਚੰਨ ਚੜ੍ਹਿਆ ਹੋਇਆ ਹੈ?"

ਅਦਾਰੇ ਵਿਚ ਹੋਇਆ ਸਮਾਗਮ ਮੁੱਕਣ ਤੋਂ ਬਾਅਦ ਦੋਵੇਂ ਮੈਂਬਰ ਭੱਜੇ-ਭੱਜੇ ਜਾ ਗੱਜੇ ਪ੍ਰਧਾਨ ਬਡੂੰਗਰ ਜੀ ਪਾਸ, ਜੋ ਉਸੇ ਸਮਾਗਮ ਵਿਚ 'ਮੁੱਖ ਮਹਿਮਾਨ' ਵਜੋਂ ਪਧਾਰੇ ਹੋਏ ਸਨ!ਗੋਂਗਲੂਆਂ ਤੋਂ ਮਿੱਟੀ ਝਾੜਨ ਵਾਂਗ ਪਹਿਲਾਂ ਤਾਂ ਪ੍ਰਧਾਨ 'ਲੋਲੋ-ਪੋਪੋ' ਜਿਹੀ ਕਰਨ ਲੱਗ ਪਿਆ। ਪਰ ਜਦ ਇਹ ਦੋਵੇਂ ਮੈਂਬਰ ਖਹਿੜੇ ਈ ਪੈ ਗਏ ਕਿ ਜੋ ਹੋ ਗਿਆ ਸੋ ਹੋ ਗਿਆ, ਘੱਟ ਤੋਂ ਘੱਟ ਸਾਨੂੰ ਹੁਣ ਤਾਂ ਦੱਸ ਦਿਉ ਕਿ ਸ਼੍ਰੋਮਣੀ ਕਮੇਟੀ ਦੇ ਕਾਲਜ ਵਿਚ ਵਿੱਦਿਅਕ ਸ਼ਰਤਾਂ ਪੂਰੀਆਂ ਕਰਦੇ ਦੋ ਅੰਮ੍ਰਿਤਧਾਰੀ ਗੁਰਸਿੱਖ ਉਮੀਦਵਾਰਾਂ ਨੂੰ ਛੱਡ ਕੇ ਇਕ ਗੈਰ-ਸਿੱਖ ਨੂੰ ਨੌਕਰੀ ਕਿਸਦੇ ਕਹੇ ਤੋਂ ਦਿੱਤੀ ਗਈ? ਤਾਂ ਫਿਰ ਪ੍ਰਧਾਨ ਜੀ ਨੇ ਇਨ੍ਹਾਂ ਨੂੰ 'ਵਿਚਲੀ ਗੱਲ' ਇਹ ਦੱਸੀ- "ਬਈ ਜਥੇਦਾਰੋ...!" ਪ੍ਰਧਾਨ ਜੀ ਹੌਲੀ ਜਿਹੇ ਬੋਲੇ-"ਤੁਹਾਡਾ ਰੋਸਾ ਬਿਲਕੁਲ ਜਾਇਜ਼ ਹੀ ਹੈ। ਦਣ ਮੇਰੇ ਕੋਲ ਤੁਹਾਥੋਂ ਪਹਿਲਾਂ ਆਏ ਜਥੇਦਾਰ.. ਸਿੰਘ ਦਾ ਸਿਫ਼ਾਰਸੀ ਮੁੰਡਾ ਮੈਂ 'ਸਿਲੈਕਟ' ਕਰ ਲਿਆ ਸੀ, ਪਰ ਐਨ ਆਖ਼ਰੀ ਪਲਾਂ 'ਚ ਮੈਨੂੰ ਚੰਡੀਗੜ੍ਹੋਂ 'ਪ੍ਰਧਾਨ ਸਾਹਿਬ' ਦਾ ਫ਼ੋਨ ਆ ਗਿਆ ਸੀ ਕਿ ਬਡੂੰਗਰ ਜੀ ਮੈਂ ਇਸ ਮੁੰਡੇ ਨੂੰ ਇਹ ਸਲਿੱਪ ਦੇ ਕੇ ਤੁਹਾਡੇ ਕੋ਼ਲ ਭੇਜ ਰਿਹਾਂ, ਇਹਨੂੰ ਹੀ ਪੋਸਟ 'ਤੇ 'ਜੁਆਇਨ' ਕਰਵਾਉਣਾ ਹੈ !"

ਪ੍ਰਧਾਨ ਬਡੂੰਗਰ ਜ਼ਰਾ ਹੋਰ ਧੀਮੀਂ 'ਵਾਜ ਵਿਚ ਬੋਲੇ ਕਿ ਬਾਦਲ ਸਾਹਿਬ ਨੂੰ ਇਸ ਮੁੰਡੇ ਦੀ ਸਿਫਾਰਸ਼ ਬਾਰੇ ਦਿੱਲੀਉਂ ਅਡਵਾਨੀ ਸਾਹਿਬ ਦਾ ਫ਼ੋਨ ਆ ਗਿਆ ਸੀ ! (ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਉਸ ਵੇਲੇ ਕੇਂਦਰੀ ਗ੍ਰਹਿ ਮੰਤਰੀ ਸਨ) ਜਥੇਦਾਰੋ ਤੁਹਾਨੂੰ ਪਤਾ ਈ ਐ... ਹੀਂ-ਹੀਂ-ਹੀਂ... ਮਜਬੂਰੀ ਵਿਚ 'ਕਈ ਕੁਛ' ਕਰਨਾ ਪੈਂਦਾ ਐ !"

ਪ੍ਰਧਾਨ ਜੀ ਨੇ ਦੋਹਾਂ ਮੈਂਬਰਾਂ ਨੂੰ ਆਪਣੀ ਮਜਬੂਰੀ ਵਾਲੀ 'ਗੋ਼ਲੀ' ਨਾ਼ਲ ਸ਼ਾਂਤ ਕਰ ਦਿੱਤਾ।

ਦੋਹਾਂ ਮੈਂਬਰਾਂ ਵਲੋਂ ਸੁਣਾਈ ਜਾ ਰਹੀ ਇਹ ਵਾਰਤਾ ਮੁਕਦੀ ਨੂੰ ਸਾਡੀ ਸੂਮੋ ਗੱਡੀ ਗੜ੍ਹਸ਼ੰਕਰ ਦੇ ਬੱਸ ਅੱਡੇ ਪਹੁੰਚ ਚੁੱਕੀ ਸੀ। ਇੱਥੇ ਸੱਤੀ ਦੇ ਢਾਬੇ 'ਤੇ ਬਹਿ ਕੇ ਚਾਹ ਨਾ਼ਲ ਸਮੋਸੇ ਖਾਂਦਿਆਂ, ਅਸੀਂ ਤਿੰਨੋਂ ਜਣੇ ਲੰਘੇ ਸੱਪ ਦੀ ਲਕੀਰ ਕੁੱਟਣ ਵਾਂਗ ਉਤਲੇ ਪ੍ਰਕਰਣ ਦੀ ਵੱਖ-ਵੱਖ ਪੱਖਾਂ ਤੋਂ ਚੀਰ-ਫਾੜ ਕਰਦੇ ਰਹੇ- 'ਏਨੀ ਕੱਟੜਤਾ ਵੀ ਨਹੀਂ ਚਾਹੀਦੀ ਕਿ ਕਿਸੇ ਹੋਰ ਧਰਮ ਦਾ ਪੈਰੋਕਾਰ ਸਾਡੇ ਅਦਾਰਿਆਂ 'ਚ ਵੜੇ ਈ ਨਾ, ਪਰ ਆਹ ਤਾਂ ਸ਼ਰੇਆਮ ਧੱਕਾ ਹੈ ਕਿ ਦੋ ਯੋਗ ਗੁਰਸਿੱਖ ਉਮੀਦਵਾਰਾਂ ਨੂੰ ਪਾਸੇ ਕਰਕੇ ਇਕ ਗ਼ੈਰ-ਸਿੱਖ..'

ਉੱਥੇ ਅੱਧਾ-ਪੌਣਾ ਘੰਟਾ ਅਜਿਹੇ ਯਾਭਾਂ ਦੇ ਭੇੜ ਕਰਕੇ ਅਸੀਂ ਆਪੋ-ਆਪਣੇ ਘਰਾਂ ਨੂੰ ਤੁਰ ਆਏ। ਇਸ ਲਿਖਤ ਨੂੰ ਮੈਂ ਅਗਲੀਆਂ ਹੋਰ ਗੱਲਾਂ ਲਿਖ ਕੇ ਲਮਕਾਉਣਾ ਨਹੀਂ ਚਾਹੁੰਦਾ ਕਿ ਕਿਵੇਂ ਮੈਂ ਉਨ੍ਹਾਂ ਸਾਥੀ ਮੈਂਬਰਾਂ ਦੀ ਸਲਾਹ ਨਾ਼ਲ ਪ੍ਰਧਾਨ ਜੀ ਨੂੰ ਉਕਤ ਵਰਤਾਰੇ ਬਾਰੇ ਰੋਸ-ਪੱਤਰ ਵੀ ਲਿਖਿਆ। ਉਸ ਰੋਸ-ਪੱਤਰ ਦਾ ਬਣਿਆ ਕੀ? ਇਹ ਵਿਸਥਾਰ ਵੀ ਨਹੀਂ ਲਿਖ ਰਿਹਾ।

ਬਸ ਪਾਠਕ-ਜਨਾਂ ਅੱਗੇ ਆਪਣੀ ਕੌਮ ਦੇ ਨਿਘਾਰ ਦਾ ਵਾਸਤਾ ਪਾ ਕੇ ਇਕ ਅਰਜ਼ ਕਰਨੀ ਚਾਹੁੰਦਾ ਹਾਂ ਕਿ ਆਪ ਸਭ ਨੂੰ ਇਹ ਲਿਖਤ ਪੜ੍ਹ ਕੇ, 'ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕੌਣ ਹੁੰਦਾ ਐ ?' ਦਾ ਜਵਾਬ ਤਾਂ ਮਿ਼ਲ ਗਿਆ ਹੋਵੇਗਾ ਜੀ ਪਰ ਉਸ 'ਭਰਦਾਨ' ਦੀ ਪੰਜਾ਼ਲੀ ਹਾਲੇ ਤੱਕ ਵੀ ਸ਼੍ਰੋਮਣੀ ਕਮੇਟੀ ਦੇ ਗ਼ਲ ਵਿਚ ਪਈ ਹੋਈ ਹੈ ਉਸਨੂੰ ਉਤਾਰਨ ਲਈ ਕਮਰਕੱਸੇ ਕਰੀਏ!

## ਪੁਸਤਕ ਸਮੀਖਿਆ

**ਖੋਰਾ (ਨਾਵਲ)**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਨਾਵਲਕਾਰ: ਧਰਮਪਾਲ ਸਾਹਿਲ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ,**
**ਪੰਨੇ: 216, ਮੁੱਲ: 350 ਰੁਪਏ**

ਪੰਜਾਬੀ ਅਤੇ ਹਿੰਦੀ ਸਾਹਿਤ ਦੇ ਖੇਤਰ ਵਿੱਚ ਡਾਕਟਰ ਧਰਮਪਾਲ ਸਾਹਿਲ ਦਾ ਨਾਂ ਉੱਘਾ ਤੇ ਨਿੱਘਾ ਹੈ। ਉਹਨਾਂ ਆਪਣੇ ਜੀਵਨ ਵਿੱਚ ਦਰਜਨਾਂ ਪੁਸਤਕਾਂ ਦੀ ਸਿਰਜਣਾ ਕਰਕੇ ਸਾਹਿਤ ਜਗਤ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕੀਤੀਆਂ ਹਨ। ਨਾਵਲ, ਕਹਾਣੀ, ਮਿੰਨੀ ਕਹਾਣੀ, ਯਾਤਰਾ ਸੰਸਮਰਣ, ਸਮਾਨ ਕੰਢੀ ਨਾਲ ਸੰਬੰਧਿਤ ਖੋਜਕਾਰੀ, ਕਵਿਤਾ ਅਤੇ ਬਾਲ ਸਾਹਿਤ ਦੇ ਖੇਤਰ ਵਿੱਚ ਉਹਨਾਂ ਵੱਲੋਂ ਕੀਤਾ ਕਾਰਜ ਕਾਬਲੇ ਗੌਰ ਅਤੇ ਕਾਬਲੇ ਤਾਰੀਫ਼ ਹੈ। ਨਾਵਲਕਾਰੀ ਦੇ ਖੇਤਰ ਵਿੱਚ ਤਾਂ ਉਹਨਾਂ ਕਮਾਲ ਦੀ ਸਿਰਜਣਾ ਕੀਤੀ ਹੈ। ਕੰਢੀ ਇਲਾਕੇ ਬਾਰੇ ਇਹ ਉਹਨਾਂ ਦਾ ਸੱਤਵਾਂ ਨਾਵਲ ਹੈ ਇਸ ਤੋਂ ਪਹਿਲਾਂ ਉਹਨਾਂ ਦੇ ਨਾਵਲ ਧੀਆਂ ਮਰ ਜਾਣੀਆਂ ਨੂੰ ਅਤੇ ਕੁਝ ਹੋਰ ਪੁਸਤਕਾਂ ਨੂੰ ਕੌਮੀ ਪੱਧਰ ਦੇ ਪੁਰਸਕਾਰ ਮਿਲ ਚੁੱਕੇ ਹਨ। ਧੀਆਂ ਮਰ ਜਾਣੀਆਂ, ਪਥਰਾਟ, ਕੁਆਰ ਝਾਤ, ਖਿੜਨ ਤੋਂ ਪਹਿਲਾਂ, ਮਣ੍ਹੇ, ਕਸਕ ਅਤੇ ਹੁਣ ਇਹ ਸੱਤਵਾਂ ਨਾਵਲ ਖੋਰਾ ਉਹਨਾਂ ਵੱਲੋਂ ਸਿਰਜਿਆ ਗਿਆ ਹੈ। ਨਾਵਲ ਦੇ ਪਹਿਲੇ ਕਾਂਡ ਦੀ ਪਹਿਲੀ ਸਤਰ ਹੀ ਪਾਠਕਾਂ ਨੂੰ ਸੁਚੇਤ ਕਰ ਦਿੰਦੀ ਹੈ ਕਿ ਇਹ ਨਾਵਲ ਪਿਛਲੇ 40-50 ਸਾਲ ਦੇ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਗੁਆਚੀਆਂ ਪੈੜਾਂ ਦੀ ਤਲਾਸ਼ ਅਨੁਵਾਨ ਹੇਠ ਪਹਿਲੀ ਸਤਰ ਇੰਜ ਸ਼ੁਰੂ ਹੁੰਦੀ ਹੈ:- 'ਲਗਭਗ 40 ਕੁ ਵਰ੍ਹੇ ਬਾਅਦ ਉਸ ਨੂੰ ਆਪਣੀ ਜੰਮਣ ਭੋਂਇ ਤੇ ਪੈਰ ਰੱਖੇ ਸਨ'। ਇਹ ਸਤਰ ਸਾਨੂੰ ਆਪਣੀ ਅਮੀਰ ਵਿਰਾਸਤ ਅਤੇ ਵਿਰਸੇ ਦੀਆਂ ਵੰਨ ਸੁਵਨੀਆ ਸੁਗਾਤਾਂ ਬਾਰੇ ਸੁਚੇਤ ਕਰਦੀ ਹੈ। ਕੰਡੀ ਦੇ ਖੇਤਰ ਬਾਰੇ ਨਾਵਲਕਾਰ ਵੱਲੋਂ ਕੀਤਾ ਖੋਜ ਕਾਰਜ ਇੰਨਾ ਮਸ਼ਹੂਰ ਹੋਇਆ ਹੈ ਕਿ ਉਹਨਾਂ ਨੇ ਇਸ ਖੇਤਰ ਬਾਰੇ ਦਰਜਨ ਤੱਕ ਕਿਤਾਬਾਂ ਦੀ ਸਿਰਜਣਾ ਅਤੇ ਕੋਸ਼ਕਾਰੀ ਕੀਤੀ ਹੈ।





ਨਾਵਲ 'ਖੋਰਾ' ਸਾਨੂੰ ਕੰਢੀ ਦੀ ਸੁੰਦਰਤਾ, ਜੀਵਨ ਸ਼ੈਲੀ, ਸੱਭਿਆਚਾਰ, ਦੁੱਖ ਦਰਦ, ਰਹਿਣ ਸਹਿਣ, ਧਾਰਮਿਕ ਭਾਵਨਾ, ਰੀਤੀ ਰਿਵਾਜ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਪੇਸ਼ ਕਰਦਾ ਹੈ। ਇਥੋਂ ਦੇ ਪਹਾੜ, ਜੰਗਲ ਬੇਲੇ, ਬੂਟੇ ਅਤੇ ਲੋਕ ਸਭ ਇਸ ਦੁਨੀਆ ਨਾਲੋਂ ਅਲੱਗ ਜਾਪਦੇ ਹਨ। ਜਦੋਂ ਇਸ ਖੇਤਰ ਵਿੱਚ ਤਰੱਕੀ ਨਾਂ ਦੀ ਕੋਈ ਚੀਜ਼ ਨਹੀਂ ਸੀ ਉਦੋਂ ਸਾਰੇ ਲੋਕ ਇੱਕਮਿਕ ਹੋ ਕੇ, ਪਿਆਰ ਮੁਹੱਬਤ ਅਤੇ ਸਬਰ ਸੰਤੋਖ ਵਾਲਾ ਜੀਵਨ ਜਿਉਂਦੇ ਸਨ। ਜਿਵੇਂ ਜਿਵੇਂ ਸੜਕਾਂ ਦਾ ਜਾਲ ਵਿਛਿਆ ਅਤੇ ਸਹੂਲਤਾਂ ਦੀ ਭਰਮਾਰ ਹੋਈ ਉਵੇਂ ਉਵੇਂ ਲੋਕਾਂ ਦੇ ਮਨਾਂ ਅੰਦਰ ਮੈਲਾਂ ਨੇ ਘਰ ਕਰ ਲਿਆ। ਇਹਨਾਂ ਮੈਲਾਂ ਦਾ ਇਹ ਸਿੱਟਾ ਨਿਕਲਿਆ ਕਿ ਇਥੋਂ ਦੀ ਸੁੰਦਰਤਾ, ਇਥੋਂ ਦਾ ਕੀਮਤੀ ਅਤੇ ਮਨਮੋਹਕ ਸਰਮਾਇਆ ਵੱਡੇ ਵੱਡੇ ਠੇਕੇਦਾਰ ਲੁੱਟ ਕੇ ਲੈ ਗਏ। ਜਦੋਂ ਕੋਈ ਸਹੂਲਤ ਨਹੀਂ ਸੀ ਉਦੋਂ ਇਹ ਪਿੰਡ ਘੁੱਗ ਵਸਦੇ ਸਨ ਖੁਸ਼ ਸਨ ਅਤੇ ਪਰਮਾਤਮਾ ਦਾ ਸ਼ੁਕਰ ਕਰਦੇ ਸਨ। ਜਦੋਂ ਤਰੱਕੀ ਹੋਈ ਤਾਂ ਪਿੰਡਾਂ ਦੇ ਪਿੰਡ ਉੱਜੜ ਗਏ ਅਤੇ ਇਧਰ ਉਧਰ ਜਾ ਵਸੇ। ਜਿਸ ਕਾਰਨ ਇਥੋਂ ਦੀ ਮਨੁੱਖੀ ਵਿਰਾਸਤ ਅਤੇ ਕੀਮਤੀ ਸਰਮਾਇਆ ਖੁਰਦਾ ਖੁਰਦਾ ਖਤਮ ਹੋ ਗਿਆ।

ਨਾਵਲਕਾਰ ਨੇ ਇਸ ਧਰਤੀ ਦੀ ਮਹਾਨਤਾ ਨੂੰ ਉਜਾਗਰ ਕਰਨ ਦੇ ਮਨੋਰਥ ਨਾਲ ਇਸ ਨਾਵਲ ਦੀ ਸਿਰਜਣਾ ਕੀਤੀ ਹੈ। ਇਹ ਵੀ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮੇਂ ਦੇ ਨਾਲ ਨਾਲ ਆਈ ਤਬਦੀਲੀ ਨੇ ਇਸ ਇਲਾਕੇ ਨੂੰ ਕਿਵੇਂ ਬਰਬਾਦ ਕੀਤਾ। ਸੁੰਦਰ ਬਣ, ਰੁੱਖ, ਪੱਥਰ, ਰੇਤਾ ਅਤੇ ਪਤਾ ਨਹੀਂ ਹੋਰ ਕਿੰਨਾ ਕੁਝ ਇਸ ਧਰਤੀ ਤੋਂ ਲੁੱਟਿਆ ਗਿਆ। ਨਰੋਤਮ ਵਰਗੇ ਪਾਤਰ ਇਹ ਸਿੱਧ ਕਰਦੇ ਹਨ ਕਿ ਜੇਕਰ ਤੁਸੀਂ ਸੱਚ ਤੇ ਖੜਕੇ ਕੋਈ ਵੀ ਜੰਗ ਲੜੋ ਤਾਂ ਉਹ ਜ਼ਰੂਰ ਜਿੱਤੋਗੇ। ਬਿਰਜੂ ਅਤੇ ਬਾਲੋ ਦਾ ਰੂਹਾਨੀ ਪਿਆਰ ਇਸ ਨਾਵਲ ਦੀ ਕਮਾਲ ਦੀ ਪ੍ਰਾਪਤੀ ਹੈ ਜਿਸ ਨੂੰ ਕਿਸੇ ਰਿਸ਼ਤਾ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਪਰੰਤੂ ਉਹ ਅੰਤਲੇ ਸਾਹਾਂ ਤੱਕ ਨਿਭਦਾ ਹੈ। ਭਾਵੇਂ ਉਹ ਜਿਸਮਾਨੀ ਤੌਰ ਤੇ ਦਹਾਕਿਆਂ ਤੱਕ ਦੂਰ ਵੀ ਰਹਿੰਦੇ ਹਨ। ਕੰਢੀ ਦੀ ਬੋਲੀ ਇਸ ਨਾਵਲ ਵਿੱਚੋਂ ਆਪ ਮੁਹਾਰੇ ਪੇਸ਼ ਹੁੰਦੀ ਹੈ। ਵਾਰਤਾਲਾਪ ਐਨੀ ਚੁਸਤ ਤੇ ਦਰੁਸਤ ਹੈ ਕਿ ਪਾਠਕ ਅੱਗੇ ਤੋਂ ਅਗੇਰੇ ਪੜ੍ਹਦਾ ਹੀ ਚੱਲਿਆ ਜਾਂਦਾ ਹੈ। ਸੱਚੇ ਸੁੱਚੇ, ਖੁੱਲੇ ਖਲਾਸੇ, ਮਿਲਣਸਾਰ, ਇੱਜਤ ਨਾਲ ਜੀਉਣ ਵਾਲੇ ਸੁਭਾਅ ਦੇ ਮਾਲਕ ਇਹ ਲੋਕ ਹਰ ਕਿਸੇ ਦੇ ਦੁੱਖ ਸੁੱਖ ਦੇ ਭਾਈਵਾਲ ਬਣਦੇ ਹਨ। ਬਿਰਜੂ ਦੇ ਜਨਮ ਦਾ ਦ੍ਰਿਸ਼ ਹਸਪਤਾਲ ਵਿੱਚ ਦਾਈ ਪੂਰਨਾ ਵੱਲੋਂ ਨਿਭਾਈ ਭੂਮਿਕਾ ਕਮਾਲ ਦੀ ਹੈ। ਨਾਵਲ ਤੇ ਹਰ ਕਾਂਡ ਦਾ ਦਿੱਤਾ ਸਿਰਲੇਖ ਪਾਠਕ ਅੰਦਰ ਹੋਰ ਅੱਗੇ ਪੜ੍ਹਨ ਦੀ ਜਗਿਆਸਾ ਪੈਦਾ ਕਰਦਾ ਹੈ।

ਮੈਨੂੰ ਤਾਂ ਇੰਝ ਵੀ ਮਹਿਸੂਸ ਹੁੰਦਾ ਹੈ ਕਿ ਇਹ ਨਾਵਲ ਨਾਲੋਂ ਵੱਧ ਇੱਕ ਸਫ਼ਰਨਾਮਾ ਹੈ ਜੋ ਸਾਨੂੰ ਕੰਢੀ ਦੀ ਯਾਤਰਾ ਕਰਵਾਉਂਦਾ ਹੈ। ਪੱਥਰਾਂ, ਰੇਤਾ, ਕੂਲਾਂ, ਪਹਾੜਾਂ, ਜੰਗਲਾਂ ਅਤੇ ਵਗਦੇ ਸੀਰਾਂ ਵਿੱਚ ਤੁਰਨ ਦਾ ਆਪਣਾ ਹੀ ਆਨੰਦ ਹੈ। ਪਿੰਡ ਤੁੰਗ ਤੋਂ ਬਡਲਾ ਵਾਇਆ ਨੇਕਨਾਵਾਂ ਦਾ ਬਾਲੋ, ਦੇਵਕੀ ਅਤੇ ਬਿਰਜੂ ਦੁਆਰਾ ਕੀਤਾ ਜਾਂਦਾ ਸਫ਼ਰ ਇਸ ਗੱਲ ਦੀ ਗਵਾਹੀ ਭਰਦਾ ਹੈ। ਇਸ ਨਾਵਲ ਦੇ ਬਹੁਤੇ ਕਾਂਡਾਂ ਵਿੱਚੋਂ ਨਾਵਲਕਾਰ ਦੀ ਸਵੈ ਜੀਵਨੀ ਦਾ ਝਾਉਲਾ ਵੀ ਪੈਂਦਾ ਹੈ। ਨਰੋਤਮ ਦੇ ਦਰਦ ਭਰੇ ਬੋਲ ਇਹ ਸਿੱਧ ਕਰਦੇ ਹਨ ਕਿ ਤਰੱਕੀ ਦੇ ਨਾਂ ਤੇ ਕੀ ਕੁਝ ਖਤਮ ਹੋਇਆ ਤੇ ਕਿਸ ਕਿਸ ਗੁਣ ਨੂੰ ਖੋਰਾ ਲੱਗਾ।

'ਬੇਸ਼ੱਕ ਬਰੂਦ ਦੇ ਧਮਾਕਿਆਂ ਨਾਲ ਪਹਾੜ ਟੁੱਟ ਗਏ ਸਨ। ਦਰੱਖਤ ਉਖੜ ਗਏ ਸਨ। ਫਿਜ਼ਾ ਪਲੀਤ ਹੋ ਗਈ ਸੀ ਪਰ ਇਹ ਹਨੇਰੀ ਨਰੋਤਮ ਤੇ ਪੂਰਨ ਬਿਰਜੂ ਦੇਵਕੀ ਤੇ ਬਾਲੋ ਦੇ ਪਿਆਰ ਦੀਆਂ ਕੱਚੀਆਂ ਤੰਦਾਂ ਦਾ ਕੁਝ ਨਹੀਂ ਸੀ ਵਿਗਾੜ ਸਕੀ। ਇਸ ਅਖੌਤੀ ਵਿਕਾਸ ਦੇ ਅਹਿਸਾਨ ਦਾ ਮਾਰਿਆ ਪਿੰਡ ਅੰਦਰੋਂ ਅੰਦਰੀਂ ਇੰਨਾ ਕਮਜ਼ੋਰ ਹੋ ਗਿਆ ਸੀ ਕਿ ਉਸ ਲਈ ਆਪਣੀਆਂ ਧੀਆਂ ਭੈਣਾਂ ਔਰਤਾਂ ਦੀ ਰਾਖੀ ਕਰਨਾ ਮੁਸ਼ਕਿਲ ਹੋ ਗਿਆ ਸੀ। ਵਿਕਾਸ ਦੇ ਮਸੀਹੇ ਪਹਾੜ ਦਾ ਰਸ ਚੂਸ ਕੇ ਲੈ ਗਏ ਸਨ। ਪਹਾੜ ਸ਼ਹਿਦ ਦੀ ਮੱਖੀਆਂ ਦੇ ਖਾਲੀ ਖੱਖਰ ਵਾਂਗ ਰਹਿ ਗਿਆ ਸੀ ਅੰਦਰੋਂ ਪੋਲਾ ਤੇ ਖੋਖਲਾ ਜਿਹਾ। ਇੱਥੇ ਹੀ ਬੱਸ ਨਹੀਂ ਸੀ ਕੀਤੀ ਵਿਕਾਸ ਦੇ ਮਸੀਹਾ ਨੇ ਇਲਾਕੇ ਦੇ ਪਿੰਡ ਪਿੰਡ, ਘਰ ਘਰ, ਬੰਦੇ ਬੰਦੇ ਵਿਚਕਾਰ ਇੱਕ ਅਜਿਹੀ ਲਕੀਰ ਖਿੱਚ ਦਿੱਤੀ ਸੀ ਜਿਹੜੀ ਜਾਪਦੀ ਨਹੀਂ ਸੀ ਪਰ ਉਹ ਦਿਲੋਂ ਦਿਮਾਗ ਤੇ ਖਿੱਚੀ ਗਈ ਸੀ। ਉਹ ਪਹਾੜੀ ਖੇਤਰ ਵਿੱਚ ਇਹ ਗੱਲ ਮਸ਼ਹੂਰ ਸੀ ਕਿ ਇੱਥੇ ਚੋਰ ਨੂੰ ਇਸ ਗੱਲ ਦਾ ਮਾਣ ਕੇ ਉਹ ਲੁਟੇਰਾ ਨਹੀਂ, ਲੁਟੇਰੇ ਨੂੰ ਇਸ ਗੱਲ ਦਾ ਮਾਣ ਕੇ ਡਾਕੂ ਨਹੀਂ, ਤੇ ਡਾਕੂ ਨੂੰ ਇਸ ਗੱਲ ਤੇ ਮਾਣ ਕਿ ਉਹ ਮੰਤਰੀ ਨਹੀਂ...'।

ਮਾਸਟਰ ਅਮਰ ਸਿੰਘ ਦਾ ਯੋਗਦਾਨ ਸਾਨੂੰ ਆਦਰਸ਼ ਅਧਿਆਪਕ ਬਣਨ ਲਈ ਪ੍ਰੇਰਿਤ ਕਰਦਾ ਹੈ। ਨਾਵਲ ਪੜ੍ਹਦਿਆਂ ਪਾਠਕ ਇੰਝ ਮਹਿਸੂਸ ਕਰਦਾ ਹੈ ਜਿਵੇਂ ਉਹ ਕੁੱਲੂ ਮਨਾਲੀ ਦੀਆਂ ਵਾਦੀਆਂ ਦੀ ਸੈਰ ਕਰਦਾ ਹੋਵੇ ਅਤੇ ਉਥੋਂ ਦੇ ਵਸਦੇ ਲੋਕਾਂ ਦਾ ਮਾਣ ਸਤਿਕਾਰ ਪ੍ਰਾਪਤ ਕਰ ਰਿਹਾ ਹੋਵੇ। ਕਿਰਤੀ ਕਾਮੇ ਆਪਣੀ ਮਿਹਨਤ ਨਾਲ ਜੀਉਣ ਵਾਲੇ ਇਹ ਸੰਘਰਸ਼ੀ ਯੋਧੇ ਦੇਸ਼ ਦੇ ਹੋਰ ਕੋਨਿਆਂ ਵਿੱਚ ਸ਼ਾਇਦ ਹੀ ਕਿਤੇ ਮਿਲਦੇ ਹੋਣਗੇ। ਉਹਨਾਂ ਅੰਦਰ ਰੱਬ ਦਾ ਖੌਫ ਅਤੇ ਇਨਸਾਨੀਅਤ ਹਰ ਪਲ ਠਾਠਾ ਮਾਰਦੇ ਸਮੁੰਦਰ ਵਾਂਗ ਵਗ ਰਹੀ ਹੁੰਦੀ ਹੈ। ਇਹ ਨਾਵਲ ਜਿੱਥੇ ਸਾਨੂੰ ਕੰਢੀ ਦੀ ਸੁੰਦਰ ਤਸਵੀਰ ਪੇਸ਼ ਕਰਦਾ ਹੈ ਉੱਥੇ ਇਸ ਇਲਾਕੇ ਵਿੱਚ ਵੱਸਦੇ ਲੋਕਾਂ ਦੀ ਮਾਨਸਿਕਤਾ ਨੂੰ ਸਮਝਣ ਵਿੱਚ ਵੀ ਸਹਾਇਕ ਸਿੱਧ ਹੁੰਦਾ ਹੈ। ਨਾਵਲਕਾਰ ਦੀ ਇਹ ਜੰਮਣ ਭੋਇੰ ਹੋਣ ਕਰਕੇ ਉਹ ਇਥੋਂ ਦੇ ਸੱਭਿਆਚਾਰ ਦੀਆਂ ਤਹਿਆਂ ਵਿੱਚ ਲੁਕੇ ਧਾਰਮਿਕ, ਸਮਾਜਿਕ, ਆਰਥਿਕ ਅਤੇ ਪਰਿਵਾਰਕ ਰਹੱਸਾਂ ਤੋਂ ਪਰਦਾ ਚੁੱਕਦਾ ਹੈ। ਦੁਖਾਂਤਿਕ ਅਤੇ ਸੁਖਾਂਤਿਕ ਘਟਨਾਵਾਂ ਦਾ ਅਨੂਠਾ ਸੰਗਮ ਕੀਤਾ ਗਿਆ ਹੈ। ਮਨਮੋਹਕ ਦ੍ਰਿਸ਼ਾਂ ਦਾ ਵਰਣਨ ਜਿੱਥੇ ਪਾਠਕ ਮਨ ਨੂੰ ਅਨੰਦਿਤ ਕਰਦਾ ਹੈ ਉੱਥੇ ਉਜੜ ਰਹੇ ਪਹਾੜਾਂ, ਜੰਗਲਾਂ ਅਤੇ ਲੋਕਾਂ ਦੇ ਦਰਦ ਨੂੰ ਦੇਖ ਕੇ ਕੁਰਲਾ ਵੀ ਉਠਦਾ ਹੈ। ਨਾਵਲਕਾਰ ਦੀ ਪੁਰਾਤਨ ਅਤੇ ਆਧੁਨਿਕ ਤਸਵੀਰਕਸ਼ੀ ਪੜ੍ਹ ਕੇ ਪਾਠਕ ਮਨ ਇਸ ਇਲਾਕੇ ਦੀ ਖੁਦ ਯਾਤਰਾ ਕਰਨ ਲਈ ਪ੍ਰੇਰਿਤ ਹੁੰਦਾ ਹੈ।

ਨਾਵਲ ਦਾ 33ਵਾਂ ਕਾਂਡ ਸਿਮਰਤੀਆਂ ਦੀ ਪੈੜ ਬ੍ਰਿਜ ਮੋਹਨ ਨੂੰ ਉਜੜੇ ਪਿੰਡ ਦੇ ਰੂਬਰੂ ਕਰਦਾ ਹੈ। ਜਿਸ ਵਿੱਚ ਉਸ ਦੀ ਸਭ ਤੋਂ ਪ੍ਰੇਮੀ ਸ਼ਖਸ਼ੀਅਤ ਬਾਲੋ ਵਸਦੀ ਹੈ ਅਤੇ ਉਹ ਵੀ ਬ੍ਰੈਸਟ ਕੈਂਸਰ ਨਾਲ ਪੀੜਿਤ ਹੋਣ ਕਰਕੇ ਉਸ ਨੂੰ ਮਿਲਦੇ ਸਾਰ ਹੀ ਇਸ ਦੁਨੀਆਂ ਨੂੰ ਅਲਵਿਦਾ ਆਖ ਦਿੰਦੀ ਹੈ। ਇਸ ਤਰ੍ਹਾਂ ਨਾਵਲ ਦਾ ਦੁਖਾਂਤਿਕ ਅੰਤ ਪਾਠਕ ਦੇ ਮਨ ਵਿੱਚ ਅਨੇਕਾਂ ਸਵਾਲ ਛੱਡ ਜਾਂਦਾ ਹੈ। ਇਹ ਸਵਾਲ ਨੇ ਕੁਦਰਤ ਦੇ ਖਿਲਾਫ ਹੁੰਦਾ ਵਿਕਾਸ, ਮਨੁੱਖ 'ਚੋਂ ਖਤਮ ਹੋ ਰਹੀ ਮਨੁੱਖਤਾ, ਕੁਦਰਤ ਦੀ ਸੁੰਦਰਤਾ ਨਾਲ ਛੇੜਛਾੜ, ਮੰਤਰੀਆਂ ਦੀ ਲੁੱਟਣ ਦੀ ਨੀਤੀ, ਸਰਕਾਰਾਂ ਦਾ ਗੈਰ ਵਿਗਿਆਨਕ ਵਿਕਾਸ, ਸਮਾਜ ਵਿੱਚ ਫੈਲੇ ਮਾਇਆ ਦੇ ਮੋਹ ਕਾਰਨ ਹੁੰਦਾ ਰਿਸ਼ਤਿਆਂ ਦਾ ਨਿਘਾਰ ਆਦਿ। ਇਹ ਨਾਵਲ ਨਰੋਆ, ਨਿਵੇਕਲਾ, ਮਨੋਰੰਜਕ ਅਤੇ ਸਭ ਲਈ ਪ੍ਰੇਰਨਾਦਾਇਕ ਹੈ।

## ਵਿਅੰਗ/ ਮੁਸ਼ਕਿਲਾਂ ਨਹੀਂ ਸਜ਼ਾ

ਸੁਣ ਲੈ 'ਕਾਣੀਏਂ' ਐਵੇਂ ਨਾ 'ਹੁੱਬ' ਹਾਲੇ
ਚੜ੍ਹਿਆ ਘੋੜੇ 'ਤੇ ਉਦੋਂ ਹੀ 'ਜਾਣੀਏਂ' ਜੀ।

ਕੇਸ ਕੋਰਟ ਵਿਚ ਜਾ ਕੇ ਵੀ ਬਦਲ ਜਾਂਦੇ
ਖਿੱਚਾ-ਧੂਹੀ ਦਾ ਸੁਆਦ ਹੀ ਮਾਣੀਏਂ ਜੀ।

ਸੋਸ਼ਲ ਮੀਡ੍ਹੀਆ 'ਭਖਦਾ' ਜੋ ਅੱਗ ਵਾਂਗੂੰ
'ਬਰਫ' ਹੋ ਜਾਂਦਾ ਪਲਾਂ ਵਿਚ ਠਾਣੀਏਂ ਜੀ।

'ਫਾਹੇ ਲੱਗਿਆ' ਸਿਆਸਤੀ ਚੋਰ ਕਿਹੜਾ
ਜ਼ਰਾ ਪਹਿਲੇ ਇਤਿਹਾਸ ਨੂੰ 'ਛਾਣੀਏਂ' ਜੀ।

ਜਿਹਦੀ ਚੱਲ ਰਹੀ 'ਜਾਂਚ-ਪੜਤਾਲ' ਹੋਵੇ
ਸੁਣੀਏਂ ਇਹੋ ਕਿ 'ਮੁਸ਼ਕਿਲਾਂ ਵਧਦੀਆਂ' ਨੇ।

ਜਨਤਾ ਖਬਰ ਇਹ ਸੁਣਨ ਨੂੰ ਤਾਂਘਦੀ ਐ
'ਲੋਟੂ ਲੀਡਰ' ਨੂੰ ਜੇਲ੍ਹਾਂ ਕਦ ਸੱਦਦੀਆਂ ਨੇ !

**ਤਰਲੋਚਨ ਸਿੰਘ ਦੁਪਾਲ ਪੁਰ 78146-92724**

### ਸਿੱਖ ਧਰਮ ਦੇ ਮਹਾਨ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਪੁਰਬ 'ਤੇ ਵਿਸ਼ੇਸ਼

# 'ਪੁਰਜਾ-ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ'



ਐਚ. ਐਲ. ਕਪੂਰ

ਭਾਈ ਮਨੀ ਸਿੰਘ ਜੀ ਪੰਜਾਬ ਦੇ ਸਿੱਖ ਇਤਿਹਾਸ 'ਚ 18ਵੀਂ ਸਦੀ ਦੇ ਇਕ ਮਹਾਨ ਸ਼ਹੀਦ ਤੇ ਸਿੱਖ ਚਿੰਤਕ ਸਨ। ਉਹ ਗੁਰੂ ਗੋਬਿੰਦ ਸਿੰਘ ਜੀ ਦੇ ਬਚਪਨ ਦੇ ਸਾਥੀ ਸਨ ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਅਪ੍ਰੈਲ 1699 ਨੂੰ ਵਿਸਾਖੀ ਵਾਲੇ ਦਿਨ 'ਖਾਲਸਾ ਪੰਥ' ਦੀ ਸਿਰਜਣਾ ਕੀਤੀ ਤਾਂ ਉਹਨਾਂ ਨੇ ਵੀ ਅੰਮ੍ਰਿਤ ਛਕਿਆ। ਉਹ ਸਿੱਖ ਸਿਧਾਂਤਾਂ ਦੇ ਪੱਕੇ ਪੈਰੋਕਾਰ ਸਨ। ਇਸ ਤੋਂ ਉਪਰੰਤ ਛੇਤੀ ਹੀ ਗੁਰੂ ਸਾਹਿਬ ਨੇ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਇਕ ਨਿਗਰਾਨ ਤੇ ਪ੍ਰਬੰਧਕ ਵਜੋਂ ਨਿਯੁਕਤ ਕਰਕੇ ਅੰਮ੍ਰਿਤਸਰ ਭੇਜਿਆ ਕਿਉਂਕਿ 1696 ਤੋਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਕੋਈ ਪ੍ਰਬੰਧਕ ਨਹੀਂ ਸੀ ਤੇ ਇਸ 'ਤੇ ਮੀਣਿਆਂ ਤੇ ਮਸੰਦਾਂ ਨੇ ਕਬਜ਼ਾ ਕੀਤਾ ਹੋਇਆ ਸੀ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਉਸ ਸਮੇਂ ਸੰਭਾਲਿਆ ਜਦੋਂ ਸਿੱਖ ਇਤਿਹਾਸ ਇਕ ਬੜੇ ਨਾਜ਼ੁਕ ਮੋੜ ਤੋਂ ਗੁਜ਼ਰ ਰਿਹਾ ਸੀ।

ਭਾਈ ਮਨੀ ਸਿੰਘ ਜੀ ਇਕ ਮਹਾਨ ਸਿੱਖ ਵਿਦਵਾਨ, ਇਕ ਸੱਚੇ-ਸੁੱਚੇ ਸਿੱਖ ਸਿਧਾਂਤਾਂ ਨੂੰ ਮੰਨਣ ਵਾਲੇ ਸਿੰਘ, ਸਿੱਖ ਧਰਮ ਨੂੰ ਅਗਵਾਈ ਦੇਣ ਵਾਲੇ ਨੇਤਾ, ਬੜੇ ਉੱਚੇ ਚਰਿੱਤਰ ਦੇ ਮਾਲਕ ਤੇ ਇਕ ਨੇਕਦਿਲ ਇਨਸਾਨ ਸਨ। ਉਹਨਾਂ ਨੇ ਸਿੱਖ ਧਰਮ ਦੀ ਆਨ ਤੇ ਸ਼ਾਨ ਦੀ ਚੜ੍ਹਦੀ ਕਲਾ ਬਣਾਈ ਰੱਖਣ ਲਈ ਆਪਣਾ ਸਾਰਾ ਜੀਵਨ ਅਰਪਿਤ ਕਰ ਦਿੱਤਾ। ਉਹਨਾਂ ਨੇ ਸਿੱਖ ਧਰਮ ਨੂੰ, ਭਾਰਤ ਦੀ ਕੌਮੀ ਪੱਤਰ 'ਤੇ ਲਿਆਉਣ ਲਈ ਸਿਰਤੋੜ ਯਤਨ ਕੀਤੇ। ਉਹਨਾਂ ਦੀ ਇਸ ਘਾਲਣਾ ਬਦਲੇ ਉਹਨਾਂ ਨੂੰ ਇਸ ਦਾ ਬੜਾ ਵੱਡਾ ਮੁੱਲ ਵੀ ਚੁਕਾਉਣਾ ਪਿਆ ਤੇ ਉਹਨਾਂ ਨੂੰ ਲਾਹੌਰ ਵਿਖੇ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਲਈ ਉਨ੍ਹਾਂ ਦੀ ਇੰਡੀ ਵੱਡੀ ਕੁਰਬਾਨੀ ਕਰਕੇ ਹੀ ਸਿੱਖ ਧਰਮ ਦੀ ਰੋਜ਼ਾਨਾ ਜ਼ਿੰਦਗੀ ਦੀ ਅਰਦਾਸ 'ਚ ਉਹਨਾਂ ਦਾ ਨਾਮ ਦਰਜ ਹੈ ਤੇ ਉਹ ਪੂਜਣਯੋਗ ਬਣ ਗਏ ਹਨ। ਉਹਨਾਂ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਸਿੱਖ ਧਰਮ ਦੇ ਪੁਰਾਣੇ ਇਤਿਹਾਸਕ ਗ੍ਰੰਥਾਂ ਜਿਵੇਂ: ਸ੍ਰੀ 'ਸੂਰਜ ਪ੍ਰਕਾਸ਼ ਗ੍ਰੰਥ' 'ਚੋਂ ਬੜੀ ਆਸਾਨੀ ਨਾਲ ਮਿਲ ਜਾਂਦੀ ਹੈ।

ਭਾਈ ਮਨੀ ਸਿੰਘ ਜੀ 'ਸ੍ਰੀ ਦਰਬਾਰ ਸਾਹਿਬ' ਅੰਮ੍ਰਿਤਸਰ ਦੇ ਪ੍ਰਮੁੱਖ ਗ੍ਰੰਥੀ ਸਨ। ਮਾਤਾ ਜੀਤੋ ਜੀ (ਜਿਹਨਾਂ ਦਾ ਪੂਰਾ ਨਾਮ ਅਜੀਤ ਕੌਰ ਤੇ ਉਹ ਮਾਤਾ ਸੁੰਦਰੀ ਜੀ ਦੇ ਨਾਮ ਨਾਲ ਵੀ ਜਾਣੇ ਜਾਂਦੇ ਸਨ) ਸੁਪਤਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਬੇਨਤੀ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਵਿਖੇ ਬਣੇ ਕਈ ਸਿੱਖ ਧੜਿਆਂ ਨੂੰ ਇਕ ਨੇਤਾ ਦੀ ਅਗਵਾਈ ਹੇਠ ਇਕੱਤਰ ਕਰਨ ਤਾਂ ਜੋ ਸਿੱਖ ਕੌਮ 'ਚ ਏਕਤਾ ਆ ਸਕੇ ਤੇ ਉਹ ਇਕ ਮਜ਼ਬੂਤ ਸੰਗਠਿਤ ਸ਼ਕਤੀ ਵਜੋਂ ਉਭਰ ਸਕਣ। ਭਾਈ ਮਨੀ ਸਿੰਘ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮਨਾਏ ਜਾਂਦੇ 'ਬੰਦੀ ਛੋੜ ਦਿਵਸ' (ਦੀਵਾਲੀ) ਦੇ ਦਿਨ ਨੂੰ, ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਚੁਣਿਆ।

ਉਸ ਵੇਲੇ ਦੀ ਲਾਹੌਰ ਮੁਗਲ ਹਕੂਮਤ ਤੋਂ ਇਸ ਦਿਨ 'ਤੇ ਭਾਰੀ ਇਕੱਠ ਕਰਨ ਦੀ ਆਗਿਆ ਵੀ ਲੈ ਲਈ ਗਈ। ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਇਸ ਦੇ ਨਾਲ ਹੀ ਇਕ ਸ਼ਰਤ ਵੀ ਰੱਖ ਦਿੱਤੀ ਕਿ ਉਹਨਾਂ ਨੂੰ ਇਸ ਵਿਸ਼ਾਲ ਇਕੱਠ ਕਰਨ ਬਦਲੇ ਸਰਕਾਰ ਪਾਸ 5000 ਰੁਪਏ ਟੈਕਸ ਵਜੋਂ ਵੀ ਜਮ੍ਹਾ ਕਰਵਾਉਣੇ ਪੈਣਗੇ। ਭਾਈ ਮਨੀ ਸਿੰਘ ਜੀ ਨੇ ਇਹ ਸ਼ਰਤ ਮੰਨ ਕੇ ਪੰਜਾਬ ਦੀ ਸਿੱਖ ਸੰਗਤ ਨੂੰ ਚਿੱਠੀਆਂ ਰਾਹੀਂ ਸੁਨੇਹੇ ਭੇਜ ਕੇ, ਦੀਵਾਲੀ ਵਾਲੇ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਹ ਦਿਨ ਮਨਾਉਣ ਲਈ ਹੁੰਮ-ਹੁੰਮਾ ਕੇ ਪੁੱਜਣ ਲਈ ਬੇਨਤੀ ਵੀ ਕਰ ਦਿੱਤੀ।

ਮੁਗਲ ਹਕੂਮਤ ਬੜੀ ਚਲਾਕ ਸੀ ਤੇ ਉਹਨਾਂ ਨੇ ਇਕ ਗੁਪਤ ਯੋਜਨਾ ਬਣਾਈ ਕਿ ਇਸ ਦਿਨ 'ਤੇ ਸਿੱਖਾਂ ਦਾ ਭਾਰੀ ਇਕੱਠ ਹੋਵੇਗਾ ਤੇ ਇਸ ਭੀੜ 'ਤੇ ਹਮਲਾ ਕਰਕੇ ਵੱਡੀ ਗਿਣਤੀ 'ਚ ਸਿੱਖ ਨੌਜਵਾਨਾਂ ਨੂੰ ਮਾਰ ਦਿੱਤਾ ਜਾਵੇਗਾ। ਵਾਹਿਗੁਰੂ ਦੀ ਕ੍ਰਿਪਾ ਇਹ ਹੋਈ ਕਿ ਇਕ ਸੂਹੀਏ ਨੇ ਇਸ ਗੁਪਤ ਯੋਜਨਾ ਦੀ ਸਾਰੀ ਜਾਣਕਾਰੀ ਭਾਈ ਮਨੀ ਸਿੰਘ ਜੀ ਨੂੰ ਦੇ ਦਿੱਤੀ। ਭਾਈ ਮਨੀ ਸਿੰਘ ਜੀ ਨੂੰ, ਗਵਰਨਰ ਜ਼ਕਰੀਆ ਖਾਨ ਦੇ ਇਸ ਤਰ੍ਹਾਂ ਦੇ ਵਿਸ਼ਵਾਸਘਾਤ ਕਰਨ 'ਤੇ ਬੜਾ ਗੁੱਸਾ ਆਇਆ ਤੇ ਉਹਨਾਂ ਨੇ ਦੁਬਾਰਾ ਚਿੱਠੀਆਂ ਲਿਖ ਕੇ ਸਾਰੇ ਪੰਜਾਬ 'ਚ ਸਿੱਖ ਸੰਗਤ ਨੂੰ ਸੂਚਿਤ ਕਰ ਦਿੱਤਾ ਕਿ ਉਹ ਇਸ ਦਿਨ 'ਤੇ ਦਰਬਾਰ ਸਾਹਿਬ 'ਚ ਇਕੱਤਰ ਹੋ ਕੇ ਇਹ ਦਿਨ ਨਾ ਮਨਾਉਣ ਕਿਉਂਕਿ ਇਹ ਪ੍ਰੋਗਰਾਮ ਰੱਦ ਕੀਤਾ ਜਾਂਦਾ ਹੈ।

ਭਾਈ ਮਨੀ ਸਿੰਘ ਜੀ ਨੇ ਇਕੱਤਰ ਹੋਣ ਵਾਲੇ ਇਕੱਠ ਬਦਲੇ ਸਰਕਾਰ ਨੂੰ ਜੋ 5000 ਰੁਪਏ ਟੈਕਸ ਵਜੋਂ ਦੇਣਾ ਸੀ, ਦੇਣ ਤੋਂ ਇਨਕਾਰ ਕਰ ਦਿੱਤਾ ਤੇ ਇਹ ਕਿਹਾ ਕਿ ਜਦ ਅਸੀਂ ਇਹ ਇਕੱਠ ਕੀਤਾ ਹੀ ਨਹੀਂ ਤਾਂ ਟੈਕਸ ਕਿਸ ਗੱਲ ਦਾ ਦਿੱਤਾ ਜਾਵੇ। ਭਾਈ ਮਨੀ ਸਿੰਘ ਜੀ ਦੇ ਇਹ ਇਨਕਾਰ ਕਰਨ 'ਤੇ ਉਹਨਾਂ ਨੂੰ ਪੁਲਿਸ ਨੇ ਗ੍ਰਿਫਤਾਰ ਕਰਕੇ ਜ਼ਕਰੀਆ ਖਾਨ ਦੀ ਅਦਾਲਤ 'ਚ ਪੇਸ਼ ਕਰ ਦਿੱਤਾ। ਭਾਈ ਮਨੀ ਸਿੰਘ ਜੀ ਨੇ ਜਾਂਦਿਆਂ ਹੀ ਗਵਰਨਰ ਜ਼ਕਰੀਆ ਖਾਨ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੁਲਾ ਕੇ ਨਮਸਕਾਰ ਕੀਤਾ।

ਉਕਤ ਜੈਕਾਰਾ ਸੁਣ ਕੇ ਜ਼ਕਰੀਆ ਖਾਨ ਬੜੇ ਗੁੱਸੇ 'ਚ ਬੋਲਿਆ ਤੇ ਕਿਹਾ, "ਉਹ ਭਾਈ ਮਨੀ ਸਿੰਘਾ ਆਪਣੀਆਂ ਅੱਖਾਂ ਖੋਲ੍ਹ ਕੇ ਦੇਖ, ਤੂੰ ਦਰਬਾਰ ਸਾਹਿਬ ਦੀ ਪ੍ਰਕਰਮਾ 'ਚ ਨਹੀਂ ਘੁੰਮ ਰਿਹਾ ਕਿ ਜਿੱਥੇ ਤੂੰ ਇਹ ਫਤਿਹ ਦੇ ਜੈਕਾਰੇ ਬੋਲ ਰਿਹਾ ਹੋਵੇਂ। ਹੁਣ ਤੂੰ ਲਾਹੌਰ ਵਿਖੇ ਜ਼ਕਰੀਆ ਖਾਨ ਦੀ ਅਦਾਲਤ 'ਚ ਹੈ, ਜਿੱਥੇ ਇੱਥੋਂ ਦੀ ਹਵਾ ਵੀ ਇਹ ਕਹਿੰਦੀ ਹੈ ਕਿ, "ਅਲਾਹ ਹੀ ਮਹਾਨ ਹੈ, ਸਿਰਫ਼ ਅਲਾਹ ਹੀ ਮਹਾਨ ਹੈ।" ਤੂੰ ਇੱਥੇ ਇਹ ਸਿੱਖ ਧਰਮ ਦਾ ਜੈਕਾਰਾ ਕਿਵੇਂ ਬੋਲਣ ਦੀ ਜੁਰਅਤ ਕਰ ਲਈ? ਭਾਈ ਮਨੀ ਸਿੰਘ ਜੀ ਨੇ ਬੜੀ ਬਹਾਦਰੀ ਤੇ ਦ੍ਰਿੜ੍ਹ ਵਿਸ਼ਵਾਸ ਨਾਲ ਕਿਹਾ ਕਿ, "ਤੂੰ ਅੱਜ ਇਕ ਗਿੱਦੜ ਵਾਂਗ ਡਰਪੋਕ ਇਨਸਾਨ ਨੂੰ ਨਹੀਂ ਮਿਲਿਆ, ਸਗੋਂ ਤੇਰਾ ਅੱਜ ਸਾਹਮਣਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸ਼ੇਰ ਵਰਗੇ ਬਹਾਦਰ ਸਿੱਖ ਨਾਲ ਹੋਇਆ ਹੈ।"

ਜ਼ਕਰੀਆ ਖਾਨ ਬੜਾ ਕ੍ਰੋਧਿਤ ਹੋ ਕੇ ਬੋਲਿਆ ਤੇ ਕਿਹਾ, "ਉਹ ਬੁੱਢੇ ਆਦਮੀ, ਤੂੰ ਹੁਣ ਜਵਾਨ ਨਹੀਂ ਹੈ। ਜੇਕਰ ਤੂੰ ਮੇਰੇ ਇਸਲਾਮ ਧਰਮ 'ਚ ਸ਼ਾਮਲ ਹੋਵੇਂਗਾ ਤਾਂ ਮੈਂ ਤੇਰੀ ਜ਼ਿੰਦਗੀ ਖੁਸ਼ੀਆਂ ਨਾਲ ਭਰ ਦਿਆਂਗਾ। ਮੈਂ ਤੈਨੂੰ ਕਈ ਪਤਨੀਆਂ ਦੇਵਾਂਗਾ, ਜ਼ਮੀਨ-ਜਾਇਦਾਦ ਦੇਵਾਂਗਾ ਤੇ ਬੈਠਣ ਲਈ ਤੇਰੇ ਹੇਠਾਂ ਤਖ਼ਤ ਹੋਵੇਗਾ। ਉਹ ਭਾਈ ਮਨੀ ਸਿੰਘ, ਕੀ ਫਰਕ ਪਵੇਗਾ, ਜੇਕਰ ਤੂੰ ਗੁਰਬਾਣੀ ਪੜ੍ਹਨ ਤੋਂ ਪਹਿਲਾਂ ਕੁਰਾਨ ਸ਼ਰੀਫ਼ ਪੜ੍ਹ ਲਵੇਂਗਾ ਤਾਂ। 'ਵਾਹਿਗੁਰੂ' ਕਹਿਣ ਤੋਂ ਪਹਿਲਾਂ ਹੁਣ ਤੂੰ 'ਅੱਲਾਹ ਮਹਾਨ ਹੈ' ਕਹਿ ਸਕਦਾ ਹੈ। ਇਸ ਤਰ੍ਹਾਂ ਕਹਿਣ 'ਚ ਤੈਨੂੰ ਕੀ ਫਰਕ ਪੈਂਦਾ ਹੈ?"

ਭਾਈ ਮਨੀ ਸਿੰਘ ਜੀ ਇਕ ਵਿਦਵਾਨ ਸਿੱਖ ਸਨ ਤੇ ਉਨ੍ਹਾਂ ਨੇ ਕਿਹਾ, "ਐ! ਜ਼ਕਰੀਆ ਖਾਨ ਯਾਦ ਰੱਖ, ਸਾਡਾ ਤੇਰੇ ਧਰਮ ਨਾਲ ਕੋਈ ਗੁੱਸਾ ਨਹੀਂ ਹੈ ਤੇ ਨਾ ਹੀ ਤੇਰੇ ਧਰਮ ਨੂੰ ਅਸੀਂ ਨਫ਼ਰਤ ਕਰਦੇ ਹਾਂ। ਸਾਡੀ ਗੁਰਬਾਣੀ ਕਹਿੰਦੀ ਹੈ, "ਫਰੀਦਾ ਬੇਨਿਵਾਜਾ ਕੁਤਿਆ, ਇਹ ਨ ਭਲੀ ਰੀਤਿ। ਕਬੀ ਚਲਿ ਨ ਆਇਆ ਪੰਜੇ ਵਖਤ ਮਸੀਤਿ।" ਫਰੀਦ ਜੀ ਕਹਿੰਦੇ ਹਨ, ਹੇ! ਬੇਭਰੋਸਗੀ ਵਾਲੇ ਕੁੱਤੇ ਇਨਸਾਨ, ਇਹ ਜ਼ਿੰਦਗੀ ਜਿਊਣ ਦਾ ਅਸਲੀ ਰਸਤਾ ਨਹੀਂ ਹੈ। ਤੂੰ ਕਦੀ ਵੀ ਮਸੀਤ 'ਚ ਰੋਜ਼ਾਨਾ ਪੰਜੇ ਵਕਤ ਦੀ ਨਮਾਜ਼ ਪੜ੍ਹਨ ਲਈ ਨਹੀਂ ਆਇਆ। "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ। ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ।" ਸਭ ਤੋਂ ਪਹਿਲਾਂ ਅੱਲਾਹ ਨੇ ਰੌਸ਼ਨੀ ਪੈਦਾ ਕੀਤੀ। ਫਿਰ ਉਸ ਨੇ ਆਪਣੀ ਸ਼ਕਤੀ ਨਾਲ ਉਸ 'ਚੋਂ ਸਾਰੀ ਮਾਨਵਤਾ ਪੈਦਾ ਕੀਤੀ, ਉਸੇ ਇਕ ਜੋਤੀ 'ਚੋਂ ਉਸ ਨੇ ਸਾਰੇ ਸੰਸਾਰ ਦੀ ਰਚਨਾ ਕੀਤੀ। ਇਸੇ ਲਈ ਉਸ ਅੱਲਾਹ ਨੂੰ ਹੀ ਪਤਾ ਹੈ ਕਿ ਕੌਣ ਮਾੜਾ ਹੈ ਤੇ ਕੌਣ ਚੰਗਾ ਹੈ।



ਭਾਈ ਮਨੀ ਸਿੰਘ ਜੀ ਨੇ ਕਿਹਾ, "ਉਹ ਜ਼ਕਰੀਆ ਖਾਨ ਇਹ ਗੱਲ ਯਾਦ ਰੱਖ, ਜਿਸ ਧਰਮ 'ਚ ਅਸੀਂ ਪੈਦਾ ਹੋਏ ਹਾਂ, ਉਸ ਧਰਮ 'ਚ ਹੀ ਅਸੀਂ ਆਪਣਾ ਆਖਰੀ ਸਾਹ ਲਵਾਂਗੇ। ਤੂੰ ਕਹਿੰਦਾ ਹੈ ਕਿ ਸਿੱਖਾਂ ਬਾਰੇ ਮੈਂ ਸਭ ਕਹਾਣੀਆਂ ਚੰਗੀ ਤਰ੍ਹਾਂ ਜਾਣਦਾ ਹਾਂ। ਤੂੰ ਜਾਣਦਾ ਹੈ ਕਿ ਸਿੱਖੀ ਦਾ ਫੁੱਲ ਰੂਪੀ ਬੂਟਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹੀ ਲਗਾਇਆ ਹੈ। ਇਸ ਸਿੱਖੀ ਦੇ ਬੂਟੇ ਨੂੰ ਦੁਨੀਆ ਦਾ ਕੋਈ ਵੀ ਤੂਫਾਨ ਉਖਾੜ ਨਹੀਂ ਸਕਦਾ। ਇਹ ਫੁੱਲ ਰੂਪੀ ਬੂਟਾ ਟੁੱਟ ਤਾਂ ਸਕਦਾ ਹੈ ਪਰ ਕਦੀ ਝੁਕ ਨਹੀਂ ਸਕਦਾ।

ਇਸੇ ਤਰ੍ਹਾਂ ਦੇ ਸ਼ਬਦ ਅੰਗਰੇਜ਼ੀ ਦੇ ਮਹਾਨ ਨਾਟਕਕਾਰ ਵਿਲੀਅਮ ਸ਼ੇਕਸਪੀਅਰ ਨੇ ਕਹੇ ਸਨ ਕਿ, "ਜਿਹੜਾ ਇਨਸਾਨ ਮੁਸੀਬਤਾਂ ਦਾ ਡਟ ਕੇ ਸਾਹਮਣਾ ਕਰ ਸਕਦਾ ਹੈ, ਉਹੀ ਇਸ ਸੰਸਾਰ 'ਚ ਸਥਿਰ ਰਹਿ ਸਕਦਾ ਹੈ, ਜਿਹੜਾ ਝੁਕ ਜਾਂਦਾ ਹੈ ਉਹ ਟੁੱਟ ਜਾਂਦਾ ਹੈ।" ਗੁਰਬਾਣੀ ਵੀ ਇਹੀ ਸੰਦੇਸ਼ ਦਿੰਦੀ ਹੈ ਕਿ, "ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ। ਪੁਰਜਾ ਪੁਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ।।" ਭਾਵ ਸੂਰਮਾ ਇਨਸਾਨ ਉਹੀ ਹੈ ਜੋ ਆਪਣੇ ਦੀਨ-ਇਮਾਨ ਤੇ ਧਰਮ ਦੀ ਖਾਤਰ ਲੜੇ। ਇਸ ਦੀ ਖਾਤਰ ਉਹ ਲੜਾਈ ਦੇ ਮੈਦਾਨ 'ਚ ਪੁਰਜਾ-ਪੁਰਜਾ ਹੋ ਕੇ ਕੱਟ ਤਾਂ ਸਕਦਾ ਹੈ ਪਰ ਲੜਾਈ ਦੇ ਮੈਦਾਨ 'ਚੋਂ ਭੱਜਦਾ ਨਹੀਂ ਹੈ।

ਜ਼ਕਰੀਆ ਖਾਨ ਨੇ ਭਾਈ ਮਨੀ ਸਿੰਘ ਜੀ ਨੂੰ ਉੱਤਰ ਦਿੱਤਾ, "ਭਾਈ ਮਨੀ ਸਿੰਘ ਤੇਰੀ ਗੱਲ ਬਹੁਤ ਵਜ਼ਨਦਾਰ ਹੈ ਪਰ ਇਕ ਗੱਲ ਯਾਦ ਰੱਖ, ਮੈਂ ਤੈਨੂੰ ਐਸੇ ਤਸੀਹੇ ਦੇਵਾਂਗਾ, ਮੈਂ ਐਸਾ ਫਰਮਾਨ ਜਾਰੀ ਕਰਾਂਗਾ ਜਿਸ ਨੂੰ ਸੁਣ ਕੇ ਤੈਨੂੰ ਕੰਬਣੀ ਛਿੜ ਜਾਏਗੀ ਤੇ ਤੂੰ ਤਰਾਹ-ਤਰਾਹ ਕਰ ਉੱਠੇਂਗਾ।"

ਭਾਈ ਮਨੀ ਸਿੰਘ ਜੀ ਨੇ ਆਪਣੇ ਚਿਹਰੇ 'ਤੇ ਮੁਸਕਾਨ ਲਿਆਉਂਦਿਆਂ ਕਿਹਾ, "ਧਰਤੀ ਕੰਬ ਸਕਦੀ ਹੈ ਤੇ ਅਸਮਾਨ ਡੋਲ ਸਕਦਾ ਹੈ ਪ੍ਰੰਤੂ ਗੁਰੂ ਨਾਨਕ ਦੇਵ ਜੀ ਦਾ ਸਿੱਖ ਨਾ ਤਾਂ ਕੰਬ ਸਕਦਾ ਹੈ ਤੇ ਨਾ ਹੀ ਡੋਲ ਸਕਦਾ ਹੈ। ਸਿੱਖੀ ਇਕ ਉਹ ਧਰਮ ਹੈ, ਜਿਹਨਾਂ ਦੇ ਪੰਜਵੇਂ ਗੁਰੂ ਸਾਹਿਬ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ ਤੇ ਬੈਠ ਕੇ ਸਿਰ ਵਿਚ ਗਰਮ ਰੇਤਾ ਪਵਾ ਕੇ, ਭਿਆਨਕ ਤਸੀਹੇ ਝੱਲ ਕੇ ਵੀ ਸੀਅ ਤੱਕ ਨਹੀਂ ਕੀਤੀ ਸੀ। ਇਹ ਇਕ ਉਹ ਧਰਮ ਹੈ ਜਿਸ 'ਚ ਦੋ ਨਾਦਾਨ ਰੂਹਾਂ ਭਾਵ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਜਿਉਂਦੇ ਨੀਹਾਂ 'ਚ ਚਿਣ ਕੇ ਸ਼ਹੀਦ ਕੀਤੇ ਗਏ ਸਨ ਤੇ ਉਹਨਾਂ ਨੇ ਇਸਲਾਮ ਧਰਮ ਨਹੀਂ ਕਬੂਲ ਕੀਤਾ ਸੀ। ਯਾਦ ਰੱਖ ਜ਼ਕਰੀਆ ਖਾਨ, ਮੈਂ ਆਪਣੇ ਧਰਮ ਦੀ ਖਾਤਰ ਕੁਰਬਾਨ ਤਾਂ ਹੋ ਸਕਦਾ ਹਾਂ ਪਰ ਜੋ ਕੁਝ ਤੂੰ ਮੈਨੂੰ ਆਖਦਾ ਹੈਂ, ਉਸ ਨੂੰ ਮੈਂ ਹਰਗਿਜ਼ ਕਬੂਲ ਨਹੀਂ ਕਰਾਂਗਾ।"

ਅਗਲੇ ਦਿਨ ਜ਼ਕਰੀਆ ਖਾਨ ਨੇ ਕਾਜ਼ੀ ਨੂੰ ਸੱਦਿਆ ਤੇ ਕਿਹਾ, "ਹੇ ਕਾਜ਼ੀ! ਆਪਣੀ ਸ਼ਰੀਅਤ ਦੇ ਨਿਯਮਾਂ ਦੀ ਪੁਸਤਕ 'ਚੋਂ ਮੈਂ ਚਾਹੁੰਦਾ ਹਾਂ ਕਿ ਇਕ ਅਜਿਹਾ ਫਤਵਾ ਜਾਰੀ ਕੀਤਾ ਜਾਵੇ, ਜਿਸ ਨੂੰ ਸੁਣ ਕੇ ਸਾਰੀ ਧਰਤੀ ਤੇ ਆਕਾਸ਼ ਕੰਬ ਉੱਠਣ।" ਕਾਜ਼ੀ ਨੇ ਸ਼ਰੀਅਤ ਦੀ ਪੁਸਤਕ ਖੋਲ੍ਹੀ ਤੇ ਫਤਵਾ ਐਲਾਨ ਕਰ ਦਿੱਤਾ ਤੇ ਕਿਹਾ ਕਿ, "ਇਸ ਕਾਫ਼ਰ (ਕੁਰਾਹੀਆ ਜਾਂ ਗੈਰ ਮੁਸਲਮਾਨ) ਨੂੰ ਬੰਦ-ਬੰਦ ਭਾਵ ਪੋਟਾ-ਪੋਟਾ ਕੱਟ ਕੇ ਕਤਲ ਕਰ ਦਿੱਤਾ ਜਾਵੇ।"

ਭਾਈ ਮਨੀ ਸਿੰਘ ਜੀ ਇਹ ਸੁਣ ਕੇ ਲਲਕਾਰੇ ਤੇ ਜ਼ਕਰੀਆ ਖਾਨ ਉਹਨਾਂ ਦੇ ਨਜ਼ਦੀਕ ਹੀ ਖੜ੍ਹਾ ਸੀ ਤੇ ਉਹ ਕਹਿਣ ਲੱਗਾ, "ਉਹ ਮਨੀ ਸਿੰਘ ਕੀ ਤੂੰ ਡਰ ਗਿਆ ਹੈ? ਤੂੰ, ਘਬਰਾਇਆ ਹੋਇਆ ਲਲਕਾਰ ਰਿਹਾ ਹੈ, ਅਜੇ ਤਾਂ ਤੈਨੂੰ ਫਤਵਾ ਸੁਣਾਇਆ ਈ ਹੈ ਤੇ ਤੇਰਾ ਅਜੇ ਬੰਦ-ਬੰਦ ਤਾਂ ਕੱਟਣਾ ਹੈ।"

ਭਾਈ ਮਨੀ ਸਿੰਘ ਜੀ ਨੇ ਜ਼ਕਰੀਆ ਖਾਨ ਵੱਲ ਤਾੜਵੀਂ ਨਜ਼ਰ ਨਾਲ ਦੇਖਿਆ ਤੇ ਕਿਹਾ, "ਉਹ ਜ਼ਕਰੀਆ ਖਾਨ ਮੈਂ ਬਿਲਕੁਲ ਨਹੀਂ ਘਬਰਾਇਆ, ਮੈਂ ਤਾਂ ਆਪਣੇ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਯਾਦ ਕਰ ਰਿਹਾ ਹਾਂ।" ਜ਼ਕਰੀਆ ਖਾਨ ਨੇ ਫਿਰ ਕਿਹਾ, "ਤੂੰ ਸਪਸ਼ਟ ਤੌਰ 'ਤੇ ਆਪਣੇ ਗੁਰੂ ਨੂੰ ਯਾਦ ਕਰਕੇ ਘਬਰਾ ਗਿਆ ਹੈ! ਤੂੰ ਆਪਣੇ ਗੁਰੂ ਦੀ ਸਿੱਖੀ ਤੋਂ ਕੀ ਹਾਸਲ ਕੀਤਾ ਹੈ? ਅਜੇ ਤੇਰਾ ਬੰਦ-ਬੰਦ ਕੱਟ ਹੋਣ 'ਚ ਸਮਾਂ ਪਿਆ ਹੈ, ਤੂੰ ਉਸ ਤੋਂ ਪਹਿਲਾਂ-ਪਹਿਲਾਂ ਇਸਲਾਮ ਧਰਮ ਕਬੂਲ ਕਰ ਸਕਦਾ ਹੈ।"

ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਇਹ ਮਸਲਾ ਨਹੀਂ ਹੈ ਕਿ ਮੈਂ ਆਪਣੇ ਗੁਰੂ ਸਾਹਿਬ ਨੂੰ ਯਾਦ ਕਰਕੇ ਘਬਰਾ ਗਿਆ ਹਾਂ, ਦਰਅਸਲ 'ਚ ਮੈਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਛੱਡਿਆ ਸੀ, ਉਦੋਂ ਮੈਂ ਅਰਦਾਸ ਕੀਤੀ ਸੀ ਤੇ ਉਸ 'ਚ ਮੈਂ ਆਪਣੇ ਗੁਰੂ ਸਾਹਿਬ ਤੋਂ ਇਹ ਮੰਗਿਆ ਸੀ ਕਿ ਹੇ! ਸੱਚੇ ਪਾਤਸ਼ਾਹ ਮੇਰੇ ਸਰੀਰ ਦਾ ਇਕ-ਇਕ ਵਾਲ ਭਾਵ ਇਕ-ਇਕ ਰੋਮ ਵੀ ਸਿੱਖੀ ਸਿਦਕ ਲਈ ਪ੍ਰਵਾਨ ਚੜ੍ਹੇ, ਪਰ ਇਸ ਦੀ ਥਾਂ ਇਕ-ਇਕ ਬੰਦ ਹੀ ਕਿਉਂ ਪ੍ਰਵਾਨ ਚੜ੍ਹੇ, ਸਿਰਫ਼ ਮੇਰੀ ਅਰਦਾਸ 'ਚ ਇਹੀ ਕਮੀ ਰਹਿ ਗਈ ਸੀ, ਮੈਂ ਤਾਂ ਸਿਰਫ਼ ਇਹੀ ਸੋਚ ਰਿਹਾ ਸੀ।"

ਜ਼ਕਰੀਆ ਖਾਨ ਨੇ ਕਿਹਾ, "ਇਹ ਲੱਗਦਾ ਹੈ ਕਿ ਤੁਸੀਂ ਗੱਲਾਂ ਬਹੁਤ ਕਰਦੇ ਹੋ, ਪਰ ਯਾਦ ਰੱਖ ਤੂੰ ਅਜੇ ਜਲਾਦ ਦੀ ਸ਼ਕਲ ਨਹੀਂ ਦੇਖੀ। ਜਦੋਂ ਤੂੰ ਉਸ ਦੀ ਸ਼ਕਲ ਦੇਖੇਂਗਾ ਤਾਂ ਤੂੰ ਡਰ ਜਾਏਂਗਾ।" ਇੰਨੇ ਨੂੰ ਜਲਾਦ ਆ ਜਾਂਦਾ ਹੈ। ਉਸ ਦੇ ਹੱਥ 'ਚ ਤਲਵਾਰ ਫੜੀ ਹੋਈ ਹੈ। ਭਾਈ ਮਨੀ ਸਿੰਘ ਜੀ ਨੇ ਜਲਾਦ ਨੂੰ ਕਿਹਾ, "ਤੂੰ ਆਪਣੀ ਤਲਵਾਰ ਤਿੱਖੀ ਕਰ ਲੈ ਤੇ ਮੈਂ ਆਪਣਾ ਮਨ ਤਿੱਖਾ ਕਰ ਲੈਂਦਾ ਹਾਂ।" ਜਲਾਦ ਨੇ ਉੱਤਰ ਦਿੱਤਾ, "ਮੈਂ ਆਪਣੀ ਤਲਵਾਰ ਰੇਤੀ 'ਤੇ ਰਗੜ ਕੇ ਤੇਜ਼ ਕਰ ਲੈਂਦਾ ਹਾਂ ਤੇ ਤੁਸੀਂ ਆਪਣਾ ਮਨ ਕਿਸ ਚੀਜ਼ ਨਾਲ ਤੇਜ਼ ਕਰੋਗੇ? ਭਾਈ ਮਨੀ ਸਿੰਘ ਜੀ ਨੇ ਉੱਤਰ ਦਿੱਤਾ, "ਉਹ ਜਲਾਦ! ਜਿਸ ਰੇਤੀ 'ਤੇ ਰਗੜ ਕੇ ਤੂੰ ਆਪਣੀ ਤਲਵਾਰ ਤਿੱਖੀ ਕਰੇਗਾ। ਇਹ ਰੇਤੀ ਟੁੱਟ ਜਾਏਗੀ, ਕਿਉਂਕਿ ਇਸ ਨੂੰ ਆਦਮੀ ਨੇ ਹੀ ਬਣਾਇਆ ਹੈ, ਪ੍ਰੰਤੂ ਮੈਂ ਆਪਣਾ ਮਨ ਅਕਾਲ ਪੁਰਖ ਦੇ ਨਾਮ ਤੇ ਗੁਰਬਾਣੀ ਨਾਲ ਜੋੜ ਕੇ ਤੇਜ਼ ਕਰ ਲਵਾਂਗਾ, ਕਿਉਂਕਿ ਉਸ ਨੇ ਹੀ ਮਨੁੱਖ ਨੂੰ ਸਿਰਜਿਆ ਹੈ।"

ਹੁਣ ਜਲਾਦ ਨੇ ਆਪਣੀ ਤਲਵਾਰ ਤੇਜ਼ ਕਰ ਲਈ ਤੇ ਭਾਈ ਮਨੀ ਸਿੰਘ ਜੀ ਨੇ ਆਪਣਾ ਮਨ ਵਾਹਿਗੁਰੂ ਤੇ ਗੁਰਬਾਣੀ ਦੇ ਪਾਠ ਨਾਲ ਜੋੜ ਲਿਆ। ਉਹਨਾਂ ਨੇ 'ਜਪੁਜੀ' ਸਾਹਿਬ ਦੇ ਪਾਠ ਦੀ ਸਮਾਪਤੀ ਤੋਂ ਬਾਅਦ ਉੱਚੀ ਆਵਾਜ਼ 'ਚ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ! ਸਤਿ ਸ੍ਰੀ ਅਕਾਲ।" ਨਾਮ ਦੀ ਖੁਮਾਰੀ ਤੇ ਗੁਰਬਾਣੀ ਦਾ ਜਾਪੁ ਕਰਨ ਨਾਲ ਉਹ ਆਪਣੀ ਪੂਰੀ ਤਾਕਤ ਨਾਲ ਦਹਾੜ ਕੇ ਜਲਾਦ ਨੂੰ ਬੋਲੇ, "ਆਓ ਜਲਾਦ! ਹੁਣ ਸਿਰਫ਼ ਮੈਂ ਤੇ ਤੂੰ ਹੀ ਗੱਲ ਕਰਾਂਗੇ।" ਜਲਾਦ ਨੇ ਲੱਕੜ ਦਾ ਇਕ ਅੱਡਾ ਨੁਮਾ ਟੋਟਾ ਥੋੜ੍ਹਾ ਅੱਗੇ ਕੀਤਾ ਤੇ ਭਾਈ ਮਨੀ ਸਿੰਘ ਜੀ ਥੋੜ੍ਹਾ ਅਗਾਂਹ ਵਧਦੇ ਹੋਏ ਕਹਿੰਦੇ ਹਨ, "ਸਤਿਨਾਮ ਸ੍ਰੀ ਵਾਹਿਗੁਰੂ" ਤੇ ਫਿਰ ਆਪਣਾ ਸੱਜਾ ਹੱਥ ਉਸ ਲੱਕੜ ਦੇ ਟੁਕੜੇ ਉੱਪਰ ਰੱਖ ਦਿੰਦੇ ਹਨ।

ਜਲਾਦ ਭਾਈ ਮਨੀ ਸਿੰਘ ਜੀ ਦੀਆਂ ਉਂਗਲਾਂ 'ਤੇ ਵਾਰ ਕਰਕੇ ਉਹਨਾਂ ਨੂੰ ਕੱਟ ਦਿੰਦਾ ਹੈ। ਭਾਈ ਮਨੀ ਸਿੰਘ ਜੀ ਆਪਣਾ ਹੱਥ ਪਿੱਛੇ ਖਿੱਚ ਲੈਂਦੇ ਹਨ। "ਭਾਈ ਮਨੀ ਸਿੰਘ, ਤੂੰ ਡਰ ਗਿਆ ਹੈ! ਪਹਿਲਾਂ ਤੂੰ ਬੜੀਆਂ ਗੱਲਾਂ ਕਰਦਾ ਸੀ, ਇਹ ਤਾਂ ਅਜੇ ਸਿਰਫ਼ ਪਹਿਲਾ ਹੀ ਕੱਟ ਹੈ।" ਤੂੰ ਸਾਡਾ ਪਹਿਲਾ ਵਾਰ ਹੀ ਸਹਾਰ ਨਹੀਂ ਸਕਿਆ, ਅਸੀਂ ਤਾਂ ਅਜੇ ਤੇਰੇ ਸਰੀਰ ਦਾ ਬੰਦ-ਬੰਦ ਕੱਟਣਾ ਹੈ," ਜ਼ਕਰੀਆ ਖਾਨ ਨੇ ਕਿਹਾ।

ਭਾਈ ਮਨੀ ਸਿੰਘ ਨੇ ਉੱਤਰ ਦਿੱਤਾ, "ਐ ਜਲਾਦ! ਤੁਹਾਡੇ ਫਤਵੇ ਮੁਤਾਬਕ ਕੀ ਹੈ? ਤੁਸੀਂ ਮੇਰਾ ਬੰਦ-ਬੰਦ ਕੱਟਣਾ ਹੈ। ਤੁਸੀਂ ਤਾਂ ਇਕੋ ਵਾਰ 'ਚ ਹੀ ਮੇਰੀਆਂ ਸਾਰੀਆਂ ਉਂਗਲਾਂ ਕੱਟ ਦਿੱਤੀਆਂ ਹਨ।

ਜ਼ਕਰੀਆ ਖਾਨ, ਤੁਸੀਂ ਆਪਣੇ ਨੌਕਰ ਨੂੰ ਆਖੋ ਕਿ ਉਹ ਤੁਹਾਡੇ ਹੁਕਮਾਂ ਦੀ ਪੂਰੀ ਪਾਲਣਾ ਕਰੇ ਤੇ ਮੈਂ ਆਪਣੇ ਸੱਚੇ-ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦੀ ਪੂਰੀ ਪਾਲਣਾ ਕਰਾਂਗਾ।

ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ-ਇਕ ਬੰਦ ਕੱਟ ਦਿੱਤਾ ਗਿਆ ਤੇ ਉਹ ਗੁਰਬਾਣੀ ਦਾ ਜਾਪੁ ਆਪਣੇ ਆਖਰੀ ਸਵਾਸਾਂ ਤੱਕ ਕਰਦੇ ਰਹੇ। ਉਹਨਾਂ ਨੇ ਗੁਰਬਾਣੀ ਦੇ ਇਸ ਕਥਨ ਨੂੰ ਕਿ, "ਪੁਰਜਾ ਪਰਜਾ ਕਟਿ ਮਰੈ ਕਬਹੂ ਨਾ ਛਾਡੈ ਖੇਤੁ" ਨੂੰ ਸੱਚ ਸਾਬਤ ਕਰ ਦਿਖਾਇਆ ਤੇ ਉਹ ਧਰਮ ਦੀ ਰਾਖੀ ਖਾਤਰ ਰਣ ਦੇ ਮੈਦਾਨ 'ਚੋਂ ਨਹੀਂ ਦੌੜੇ।

ਸਤਿਨਾਮ ਵਾਹਿਗੁਰੂ ਦਾ ਜਾਪੁ ਕਰਦਿਆਂ ਭਾਈ ਮਨੀ ਸਿੰਘ ਜੀ ਦੇ ਸਰੀਰ ਦਾ ਇਕ-ਇਕ ਬੰਦ ਉਂਗਲਾਂ, ਲੱਕ, ਕੂਹਣੀਆਂ, ਮੋਢੇ, ਪੈਰਾਂ ਦੀਆਂ ਉਂਗਲਾਂ, ਗੋਡੇ ਤੇ ਸਰੀਰ ਦੇ ਸਾਰੇ ਅੰਗ, ਉਸ ਲੱਕੜ ਦੇ ਟੋਟੇ ਉੱਪਰ ਕੱਟੇ ਪਏ ਸਨ। ਉਸ ਦੇ ਗਿਰਦ ਮਾਨੋਂ ਖੂਨ ਦਾ ਛੱਪੜ ਲੱਗਾ ਹੋਇਆ ਸੀ। ਸਰੀਰ ਦੇ ਨਾਲ ਨਾ ਕੋਈ ਬਾਂਹ ਤੇ ਨਾ ਕੋਈ ਲੱਤ। "ਮੇਰਾ ਸਿਰ ਜਾਵੇ ਤਾਂ ਜਾਵੇ ਪਰ ਮੇਰਾ ਸਿੱਖੀ ਸਿਦਕ ਨਾ ਜਾਵੇ।" ਭਾਈ ਮਨੀ ਸਿੰਘ ਜੀ ਸਿੱਖੀ ਦੀ ਇਸ ਧਾਰਨਾ ਦੀ ਕਸਵੱਟੀ 'ਤੇ ਪੂਰੇ ਉਤਰੇ।

ਇਸ ਤਰ੍ਹਾਂ ਲਾਹੌਰ ਦੇ ਨਿਖਾਸ ਚੌਂਕ 'ਚ ਭਾਈ ਮਨੀ ਸਿੰਘ ਜੀ ਨੂੰ ਉਹਨਾਂ ਦਾ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ। ਕਈ ਇਤਿਹਾਸਕਾਰ ਇਸ ਸਾਕੇ ਨੂੰ 9 ਜੁਲਾਈ 1737 ਅਤੇ ਕਈ 14 ਜੂਨ 1738 ਨੂੰ ਹੋਇਆ ਦੱਸਦੇ ਹਨ। ਇਸ ਨਿਖਾਸ ਚੌਂਕ ਨੂੰ ਅੱਜ ਵੀ 'ਸ਼ਹੀਦ ਗੰਜ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸੰਨ 1900 'ਚ ਭਾਈ ਮਨੀ ਸਿੰਘ ਜੀ ਦੀ ਯਾਦ 'ਚ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦੇ ਨੇੜੇ ਉਹਨਾਂ ਦੇ ਪਿੰਡ ਕੰਬੋਵਾਲ 'ਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ, ਕਿਉਂਕਿ ਇਹ ਪਿੰਡ ਉਹਨਾਂ ਦਾ ਜੱਦੀ ਪਿੰਡ ਹੈ। ਸੰਨ 1737 'ਚ ਲਾਹੌਰ ਮੁਗਲ ਸਰਕਾਰ ਨੇ ਸਿੱਖਾਂ 'ਤੇ ਪਾਬੰਦੀ ਲਾ ਦਿੱਤੀ ਸੀ ਕਿ ਉਹ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਮੱਥਾ ਨਹੀਂ ਟੇਕ ਸਕਦੇ ਸਨ ਤੇ ਨਾ ਹੀ ਪਵਿੱਤਰ ਸਰੋਵਰ 'ਚ ਇਸ਼ਨਾਨ ਕਰ ਸਕਦੇ ਸਨ। ਜ਼ਕਰੀਆ ਖਾਨ ਦੀ 1745 'ਚ ਮੌਤ ਹੋ ਗਈ ਸੀ। ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ 'ਚ ਪ੍ਰਸਿੱਧ ਹਸਤੀ ਨਵਾਬ ਕਪੂਰ ਸਿੰਘ 1675 ਤੋਂ 1753 ਜੀ ਹੋਏ ਹਨ।

ਮੈਂ ਸ਼ਹੀਦ ਭਾਈ ਮਨੀ ਸਿੰਘ ਜੀ ਵਰਗੇ ਮਹਾਨ ਯੋਧੇ, ਸਿੱਖ ਚਿੰਤਕ, ਮਹਾਨ ਵਿਦਵਤਾ ਦੇ ਮੁਜੱਸਮੇ, ਦੇਸ਼ ਭਗਤ ਤੇ ਸਿੱਖੀ ਸਿਦਕ ਦੇ ਪੂਰੇ ਮਹਾਂਪੁਰਸ਼ ਨੂੰ ਉਹਨਾਂ ਦੀ ਬਰਸੀ 'ਤੇ ਆਪਣੇ ਸ਼ਰਧਾ ਸੁੰਮਨ ਪੇਸ਼ ਕਰਦਾ ਹਾਂ ਤੇ ਅਜਿਹੇ ਮਹਾਨ ਸ਼ਹੀਦ ਨੂੰ ਆਪਣਾ ਸਲਿਊਟ ਮਾਰਦਾ ਹਾਂ। ਉਹ ਨਵੀਂ ਪੀੜ੍ਹੀ ਲਈ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੇ ਰਹਿਣਗੇ। ਮੈਂ ਆਪਣੇ ਇਸ ਹੱਥਲੇ ਲੇਖ ਦੀ ਸਮਾਪਤੀ ਸ਼ਾਹ ਮੁਹੰਮਦ ਜੀ ਦੀਆ ਨਿਮਨ-ਲਿਖਤ ਸਤਰਾਂ ਨਾਲ ਕਰਦਾ ਹਾਂ:

ਲੱਗੀ ਧਮਕ ਸਾਰੇ ਹਿੰਦੋਸਤਾਨ ਅੰਦਰ, ਦਿੱਲੀ, ਆਗਰੇ, ਹਾਂਸੀ, ਹਿਸਾਰ, ਮੀਆਂ।
ਬੀਕਾਨੇਰ, ਲਖਨਊ, ਅਜਮੇਰ, ਜੈਪੁਰ, ਪਈਆਂ ਭਾਜੜਾਂ ਜਮਨਾ ਤੋਂ ਪਾਰ ਮੀਆਂ।
ਚੌਲੀ ਸਭ ਪੰਜਾਬ ਦੀ ਬਾਦਸ਼ਾਹੀ, ਨਹੀਂ ਦਲਾਂ ਦਾ ਅੰਤ ਸ਼ੁਮਾਰ ਮੀਆਂ।
ਸ਼ਾਹ ਮੁਹੰਮਦਾ ਕਿਸੇ ਨਾ ਅਟਕਣਾ ਈ, ਸਿੰਘ ਰਹਿਣਗੇ ਦਿੱਲੀ ਨੂੰ ਮਾਰ ਮੀਆਂ।

## ਅਜੋਕੇ ਖੇਤੀ ਸੰਕਟ ਸਮੇਂ ਇੱਕ ਮੁਲਾਕਾਤ ਇੱਕ ਖੇਤੀ ਮਾਹਰ ਨਾਲ

# "ਭਗਵਾਨ" ਦੀ ਰੱਖਿਆ ਲਈ ਖੇਤੀ ਸਤਿਸੰਗ ਸਮੇਂ ਦੀ ਲੋੜ - ਅਵਤਾਰ ਸਿੰਘ ਖੇਤੀ ਮਾਹਰ

ਅਜੋਕੇ ਯੁਗ 'ਚ ਮਨੁੱਖੀ ਜੀਵਨ ਦੇ ਅਰਥ ਹੀ ਬਦਲਦੇ ਜਾ ਰਹੇ ਹਨ। ਸਧਾਰਨ ਮਨੁੱਖੀ ਜੀਵਨ ਜਟਿਲਤਾ ਭਰਪੂਰ ਹੁੰਦਾ ਜਾ ਰਿਹਾ ਹੈ। ਬਣਾਉਟੀ ਵਸਤਾਂ, ਤੇਜ਼ੀ ਨਾਲ ਵੱਧਦੀ ਤਕਨਾਲੋਜੀ, ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਮਨੁੱਖੀ ਸੋਚ ਨੂੰ ਚਾਰੇ ਪਾਸਿ ੰ ਘੇਰਾ ਪਾਇਆ ਹੋਇਆ ਹੈ। ਮਨੁੱਖੀ ਜੀਵਨ ਚੰਗੇ ਸੁਖਾਵੇਂ ਜੀਵਨ ਤੋਂ ਗੰਭੀਰ ਬਿਮਾਰੀਆਂ, ਭੈੜੀ ਸੋਚ ਕਾਰਨ ਨਰਕ ਜਿਹਾ ਹੋਇਆ ਜਾਪਦਾ ਹੈ, ਕਿਉਂਕਿ "ਸ਼ੁੱਧ" ਸ਼ਬਦ ਉਸਦੇ ਜੀਵਨ 'ਚੋਂ ਗ਼ਾਇਬ ਹੋ ਰਿਹਾ ਹੈ।

ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਭੋਜਨ ਜੋ ਮਨੁੱਖੀ ਜੀਵਨ ਦਾ ਆਧਾਰ ਹੈ; ਦੀ ਥਾਂ ਜ਼ਹਿਰਾਂ ਨੇ ਲੈ ਲਈ ਹੈ। ਪਾਣੀ ਗੰਧ.ਲਾ, ਹਵਾ ਦੂਸ਼ਿਤ, ਭੋਜਨ ਮਿਲਾਵਟੀ ਮਿਲਣ ਕਾਰਨ ਮਨੁੱਖੀ ਸਰੀਰ ਜ਼ਰਜ਼ਰਾ ਹੋ ਰਿਹਾ ਹੈ ਅਤੇ " ਜੈਸਾ ਅੰਨ ਤੈਸਾ ਮਨ" ਲੋਕ ਤੱਥ ਅਨੁਸਾਰ ਦੂਸ਼ਿਤ ਅਤੇ ਮਿਲਾਵਟੀ ਖ਼ੁਰਾਕ ਖਾਣ ਨਾਲ ਮਨੁੱਖ ਦੀ ਸੋਚ ਵੀ ਗੰਧ.ਲੀ ਤੇ ਭੈੜੀ ਹੁੰਦੀ ਜਾ ਰਹੀ ਹੈ। ਖੇਤੀ ਜੋ ਖੁਰਾਕ ਦਾ ਆਧਾਰ ਹੈ, ਘਾਟੇ ਵਾ.ਲੀ ਹੋ ਗਈ ਹੈ।ਰੁਜ਼ਗਾਰ ਮਿਲ ਨਹੀਂ ਰਿਹਾ। ਭੋਜਨ ਮਿਲਾਵਟੀ ਅਤੇ ਜ਼ਹਿਰਾਂ ਨਾ.ਲ ਭਰਿਆ ਪਿਆ ਹੈ।

ਇਸ ਸਭ ਨੂੰ ਵਾਚਦਿਆਂ ਨਿਗਰ ਸੋਚ ਰੱਖਣ ਵਾਲੇ ਕੁਝ ਸਖਸ਼ ਖ਼ਾਸ ਤੌਰ 'ਤੇ ਉਪਜਾਊ ਧਰਤੀ ਪੰਜਾਬ ਦੇ ਬਸ਼ਿੰਦਿਆਂ ਨੂੰ ਇੱਕ ਨਵੀਂ ਸੇਧ ਦੇਣ ਲਈ ਇੱਕ ਸਿਧਾਂਤਕ ਸੋਚ ਲੈ ਕੇ ਸਿਰਫ਼ ਗੱਲੀਂ ਬਾਤੀ ਨਹੀਂ, ਸਗੋਂ ਅਮਲੀ ਤੌਰ 'ਤੇ ਕੁਝ ਨਵਾਂ - ਨਿਆਰਾ ਕਰਨ ਲਈ ਯਤਨਸ਼ੀਲ ਹਨ। ਉਹਨਾਂ ਵਿੱਚੋਂ ਫਗਵਾੜਾ ਸ਼ਹਿਰ ਦੇ ਲਾਗਲੇ ਖੇਤਰ 'ਚ ਜੈਵਿਕ ਖੇਤੀ ਨੂੰ ਨਵੇਂ ਢੰਗਾਂ ਨਾਲ ਉਤਸਾਹ ਤੇ ਹੁਲਾਰਾ ਦੇਣ ਲਈ "ਸੰਪੂਰਨ ਖੇਤੀ, ਪੂਰਨ ਰੁਜ਼ਗਾਰ,ਪੌਸ਼ਟਿਕ ਆਹਾਰ, ਜ਼ਹਿਰ ਯੁਕਤ ਤੋਂ ਜ਼ਹਿਰ ਮੁਕਤ ਇੱਕ ਸਫਰ " ਦੀ ਪਵਿੱਤਰ ਤੇ ਲੋਕ ਹਿੱਤਕਾਰੀ ਸੋਚ ਲੈ ਕੇ ਕੰਮ ਕਰਨ ਵਾਲੇ ਖੇਤੀ ਮਾਹਰ ਅਵਤਾਰ ਸਿੰਘ ਜੋ "ਭਗਵਾਨ" ਦੇ ਅਰਥ ਭਾਵ ਭ+ਗ+ਵ+ਆ+ਨ

ਭ - ਭੂਮੀ ਭਾਵ ਮਿੱਟੀ
ਗ - ਗਗਨ ਭਾਵ ਆਕਾਸ਼
ਵ - ਵਾਯੂ ਭਾਵ ਹਵਾ
ਆ - ਆਗ ਭਾਵ ਅਗਨੀ
ਨ - ਨੀਰ ਭਾਵ ਪਾਣੀ, ਕਰਦੇ ਹਨ,

ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਮੁਲਾਕਾਤ ਦੀ ਪਹਿਲੀ ਲੜੀ 'ਚ ਰਸਾਇਣਿਕ ਖੇਤੀ ਅਤੇ ਜੈਵਿਕ ਖੇਤੀ ਸੰਬੰਧੀ ਚਰਚਾ ਪਾਠਕਾਂ ਦੇ ਰੂਬਰੂ ਹੈ - ਗੁਰਮੀਤ ਸਿੰਘ ਪਲਾਹੀ

ਸਵਾਲ : ਪੰਜਾਬ ਵਿੱਚ ਖੇਤੀ ਨੂੰ ਅੱਜ ਕੱਲ ਘਾਟੇ ਦਾ ਸੌਦਾ ਮੰਨਿਆ ਜਾਂਦਾ ਹੈ, ਕੀ ਵਾਕਿਆ ਹੀ ਖੇਤੀ ਘਾਟੇ ਦਾ ਸੌਦਾ ਹੈ ਜੇ ਹੈ ਤਾਂ ਇਸ ਪਿੱਛੇ ਕਿਹੜੇ ਕਿਹੜੇ ਕਾਰਨ ਹਨ?

ਜਵਾਬ: ਅੱਜ ਤੋਂ ਲਗਭਗ ਕੋਈ 60-65 ਸਾਲ ਪਹਿਲਾਂ ਦਾ ਸਮਾਂ ਸੀ ਜਦੋਂ ਖੇਤੀ ਦੇ ਕੰਮ ਨੂੰ ਸੱਭ ਤੋਂ ਵਧੀਆ ਅਤੇ ਉੱਤਮ ਮੰਨਿਆ ਜਾਂਦਾ ਸੀ। ਦੂਜੇ ਨੰਬਰ ਤੇ ਵਪਾਰ ਨੂੰ ਮੰਨਿਆ ਜਾਂਦਾ ਸੀ ਅਤੇ ਸਰਕਾਰੀ ਨੌਕਰੀ ਨੂੰ ਸਭ ਤੋਂ ਹੇਠਾਂ ਭਾਵ ਤੀਜਾ ਸਥਾਨ ਦਿੱਤਾ ਜਾਂਦਾ ਸੀ। ਇਸੇ ਕਰ ਕੇ ਇਹ ਅਖਾਣ ਆਮ ਵਰਤਿਆ ਜਾਂਦਾ ਸੀ ਕਿ, "ਉੱਤਮ ਖੇਤੀ, ਮੱਧਮ ਵਪਾਰ, ਨਖਿਧ ਚਾਕਰੀ ਭੀਖ ਗਵਾਰ"। ਭਾਵ ਖੇਤੀ ਕਿਸੇ ਸਮੇਂ ਉੱਤਮ ਅਤੇ ਲਾਹੇਵੰਦ ਧੰਦਾ ਸੀ। ਸੋ ਜੇਕਰ ਹੁਣ ਅਸੀਂ ਇਹ ਮੰਨ ਰਹੇ ਹਾਂ ਕਿ ਖੇਤੀ ਘਾਟੇ ਦਾ ਸੌਦਾ ਹੈ ਤਾਂ ਇਹ ਧਾਰਨਾ ਗ਼ਲਤ ਹੈ, ਜ਼ਰੂਰ ਕਿਤੇ ਨਾ ਕਿਤੇ ਅਸੀਂ ਗਲਤ ਹਾਂ ਅਤੇ ਸਾਨੂੰ ਉਹ ਗ਼ਲਤੀ ਲੱਭਣ ਦੀ ਜ਼ਰੂਰਤ ਹੈ। ਜਿਸ ਵਕਤ ਅਸੀਂ ਉਸ ਗ਼ਲਤੀ ਨੂੰ ਲੱਭ ਲਿਆ, ਉਸ ਵਕਤ ਸਾਡੀ ਖੇਤੀ ਬਹੁਤ ਲਾਹੇਵੰਦ ਧੰਦਾ ਤਾਂ ਸਾਬਤ ਹੋਵੇਗੀ ਹੀ, ਸਾਡੇ ਕੁਦਰਤੀ ਸਾਧਨਾਂ ਦਾ ਵੀ ਬਹੁਤ ਬਚਾਅ ਹੋਵੇਗਾ।

ਸਵਾਲ: ਅੱਜ ਕੱਲ ਖੇਤੀ ਅਧਾਰਤ ਖਾਧ ਉਤਪਾਦਾਂ ਨੂੰ ਸਿਹਤ ਲਈ ਹਾਨੀਕਾਰਕ ਕਹਿ ਕੇ ਪ੍ਰਚਾਰਿਆ ਜਾ ਰਿਹਾ, ਇਸ ਗੱਲ ਚ ਕਿੰਨੀ ਕ ਸੱਚਾਈ ਹੈ?

ਜਵਾਬ : ਜੀ, ਇਹ ਗੱਲ ਬਿਲਕੁਲ ਸੱਚ ਅਤੇ ਸਹੀ ਹੈ। ਇਹ ਸਹੀ ਹੈ ਕਿ ਇਸ ਵੇਲੇ ਸਾਨੂੰ ਖੁਰਾਕੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬੇਸ਼ੱਕ ਸਾਡੇ ਕੋਲ ਖੁਰਾਕੀ ਪਦਾਰਥਾਂ ਦੇ ਅੰਬਾਰ ਲੱਗੇ ਪਏ ਹਨ, ਗੋਦਾਮ ਭਰੇ ਪਏ ਹਨ, ਪਰ ਤ੍ਰਾਸਦੀ ਇਹ ਹੈ ਕਿ ਇਹ ਸਾਰਾ ਖਾਣਾ, ਖਾਣਯੋਗ ਹੀ ਨਹੀਂ ਹੈ, ਕਿਉਂਕਿ ਸਾਰੇ ਦਾ ਸਾਰਾ ਖਾਣਾ ਜ਼ਹਿਰ ਯੁਕਤ ਹੈ। ਅਸੀਂ ਬਹੁਤ ਸਾਰੇ ਰਸਾਇਣਾਂ ਦੀ ਵਰਤੋਂ ਕਰ ਕੇ ਗ਼ੈਰ ਕੁਦਰਤੀ ਢੰਗ ਵਰਤ ਕੇ ਖੁਰਾਕੀ ਵਸਤਾਂ ਪੈਦਾ ਕਰਦੇ ਹਾਂ, ਇਸ ਕਰਕੇ ਇਹ ਗੱਲ ਬਿਲਕੁਲ ਸੱਚ ਹੈ ਕਿ ਜਿੰਨਾ ਵੀ ਖਾਣਾ ਸਾਨੂੰ ਮਿਲ ਰਿਹਾ, ਉਹ ਸਾਰੇ ਦਾ ਸਾਰਾ ਖਾਣਯੋਗ ਨਹੀਂ ਹੈ। ਸਿਹਤ ਲਈ ਹਾਨੀਕਾਰਕ ਹੁੰਦਾ ਹੈ।

ਸਵਾਲ : ਹਰੀ ਕ੍ਰਾਂਤੀ ਨੇ ਪੰਜਾਬ ਦੇ ਧਰਤੀ ਨੂੰ ਅਣ ਉਪਜਾਊ ਅਤੇ ਕੱਲਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

ਜਵਾਬ : ਬਿਲਕੁਲ ਜੀ, ਅਸੀਂ ਇਹ ਕਹਿ ਸਕਦੇ ਹਾਂ ਕਿ ਹਰੀ ਕ੍ਰਾਂਤੀ ਜੀਵਨ ਨੂੰ ਖੋਰਾ ਲਾਇਆ ਹੈ। ਹਰੀ ਕ੍ਰਾਂਤੀ, ਗ੍ਰੀਨ ਰੇਵੋਲਿਊਸ਼ਨ ਅਸਲ ਵਿੱਚ "ਗ਼ਰੀਡ ਰੇਵੋਲਿਊਸ਼ਨ" ਕਹਿਣਾ ਚਾਹੀਦਾ ਹੈ, ਇਸ ਦਾ ਮੁੱਖ ਉਦੇਸ਼ ਪ੍ਰਤੀ ਏਕੜ ਵੱਧ ਤੋਂ ਵੱਧ ਝਾੜ ਲੈਣ ਦਾ ਲਾਲਚ ਸੀ। ਅਸੀਂ ਵੱਧ ਤੋਂ ਵੱਧ ਉਪਜ ਲੈਣ ਦੇ ਰਾਹ ਤੁਰ ਪਏ। ਇਸ ਲਈ ਖੇਤੀਬਾੜੀ ਯੂਨੀਵਰਸਿਟੀਆਂ, ਖੇਤੀ ਅਦਾਰਿਆਂ ਅਤੇ ਖੇਤੀ ਦੇ ਤਕਨੀਕੀ ਮਾਹਰਾਂ ਵੱਲੋਂ ਰਸਾਇਣਿਕ ਖਾਦਾਂ, ਨਦੀਨ ਨਾਸ਼ਕਾਂ, ਕੀਟਨਾਸ਼ਕਾਂ ਜਾਂ ਹੋਰ ਦਵਾਈਆਂ ਵਗੈਰਾ ਦੀ ਵਰਤੋਂ ਕਰਨ ਦੇ ਘਾਤਕ ਤਰੀਕੇ ਸੁਝਾਏ ਗਏ ਅਤੇ ਅਸੀਂ "ਈਕੋ ਸਿਸਟਮ" ਨੂੰ ਖ਼ਰਾਬ ਕਰ ਲਿਆ। ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਹੇਠਾਂ ਚਲਾ ਗਿਆ ਅਤੇ ਪਾਣੀ ਪ੍ਰਦੂਸ਼ਿਤ ਹੋ ਗਿਆ। ਸਾਡੀ ਹਵਾ ਵੀ ਗੰਧ.ਲੀ ਹੋ ਗਈ।ਇਸ ਕਾਰਨ ਸਾਡੀਆਂ ਉਪਜਾਂ ਵੀ ਦੂਸ਼ਿਤ ਹੋ ਕੇ ਜ਼ਹਿਰੀਲੀਆਂ ਹੋ ਗਈਆਂ, ਕਿਉਂਕਿ ਫ਼ਸਲ ਪੈਦਾ ਕਰਨ ਲਈ ਵਰਤੀਆਂ ਗਈਆਂ ਰਸਾਇਣਿਕ ਖਾਦਾਂ, ਰਸਾਇਣਿਕ ਦਵਾਈਆਂ, ਕੀਟਨਾਸ਼ਕ, ਨਦੀਨ ਨਾਸ਼ਕ ਰਸਾਇਣ ਸਾਡੀਆਂ ਉਪਜਾਂ ਵਿੱਚ ਵੀ ਆ ਜਾਂਦੇ ਹਨ। ਜ਼ਹਿਰ ਯੁਕਤ ਖਾਧ ਪਦਾਰਥਾਂ ਦੀ ਸਮੱਸਿਆ ਇਕੱਲੀ ਮਨੁੱਖ ਜਾਤੀ ਲਈ ਨਹੀਂ ਸਗੋਂ ਜੀਵਨ ਦੀ ਹੋਂਦ ਲਈ ਇੱਕ ਕਿਸਮ ਦਾ ਗੰਭੀਰ ਖਤਰਾ ਬਣ ਕੇ ਸਾਹਮਣੇ ਆਈ ਹੈ। ਗ਼ੈਰ ਕੁਦਰਤੀ ਖੇਤੀ ਢੰਗਾਂ ਨੂੰ ਲਾਂਭੇ ਕਰਕੇ ਕੁਦਰਤੀ ਖੇਤੀ ਕਰ ਕੇ ਹੀ ਅਸੀਂ ਕੁਦਰਤੀ ਸਿਸਟਮ ਨੂੰ ਬਚਾਅ ਸਕਦੇ ਹਾਂ।ਇਸ ਤਰ੍ਹਾਂ ਅਸੀਂ ਆਪਣੇ ਆਪ ਨੂੰ ਬਚਾ ਪਾਵਾਂਗੇ, ਸਾਡੇ ਕੁਦਰਤੀ ਸਾਧਨ ਵੀ ਬਚਣਗੇ ਸਾਡੀ ਖ਼ੁਰਾਕ ਵੀ ਜ਼ਹਿਰ ਮੁਕਤ ਹੋਵੇਗੀ।ਸਾਡੀ ਸਿਹਤ ਵੀ ਠੀਕ ਰਹੇਗੀ।



ਸਵਾਲ: ਕੀ ਹਰੀ ਕ੍ਰਾਂਤੀ ਨੇ ਪੰਜਾਬ ਦੇ ਅਰਥਚਾਰੇ ਨੂੰ ਹੁਲਾਰਾ ਦਿੱਤਾ?

ਜਵਾਬ: ਹਰੀ ਕ੍ਰਾਂਤੀ ਨੇ ਅਰੰਭਕ ਦੌਰ ਵਿੱਚ ਜ਼ਰੂਰ ਪੰਜਾਬ ਦੇ ਅਰਥਚਾਰੇ ਨੂੰ ਕੁਝ ਹੁਲਾਰਾ ਦਿੱਤਾ ਪ੍ਰੰਤੂ ਜਦੋਂ ਅਸੀਂ ਹਰੀ ਕ੍ਰਾਂਤੀ ਦੇ ਮਾੜੇ ਸਿੱਟਿਆਂ, ਦੁਰਪ੍ਰਭਾਵਾਂ ਦੀ ਗੱਲ ਕਰਦੇ ਹਾਂ ਤਾਂ ਉਹ ਮੁਕਾਬਲਤਨ ਬਹੁਤ ਹੀ ਜ਼ਿਆਦਾ ਹਨ। ਕਿਸਾਨ ਕਰਜ਼ੇ ਦੇ ਵਿੱਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਅਸੀਂ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਦੇਖਦੇ ਹਾਂ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਹ ਵੀ ਇੱਕ ਸੱਚ ਹੈ ਕਿ ਹਰੀ ਕ੍ਰਾਂਤੀ ਲਈ ਜਿਸ ਕਿਸਾਨ ਨੇ ਜਿੰਨੇ ਜ਼ਿਆਦਾ ਆਧੁਨਿਕ ਸਾਧਨਾਂ-ਢੰਗਾਂ ਦੀ ਵਰਤੋਂ ਕੀਤੀ ਹੈ, ਉਹ ਉਨਾ ਜ਼ਿਆਦਾ ਕਰਜ਼ਦਾਰ ਹੋਇਆ ਹੈ। ਕਾਰਪੋਰੇਟ ਸਿਸਟਮ ਵੱਲੋਂ ਸਾਡੇ ਉੱਤੇ ਥੋਪੇ ਗਏ ਖੇਤੀ ਵਿਕਾਸ ਦੇ ਇਸ ਮਾਡਲ ਨੇ ਧਰਤੀ, ਕੁਦਰਤ ਅਤੇ ਜੀਵਨ ਨੂੰ ਖੋਰਾ ਹੀ ਲਾਇਆ। ਜੀਵਨ, ਜੀਵਨ ਪੱਧਰ ਅਤੇ ਕੁਦਰਤ ਉੱਤੇ ਕੋਈ ਵਧੀਆ ਪ੍ਰਭਾਵ ਨਹੀਂ ਪਾਇਆ।

ਸਵਾਲ: ਸ. ਅਵਤਾਰ ਸਿੰਘ ਜੀ ਮੈਨੂੰ ਯਾਦ ਹੈ ਜਦੋਂ ਅਸੀਂ ਛੋਟੇ-ਛੋਟੇ ਹੁੰਦੇ ਸੀ ਉਦੋਂ ਕਿਸਾਨਾਂ ਕੋਲ ਭਾਵੇਂ ਥੋੜ੍ਹੇ ਜਿਹੇ ਪੈਸੇ ਹੋਇਆ ਕਰਦੇ ਸੀ ਪਰ ਉਹ ਬੜੇ ਖ਼ੁਸ਼ਹਾਲ ਅਤੇ ਖ਼ੁਸ਼-ਖ਼ੁਸ਼ ਰਹਿੰਦੇ ਸਨ। ਪਰ ਹੁਣ ਇੱਕ ਗੱਲ ਬਹੁਤ ਹੀ ਚਰਚਾ ਦੇ ਵਿੱਚ ਰਹਿੰਦੀ ਹੈ ਕਿ ਕਿਸਾਨ ਕਰਜ਼ਾਈ ਹੋ ਰਿਹਾ, ਬਹੁਤ ਸਾਰੇ ਕਿਸਾਨ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਗਏ ਹਨ। ਕੀ ਅਸਲ ਵਿੱਚ ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦਾ ਕਿਸਾਨ ਖ਼ੁਸ਼ਹਾਲ ਹੋਇਆ ਜਾਂ ਇਹ ਇੱਕ ਭਰਮ ਜਾਲ ਹੀ ਹੈ?

ਜਵਾਬ : ਜੀ ਇਸ ਨੂੰ ਅਸਲ ਵਿੱਚ ਇੱਕ ਭਰਮ ਜਾਲ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਹਰੀ ਕ੍ਰਾਂਤੀ ਦੌਰਾਨ ਖੇਤੀ ਦੇ ਖਰਚੇ ਬਹੁਤ ਜ਼ਿਆਦਾ ਵੱਧ ਗਏ। ਕਿਸਾਨ ਕਈ ਤਰ੍ਹਾਂ ਦੇ ਖਰਚਿਆਂ ਦੀਆਂ ਜ਼ੰਜੀਰਾਂ ਨਾਲ ਜਕੜਿਆ ਹੋਇਆ ਹੈ। ਕਿਸਾਨ ਖੇਤੀ ਲਈ ਉੱਤਮ ਬੀਜਾਂ, ਡੀਜ਼ਲ, ਰਸਾਇਣਾਂ, ਪੋਸ਼ਕ ਤੱਤਾਂ, ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ, ਨਦੀਨ ਨਾਸ਼ਕਾਂ ਤੋਂ ਇਲਾਵਾ ਲਈ ਤਰ੍ਹਾਂ ਦੀ ਮਹਿੰਗੀ ਮਸ਼ੀਨਰੀ ਜਿਵੇਂ ਟ੍ਰੈਕਟਰ, ਥਰੈਸ਼ਰ, ਕੰਬਾਈਨ ਆਦਿ ਦੀ ਵਰਤੋਂ ਕਰਦਾ ਹੈ ਕਹਿਣ ਦਾ ਭਾਵ ਹੈ ਕਿ ਕਿਸਾਨ ਇਹਨਾਂ ਖਰਚਿਆਂ ਕਾਰਨ ਕਰਜ਼ੇ ਦੇ ਵਿੱਚ ਜਕੜਿਆ ਜਾ ਰਿਹਾ ਅਤੇ ਇਸ ਕਰਜ਼ੇ ਦੇ ਵਿੱਚ ਸਾਲ ਦਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਕਿਸਾਨ ਮਜ਼ਬੂਤ ਨਹੀਂ ਸਗੋਂ ਆਰਥਿਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ। ਕਿਸਾਨ ਦੇ ਦੁਆ.ਲੇ ਲਪੇਟ ਹੋਈਆਂ ਖਰਚੇ ਅਤੇ ਕਰਜ਼ੇ ਦੀਆਂ ਜ਼ੰਜੀਰਾਂ ਨੂੰ ਕਾਰਪੋਰੇਟ ਸਿਸਟਮ ਵੱਲੋਂ ਸੁਝਾਏ ਖੇਤੀ ਢੰਗਾਂ ਨਾਲ ਕਦੇ ਵੀ ਨਹੀਂ ਤੋੜਿਆ ਜਾ ਸਕਦਾ ਹੈ।

ਸਵਾਲ: ਅੱਜ ਕੱਲ 99% ਕਿਸਾਨ ਘਾਟੇ ਦੀ ਖੇਤੀ ਕਰ ਰਹੇ ਹਨ, ਲਟੈਣਾਂ ਨੂੰ ਜੱਫੇ ਪਾ ਰਹੇ ਹਨ। ਕਿਸਾਨਾਂ ਵਿੱਚ ਆਤਮ ਹੱਤਿਆ ਦਾ ਰੁਝਾਨ ਬਹੁਤ ਵੱਧ ਗਿਆ ਹੈ ਉਹਨਾਂ ਦਾ ਸਮਾਜਿਕ ਰੁਤਬਾ ਘਟਿਆ ਹੈ, ਉਹ ਆਰਥਿਕ ਮੰਦਹਾਲੀ ਦਾ ਸ਼ਿਕਾਰ ਹਨ, ਮਾਨਸਿਕ ਤਨਾਅ ਹੰਢਾ ਰਹੇ ਹਨ। ਤੁਹਾਡੇ ਅਨੁਸਾਰ ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਕਿਵੇਂ ਬਾਹਰ ਕੱਢਿਆ ਜਾ ਸਕਦਾ ਹੈ?

ਜਵਾਬ : ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਬਾਹਰ ਕੱਢਣ ਦਾ ਇੱਕੋ - ਢੰਗ ਹੈ - ਭਗਵਾਨ ਦੀ ਰੱਖਿਆ ਲਈ ਖੇਤੀ ਸਤਿਸੰਗ ਸੁਣਿਆ ਜਾਵੇ।

ਭਗਵਾਨ ਭਾਵ ਭ+ਗ+ਵ+ਆ+ਨ, ਭੱਭਾ - ਭੂਮੀ ਭਾਵ ਮਿੱਟੀ, ਗੱਗਾ- ਗਗਨ ਭਾਵ ਆਕਾਸ਼, ਵਾਵਾ- ਵਾਯੂ ਭਾਵ ਹਵਾ, ਆ - ਆਗ ਭਾਵ ਅਗਨੀ, ਨੰਨਾ - ਨੀਰ ਭਾਵ ਪਾਣੀ ਦੀ ਰੱਖਿਆ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਖੇਤੀ ਮਾਡਲ ਨੂੰ ਅਮਲ ਵਿੱਚ ਲਿਆਂਦਾ ਜਾਵੇ। ਖੇਤੀ ਕਰਨ ਲਈ ਪੰਜ ਜੀਵਨਦਾਈ ਤੱਤਾਂ ਮਿੱਟੀ, ਹਵਾ, ਆਕਾਸ਼, ਅਗਨੀ ਅਤੇ ਪਾਣੀ ਦੀ ਸਹੀ ਢੰਗ ਨਾਲ ਵਰਤੋਂ ਦੀ ਜਾਂਚ ਸਿੱਖਣਾ ਹੀ ਖੇਤੀ ਸਤਿਸੰਗ ਦਾ ਉਦੇਸ਼ ਹੈ। ਅਸੀਂ ਇਸਨੂੰ ਕੁਦਰਤੀ ਖੇਤੀ ਜਾਂ ਜੈਵਿਕ ਖੇਤੀ ਦਾ ਨਾਂ ਦਿੰਦੇ ਹਾਂ। ਜੈਵਿਕ ਖੇਤੀ ਹੀ ਕਿਸਾਨਾਂ ਨੂੰ ਇਸ ਮਾਨਸਿਕ ਤ੍ਰਾਸਦੀ ਅਤੇ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਕੱਢਣ ਦਾ ਇੱਕੋ-ਇੱਕ ਹੱਲ ਹੈ।

ਸਵਾਲ : ਜੈਵਿਕ ਖੇਤੀ ਕੀ ਹੁੰਦੀ ਹੈ?

ਜਵਾਬ : ਜੈਵਿਕ ਖੇਤੀ ਮਾਹਰਾਂ ਦੁਆਰਾ ਸੁਝਾਇਆ ਗਿਆ ਖੇਤੀ ਕਰਨ ਦਾ ਢੰਗ ਹੈ ਜਿਹੜਾ ਕਿਸਾਨ ਦੀ ਆਰਥਿਕਤਾ ਮਜ਼ਬੂਤ ਕਰਨ, ਸਮਾਜ ਨੂੰ ਸਿਹਤਯਾਬ ਕਰਨ,ਸਾਡੇ ਕੁਦਰਤੀ ਸਾਧਨਾਂ ਨੂੰ ਬਚਾਉਣ ਲਈ ਬਹੁਤ ਲਾਹੇਵੰਦ ਹੈ। ਜੈਵਿਕ ਖੇਤੀ, ਕੁਦਰਤੀ ਸਿਸਟਮ ਅਨੁਸਾਰ ਖਾਦ ਤਿਆਰ ਕਰ ਕੇ ਜੀਵਨ ਦੇਣ ਵਾ.ਲੀ, ਜ਼ਹਿਰ ਮੁਕਤ ਖੇਤੀ ਉਤਪਾਦਨ ਕਰਨ ਦੀ ਵਿਧੀ ਹੈ। ਬਿਨਾਂ ਕਿਸੇ ਬਣਾਉਟੀ ਰਸਾਇਣ ਦੀ ਵਰਤੋਂ ਕੀਤਿਆਂ ਪੰਜ ਤੱਤਾਂ ਹਵਾ, ਪਾਣੀ, ਮਿੱਟੀ, ਅਗਨੀ, ਅਕਾਸ਼ ਦੀ ਸਹੀ ਢੰਗ ਨਾਲ ਵਰਤੋਂ ਕਰ ਕੇ ਪੈਦਾ ਕੀਤੀ ਜਾਣ ਵਾਲੀ ਉਪਜ ਨੂੰ ਜੈਵਿਕ ਖੇਤੀ ਕਹਿ ਸਕਦੇ ਹਾਂ।

ਸਵਾਲ: ਕੀ ਜੈਵਿਕ ਖੇਤੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਏ ਗਏ ਖੇਤੀ ਮਾਡਲ ਦਾ ਹੀ ਆਧੁਨਿਕ ਨਾਂ ਕਿਹਾ ਜਾ ਸਕਦਾ ਹੈ?

ਜਵਾਬ: ਜੀ ਬਿਲਕੁਲ, ਮੈਂ ਇਸ ਗੱਲ ਨਾਲ ਸਹਿਮਤ ਹਾਂ। ਸਾਡੀ ਸੰਸਥਾ ਵੱਲੋਂ ਦਿੱਤਾ ਗਿਆ ਨਾਅਰਾ "ਗੁਰਬਾਣੀ ਸੇਧਤ ਖੇਤੀ ਦੀ ਗੱਲ, ਕਰ ਦੇਵੇਗੀ ਸਾਰੇ ਮਸਲੇ ਹੱਲ" ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਗੁਰਬਾਣੀ ਜੀਵਨ ਦੇ ਹਰ ਪੱਖ ਦਾ, ਸਹੀ ਢੰਗ ਦੇ ਨਾ.ਲ ਜਵਾਬ ਦੇਣ ਦੇ ਸਮਰੱਥ ਹੈ ਅਤੇ ਤੁਸੀਂ ਵੀ ਉਸ ਵਿੱਚੋਂ ਗੱਲ ਲੈ ਕੇ ਇੱਕ ਗੱਲ ਤੋਰੀ ਹੈ। ਖੇਤੀ ਦਾ ਗੁਰੂ ਨਾਨਕ ਮਾਡਲ ਅੱਜ ਦੇ ਸਮੇਂ ਦਾ ਵੱਡਾ ਸੱਚ ਹੈ। ਗੁਰੂ ਨਾਨਕ ਸਾਹਿਬ ਦੀ ਸੋਚ ਨੂੰ ਸ਼ਤ-ਸ਼ਤ ਨਮਨ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਪਰ ਚੱਲ ਕੇ ਅਸੀਂ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਵਧੀਆ ਸਿਹਤਯਾਬ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਸਾਢੇ ਸਤਾਰਾਂ ਸਾਲ ਇਸ ਖੇਤੀ ਦੇ ਕਿੱਤੇ ਵਿੱਚ ਗੁਜ਼ਾਰੇ। ਉਹਨਾਂ ਇਹ ਗੱਲ ਸਮਝਾਈ ਕਿ ਖੇਤੀ ਤੋਂ ਬਿਨਾਂ ਸਾਡਾ ਜੀਵਨ ਚੱਲ ਨਹੀਂ ਸਕਦਾ ਅਤੇ ਸਾਨੂੰ ਖੇਤੀ ਦੇ ਕਿੱਤੇ ਵਿੱਚ ਜ਼ਰੂਰ ਕਾਰਜਸ਼ੀਲ ਹੋਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਬਿਨਾਂ ਸਾਡਾ ਸਮਾਜ ਚੱਲ ਨਹੀਂ ਸਕਦਾ। ਜ਼ਰੂਰਤ ਹੈ ਕਿ ਅਸੀਂ ਗੁਰਬਾਣੀ ਤੋਂ ਸੇਧ ਲੈ ਕੇ ਕਾਸ਼ਤਕਾਰੀ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਢਾਲੀਏ।

ਸਵਾਲ : ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਕਿਰਤ ਕਰਨ ,ਖੇਤੀ ਕਰਨ ਦੀ ਗੱਲ ਕੀਤੀ,ਉਹਨਾਂ ਖ਼ੁਦ ਹੱਥੀਂ ਕੁਦਰਤੀ ਖੇਤੀ ਜਿਸਨੂੰ ਆਪ ਜੈਵਿਕ ਖੇਤੀ ਕਹਿ ਰਹੇ ਹੋ, ਅਪਣਾਈ, ਪਰ ਹੁਣ ਕਿਸਾਨ ਹੱਥੀਂ ਖੇਤੀ ਕਰਨ ਦੀ ਥਾਂ ਤੇ ਜ਼ਮੀਨ ਠੇਕੇ ਤੇ ਦੇਣ ਨੂੰ ਤਰਜੀਹ ਦੇ ਰਿਹਾ ਹੈ? ਆਪ ਅਨੁਸਾਰ ਖੇਤੀ ਲਾਹੇਵੰਦ ਧੰਦਾ ਨਾ ਰਹਿਣ ਪਿੱਛੇ ਕੀ ਇਹ ਕਾਰਨ ਜ਼ਿੰਮੇਵਾਰ ਹੋ ਸਕਦਾ ਹੈ?

ਜਵਾਬ: ਗੁਰੂ ਨਾਨਕ ਸਾਹਿਬ ਵੱਲੋਂ "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਦਾ ਬਹੁਤ ਹੀ ਕਲਿਆਣਕਾਰੀ ਸਿੱਖੀ ਸਿਧਾਂਤ ਦਿੱਤਾ ਗਿਆ ਹੈ। ਹਰ ਇੱਕ ਨੂੰ ਕਿਰਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਠੇਕੇ 'ਤੇ ਜ਼ਮੀਨ ਦੇ ਦੇਣਾ, ਆਪ ਕਾਸ਼ਤਕਾਰੀ ਨਾ ਕਰਨਾ, ਠੇਕਾ ਲੈ ਲੈਣਾ ਇਹ ਵੀ "ਗਰੀਡ ਰੈਵੋਲਿਊਸ਼ਨ" ਦੀ ਹੀ ਦੇਣ ਹੈ, ਜਿਹੜੀ ਵੱਧ ਤੋਂ ਵੱਧ ਉਤਪਾਦਨ ਲੈਣ ਲਈ ਨੈਤਿਕ ਅਤੇ ਅਨੈਤਿਕ ਹਰ ਤਰ੍ਹਾਂ ਦੇ ਤਰੀਕੇ ਵਰਤਣ ਨੂੰ ਉਤਸ਼ਾਹਿਤ ਕਰਦੀ ਹੈ। ਨਤੀਜੇ ਵਜੋਂ ਸਾਡਾ ਸਾਰਾ ਇੱਕੋ ਸਿਸਟਮ ਖਰਾਬ ਹੋ ਰਿਹਾ ਹੈ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਗਿਆ ਹੈ। ਇਸ ਪ੍ਰਦੂਸ਼ਿਤ ਵਾਤਾਵਰਨ ਵਿੱਚੋਂ ਜਿਹੜੀ ਉਪਜ ਪੈਦਾ ਹੋ ਰਹੀ ਹੈ, ਉਹ ਜ਼ਹਿਰ ਯੁਕਤ ਪੈਦਾ ਹੋ ਰਹੀ ਹੈ। ਜਦੋਂ ਅਸੀਂ ਕੁਦਰਤ ਦੇ ਅਸੂਲਾਂ ਤੋਂ ਹਟ ਕੇ ਜੀਵਨ ਚਲਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹਦੇ ਵਿੱਚ ਸਾਨੂੰ ਬਹੁਤ ਵੱਡੀਆਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਆਉਣਗੀਆਂ ਅਤੇ ਆ ਵੀ ਰਹੀਆਂ ਹਨ।

ਸਵਾਲ: ਰਸਾਇਣਿਕ ਖੇਤੀ ਅਤੇ ਜੈਵਿਕ ਖੇਤੀ ਦੀ ਸੰਖੇਪ ਵਿੱਚ ਆਪ ਤੁਲਨਾ ਕਿਵੇਂ ਕਰਦੇ ਹੋ?

ਜਵਾਬ: ਦਰਅਸਲ ਹੁਣ ਵੱਡੇ ਕਾਰਪੋਰੇਟ ਘਰਾਣੇ, ਵਪਾਰੀ ਵਰਗ ਇਹ ਚਾਹੁੰਦਾ ਹੈ ਕਿ ਉਹ ਰਸਾਇਣਿਕ ਖੇਤੀ ਉਪਜਾਂ ਦਾ ਬਦਲ ਜੈਵਿਕ ਖੇਤੀ ਉਤਪਾਦਾਂ ਵਜੋਂ ਪੇਸ਼ ਕਰੇ। ਪ੍ਰੰਤੂ ਕਿਸਾਨਾਂ ਨੂੰ ਇਸ ਤੋਂ ਵੀ ਅੱਗੇ ਦੀ ਸੋਚ ਅਪਣਾਉਣ ਦੀ ਜ਼ਰੂਰਤ ਹੈ ,ਉਹ ਸੋਚ ਹੈ - ਖੇਤੀ ਦਾ ਕੁਦਰਤੀਕਰਨ। ਕੁਦਰਤ ਨੇ ਜਿਸ ਢੰਗ ਨਾਲ ਜੀਵਨ ਨੂੰ ਬਣਾਇਆ ਅਤੇ ਚਲਾਇਆ ਹੈ ਉਹਨਾਂ ਅਸੂਲਾਂ ਨੂੰ ਸਮਝ ਕੇ ਭਾਵ ਜੀਵਨਦਾਈ ਪੰਜ ਤੱਤਾਂ ਦਾ ਸਹੀ ਨਿਆਂਪੂਰਨ ਪ੍ਰਬੰਧਨ ਕਰ ਕੇ, ਕੁਦਰਤ ਦੇ ਵਿਕਸਤ ਕੀਤੇ ਸਿਸਟਮ ਨੂੰ ਸਮਝ ਕੇ, ਇਹਨਾਂ ਨੂੰ ਸਾਂਭਣ ਲਈ ਕਾਰਗ਼ਰ ਪ੍ਰਬੰਧ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਕਰਨ ਨਾ.ਲ ਕਿਸਾਨਾਂ ਦਾ ਖੇਤੀ ਉੱਪਰ ਹੋਣ ਵਾਲਾ ਖਰਚਾ ਘਟੇਗਾ, ਖੇਤੀ ਲਾਹੇਵੰਦ ਧੰਦਾ ਬਣ ਜਾਵੇਗੀ, ਸਾਡਾ ਭੋਜਨ ਵੀ ਜ਼ਹਿਰ ਮੁਕਤ ਹੋਵੇਗਾ, ਸਾਡਾ ਸਮਾਜ ਖ਼ੁਸ਼ਹਾਲ ਅਤੇ ਤੰਦਰੁਸਤ ਹੋਵੇਗਾ। ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਬੰਦ ਕਰ ਦੇਣ ਨਾਲ ਕੋਈ ਨੁਕਸਾਨ ਨਹੀਂ ਹੋਵੇਗਾ। ਰਸਾਇਣਿਕ ਖੇਤੀ ਵਿੱਚੋਂ ਰਸਾਇਣ ਕੱਢਣ ਨਾਲ ਵੀ ਖੇਤੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਉਹ ਖੇਤੀ ਹੀ ਰਹਿੰਦੀ ਹੈ, ਜੰਗਲ ਇਸ ਦੀ ਸਪੱਸ਼ਟ ਉਦਾਹਰਨ ਹਨ। ਪਰ ਕੁਦਰਤੀ ਖੇਤੀ ਵਿੱਚੋਂ ਕੁਦਰਤ ਕੱਢ ਦੇਣ ਨਾਲ ਬਾਕੀ ਕੁਝ ਵੀ ਨਹੀਂ ਬਚਦਾ ਰਸਾਇਣਿਕ ਖੇਤੀ ਵਿੱਚੋਂ ਵੀ ਕੁਦਰਤ ਨੂੰ ਬਾਹਰ ਨਹੀਂ ਕੱਢਿਆ ਜਾ ਸਕਦਾ। ਖੇਤੀ ਆਪਣੇ ਆਪ ਵਿੱਚ ਹੀ ਕੁਦਰਤੀ ਹੈ ਇਸ ਨੂੰ ਕੁਦਰਤੀ ਖੇਤੀ ਕਹਿਣਾ ਵੀ ਗ਼ੈਰ ਜ਼ਰੂਰੀ ਹੀ ਹੈ। ਖੇਤੀ ਦਾ ਕੁਦਰਤੀਕਰਨ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਇਸ ਲੋੜ ਨੂੰ ਸਮਝ ਕੇ ਹੀ ਅਸੀਂ ਖੇਤੀ ਕਿੱਤੇ ਨੂੰ ਪਵਿੱਤਰ, ਉੱਤਮ ਅਤੇ ਲਾਹੇਵੰਦ ਬਣਾ ਸਕਦੇ ਹਾਂ।

**ਮੁਲਾਕਾਤੀ- ਗੁਰਮੀਤ ਸਿੰਘ ਪਲਾਹੀ,**
**ਕਮਲੇਸ਼ ਸੰਧੂ, ਹਰਜਿੰਦਰ ਨਿਆਣਾ**

# ਮਾਪਿਆਂ ਦੇ ਵਿਆਹ ਦੀ ਵਰੇਗੰਢ ਪਿੰਡ ਬਿੰਬੜ੍ਹ ਵਿੱਚ ਦੋ ਤ੍ਰਿਵੈਣੀਆਂ ਲਾ ਕੇ ਮਨਾਈ

**ਭਵਾਨੀਗੜ੍ਹ-** ਇੱਥੋਂ ਨੇੜਲੇ ਪਿੰਡ ਬੀਂਬੜ ਦੇ ਜੰਮਪਲ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਵਿਚ ਬਤੌਰ ਐਸ ਡੀ ਸੇਵਾਵਾਂ ਨਿਭਾ ਰਹੇ ਲੇਖਕ ਅਤੇ ਸ਼ਾਇਰ ਇੰਜੀ।ਸਤਨਾਮ ਸਿੰਘ ਮੱਟੂ ਅਤੇ ਭਾਰਤੀ ਫੌਜ ਵਿੱਚ ਸੇਵਾਵਾਂ ਨਿਭਾ ਰਹੇ ਕਸ਼ਮੀਰ ਸਿੰਘ ਸੂਬੇਦਾਰ ਮੇਜਰ ਨੇ ਆਪਣੇ ਮਾਪਿਆਂ ਦੇ ਵਿਆਹ ਦੀ ਵਰੇਗੰਢ ਦਾ ਦਿਨ ਪਿੰਡ ਵਿੱਚ ਬੀਂਬੜ੍ਹ-ਘਨੁੜਕੀ ਸੜਕ ਤੇ ਸੂਏ ਦੇ ਪੁਲ ਕੋਲ ਦੋ ਤ੍ਰਿਵੈਣੀਆਂ (ਪਿੱਪਲ, ਬੋਹੜ ਅਤੇ ਨਿੰਮ) ਆਪਣੀਆਂ ਮਾਤਾਵਾਂ ਬਲਵੀਰ ਕੌਰ ਅਤੇ ਸੁਰਜੀਤ ਕੌਰ ਦੇ ਹੱਥੋਂ ਲਗਵਾ ਕੇ ਮਨਾਇਆ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆਂ ਉਹਨਾਂ ਦੱਸਿਆ ਕਿ ਮਾਪਿਆਂ ਨੂੰ ਜਿਉਂਦਾ ਰੱਖਣ ਅਤੇ ਵਾਤਾਵਰਨ ਵਿੱਚ ਵਧਦੀ ਤਪਸ਼ ਨੂੰ ਘਟਾਉਣ ਲਈ ਅਜਿਹੇ ਉਪਰਾਲਿਆਂ ਦੀ ਸਖ਼ਤ ਲੋੜ ਹੈ।



ਉਹਨਾਂ ਕਿਹਾ ਕਿ ਬੂਟੇ ਲਗਾ ਦੇਣਾ ਹੀ ਕਾਫੀ ਨਹੀਂ ਹੈ, ਉਹਨਾਂ ਦੀ ਸਾਂਭ ਸੰਭਾਲ ਕਰਕੇ ਪਾਲਣਾ ਵੀ ਅਤਿ ਜ਼ਰੂਰੀ ਹੈ,ਇਸਦੇ ਲਈ ਬੂਟਿਆਂ ਦੁਆਲੇ ਟ੍ਰੀ-ਗਾਰਡ ਲਗਾਏ ਗਏ ਹਨ ਅਤੇ ਉਹਨਾਂ ਬੂਟਿਆਂ ਨੂੰ ਪਾਲਣ ਲਈ ਪਿੰਡ ਵਾਸੀ ਨੂੰ ਜੁੰਮੇਵਾਰੀ ਦੇ ਕੇ ਇੱਕ ਸਾਲ ਲਈ ਹਜ਼ਾਰ ਰੁਪਏ ਪ੍ਰਤੀ ਮਹੀਨਾ ਮਿਹਨਤਾਨਾ ਦੇਣ ਦਾ ਐਲਾਨ ਵੀ ਕੀਤਾ ਹੈ।ਇਸ ਸਮੇਂ ਹੋਰਨਾਂ ਤੋਂ ਇਲਾਵਾ ਕਸ਼ਮੀਰ ਸਿੰਘ ਸੂਬੇਦਾਰ ਮੇਜਰ, ਮਾਤਾ ਸੁਰਜੀਤ ਕੌਰ, ਮਾਤਾ ਬਲਵੀਰ ਕੌਰ, ਬਲਵਿੰਦਰ ਸਿੰਘ ਸਹਾਇਕ ਠਾਣੇਦਾਰ, ਗੁਰਪ੍ਰੀਤ ਸਿੰਘ ਸਰਪੰਚ, ਨਿਰਮਲ ਸਿੰਘ ਸੰਧੂ, ਕੋਮਲਪ੍ਰੀਤ ਸਿੰਘ ਸਹਾਇਕ ਲਾਇਨ ਮੈਨ, ਕੁਲਵੰਤ ਸਿੰਘ ਫਾਇਰ ਅਫ਼ਸਰ ਅਤੇ ਪਿੰਡ ਦੇ ਪਤਵੰਤੇ ਹਾਜਰ ਸਨ।

### ਪ੍ਰੋ. ਸੰਧੂ ਵਰਿਆਣਵੀ ਦੇ ਜਨਮ ਦਿਨ 'ਤੇ

# ਇਕ ਚੱਲਦੀ ਫਿਰਦੀ ਸੰਸਥਾ, ਗਿਆਨ ਦਾ ਅਸੀਮ ਸੋਮਾ, ਗੁਣਾਂ ਦਾ ਖ਼ਜ਼ਾਨਾ ਹੈ ਪ੍ਰੋ. ਸੰਧੂ ਵਰਿਆਣਵੀ

ਮੈਂ ਸਿਰਫ਼ ਮੂੰਹੋਂ ਹੀ ਉਨ੍ਹਾਂ ਨੂੰ ਭਾਅ ਜੀ ਨਹੀਂ ਕਹਿੰਦਾ ਬਲਕਿ ਦਿਲੋਂ ਵੀ ਉਨ੍ਹਾਂ ਨੂੰ ਵੱਡਾ ਭਰਾ ਮੰਨਦਾ ਹਾਂ ਤੇ ਬੇਹੱਦ ਸਤਿਕਾਰ ਕਰਦਾ ਹਾਂ। ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਉਨ੍ਹਾਂ ਕੋਲੋਂ ਬੜਾ ਕੁਝ ਸਿੱਖਣ ਨੂੰ ਮਿ਼ਲਦਾ ਹੈ। ਇਕ ਲੰਬੇ ਸੰਘਰਸ਼ ਦਾ ਨਾਮ ਹੈ ਪ੍ਰੋ. ਸੰਧੂ ਵਰਿਆਣਵੀ। ਕਈ ਵਰ੍ਹੇ ਪਹਿਲਾਂ ਉਨ੍ਹਾਂ ਨੇ ਜਦ ਕਵਿਤਾ ਸੂਰਮੇ ਲਿਖੀ ਤਾਂ ਵੇ਼ਲੇ ਦੇ ਗਰਮ ਖ਼ਿਆਲੀਆਂ ਅਤੇ ਵਿਵਸਥਾ ਬਣਾਈ ਰੱਖਣ ਦੇ ਦਾਅਵੇਦਾਰਾਂ ਦੀ ਨਜ਼ਰ ਵਿਚ ਉਹ ਬੁਰੀ ਤਰ੍ਹਾਂ ਚੜ੍ਹ ਗਿਆ। ਗਰਮਦਲੀਏ ਤਾਂ ਉਸ ਨੂੰ ਚੁੱਕ ਕੇ ਅਗਿਆਤ ਸਥਾਨ 'ਤੇ ਵੀ ਲੈ ਗਏ ਪਰ ਜਦ ਉਨ੍ਹਾਂ ਦੇ ਮੁਖੀ ਨਾ਼ਲ ਗੱਲਬਾਤ ਹੋਈ ਤਾਂ ਸੰਧੂ ਦਾ ਪ੍ਰਸ਼ਨ ਸੀ,'ਕੀ ਤੁਸੀਂ ਪਾਸ਼ ਨੂੰ ਮਾਰ ਕੇ ਸਮਝਦੇ ਹੋ ਕਿ ਉਹ ਮਰ ਗਿਐ?

ਉਨ੍ਹਾਂ ਦੇ ਮੁਖੀ ਨੇ ਉਸੇ ਵੇ਼ਲੇ ਆਪਣੇ ਬੰਦਿਆਂ ਨੂੰ ਕਿਹਾ ਕਿ ਸੰਧੂ ਨੂੰ ਬਾਇੱਜਤ ਉਸ ਦੇ ਘਰ ਛੱਡ ਕੇ ਆਵੋ।

ਉਹ ਅੱਜ ਤੱਕ ਬਿਨਾਂ ਡੋਲੇ ਬਿਨਾਂ ਘਾਬਰੇ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨਾ ਅਪਣਾ ਫ਼ਰਜ਼ ਸਮਝਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ।)ਦਾ ਜਨ ਸਕੱਤਰ ਹੈ, ਮੌਜੂਦਾ ਸਮੇਂ ਵੀ ਪੰਜਾਬੀ ਭਾਸ਼ਾ, ਜ਼ੁਬਾਨ, ਸਾਹਿਤ ਲਈ ਸਰਕਾਰਾਂ ਨਾ਼ਲ ਆਢਾ ਲਾਈ ਰੱਖਦਾ ਹੈ। ਗਹਿਰ-ਗੰਭੀਰ ਮੁੱਦਿਆਂ 'ਤੇ ਬੜੀ ਅਸਾਨੀ ਨਾ਼ਲ ਆਪਣੀ ਗੱਲ ਕਹਿਣ ਦਾ ਹੁਨਰ ਉਸ ਨੂੰ ਆਉਂਦਾ ਹੈ। ਸਮਿਆਂ ਨੇ ਉਸ 'ਤੇ ਬੜੇ ਝੱਖੜ ਝੁਲਾਏ ਪਰ ਉਸ ਨੇ ਹਾਰ ਕੇ ਵੀ ਕਦੇ ਹਾਰ ਨਹੀਂ ਮੰਨੀ ਤੇ ਹਰ ਵਾਰ ਜੇਤੂ ਯੋਧਾ ਹੋ ਕੇ ਸਾਹਮਣੇ ਆਇਆ।ਉਸ ਦੀ ਕਵਿਤਾ ਲੋਕਾਂ ਨੂੰ ਸੰਬੋਧਨੀ ਕਵਿਤਾ ਹੈ। ਉਹ ਆਪਣੀ ਕਵਿਤਾ ਰਾਹੀਂ ਲੋਕ ਮਸਲੇ ਉਭਾਰਦਾ ਹੀ ਨਹੀਂ ਸਗੋਂ ਉਨ੍ਹਾਂ ਦੇ ਹੱਲ ਵੱਲ ਵੀ ਇਸ਼ਾਰਾ ਕਰਦਾ ਹੈ। ਸਮਾਜ ਵਿਚ ਆਈ ਰਾਜਨੀਤਿਕ, ਸਮਾਜਿਕ ਤੇ ਸੱਭਿਆਚਾਰਕ ਗਿਰਾਵਟ ਪ੍ਰਤੀ ਉਹ ਹਮੇਸ਼ਾਂ ਚਿੰਤਾ ਜਤਾਉਂਦਾ ਹੈ।ਵੱਧ ਰਹੇ ਧਾਰਮਿਕ ਪਾਖੰਡਵਾਦ, ਅਡੰਬਰਾਂ ਪ੍ਰਤੀ ਉਹ ਖੁੱਲ੍ਹ ਕੇ ਲਿਖਦਾ ਹੈ।

ਧਰਮ, ਮਜ਼੍ਹਬ, ਕੌਮ, ਦੀਨ ਤੇ ਭਾਸ਼ਾਵਾਂ ਦੇ ਨਾਮ ਤੇ ਉਲਝਦੇ ਮਨੁੱਖ ਉਸ ਨੂੰ ਰਤਾ ਵੀ ਚੰਗੇ ਨਹੀਂ ਲੱਗਦੇ। ਉਸ ਨੂੰ ਇਸ ਗੱਲ ਦਾ ਡਾਹਢਾ ਦੁੱਖ ਹੈ ਕਿ ਅੱਜ-ਕੱਲ੍ਹ ਬਹੁਤੀਆਂ ਸਾਹਿਤ ਸਭਾਵਾਂ ਸਾਹਿਤ ਬਾਰੇ ਗੰਭੀਰਤਾ ਨਾ਼ਲ ਕੋਈ ਗੱਲ ਵਿਚਾਰਨ ਦੀ ਜਗ੍ਹਾ ਰਸਮੀਂ ਪ੍ਰੋਗਰਾਮ ਕਰਵਾਉਣ ਤੀਕ ਸੀਮਤ ਹੋ ਰਹੀਆਂ ਹਨ ਅਤੇ ਆਪਣੇ ਅਸਲ ਮਕਸਦ ਤੋਂ ਭਟਕ ਰਹੀਆਂ ਹਨ।

ਸੰਧੂ ਵਰਿਆਣਵੀ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ #ਵਰਿਆਣਾ ( ਜਲੰਧਰ ਤੋਂ ਕਪੂਰਥਲਾ ਰੋਡ) ਵਿਖੇ 24 ਜੂਨ 1954 ਨੂੰ ਪਿਤਾ ਸ਼੍ਰੀ ਗੁਰਬਚਨ ਦਾਸ ਅਤੇ ਮਾਤਾ ਸ਼੍ਰੀਮਤੀ #ਜੀਤੋ ਦੇ ਘਰ ਹੋਇਆ। ਹਾਲਾਂਕਿ ਉਸ ਦਾ ਸਰਕਾਰੀ ਕਾ਼ਗਜ਼ਾਂ ਵਿੱਚ ਜਨਮ 5 ਜੁਲਾਈ 1954 ਦਾ ਹੈ।ਮਾਪਿਆਂ ਨੇ ਨਾਮ ਰੱਖਿਆ ਸੀ ਸਤਵਿੰਦਰਜੀਤ ਸਿੰਘ, ਅੱਗੋਂ ਚੱਲ ਕੇ ਉਸ ਨੇ ਆਪਣਾ ਸਾਹਤਿਕ ਨਾਮ ਸੰਧੂ ਵਰਿਆਣਵੀ ਕਰ ਲਿਆ।

ਮੁੱਢਲੀ ਪੜ੍ਹਾਈ ਪਿੰਡ ਵਰਿਆਣਾ ਦੇ ਹੀ ਪ੍ਰਾਇਮਰੀ ਸਕੂਲ ਤੋਂ ਕੀਤੀ ਤਾਂ ਦਸਵੀਂ ਮਿੰਟਗੁਮਰੀ ਸਕੂਲ ਜਲੰਧਰ ਤੋਂ ਕੀਤੀ। ਪਿਤਾ ਜੀ ਇਕ ਵਪਾਰੀ ਸਨ ਇਸ ਲਈ ਦਸਵੀਂ ਕਰਨ ਉਪਰੰਤ ਪਿਤਾ ਜੀ ਨਾ਼ਲ ਵਪਾਰ ਵਿੱਚ ਹੱਥ ਵਟਾਉਣ ਲੱਗਾ ਪਰ ਇਕ ਵਾਰ ਵਪਾਰ ਵਿੱਚ ਵੱਡਾ ਘਾਟਾ ਪੈ ਗਿਆ ਤਾਂ ਪਿਤਾ ਨੇ ਸਾਰਾ ਦੋਸ਼ ਸੰਧੂ ਸਿਰ ਹੀ ਮੜ੍ਹ ਦਿੱਤਾ। ਪਿਤਾ ਨਾ਼ਲ ਜਿਆਦਾ ਹੀ ਅਣਬਣ ਹੋ ਗਈ ਤਾਂ ਆਪਣੀ ਮਾਂ ਕੋਲੋਂ 20 ਰੁਪਈਏ ਫੜ ਪਿੰਡ ਦੀ ਜੂਹ, ਘਰ ਦਾ ਬੂਹਾ ਹਮੇਸ਼ਾਂ ਲਈ ਤਿਆਗ ਦਿੱਤਾ। ਫੇਰ ਸ਼ੁਰੂ ਹੋਈ ਉਸ ਦੀ ਜ਼ਿੰਦਗੀ ਦੇ ਸੰਘਰਸ਼ ਦੀ ਅਸਲ ਕਹਾਣੀ। ਪਹਿਲਾਂ ਪਹਿਲ ਕਾਰਖਾਨਿਆਂ ਵਿੱਚ ਮੋਢਿਆਂ 'ਤੇ ਭਾਰ ਢੋਇਆ ਅਤੇ ਖ਼ੂਬ ਮਿਹਨਤ ਕਰਦਿਆਂ ਨਾ਼ਲੋ-ਨਾ਼ਲ ਨੌਕਰੀ ਦੀ ਭਾ਼ਲ ਵੀ ਜਾਰੀ ਰੱਖੀ। ਇਸੇ ਸਮੇਂ ਢਾਹਾਂ ਕਲੇਰਾਂ ਦੇ ਮਿੱਡਲ ਸਕੂਲ ਵਿੱਚ ਦਰਜ਼ਾ ਚਾਰ ਦੀ ਨੌਕਰੀ ਮਿ਼ਲ ਗਈ। ਸਕੂਲ ਦੇ ਹੈਡਮਾਸਟਰ ਦੀ ਪ੍ਰੇਰਨਾ ਸਦਕਾ 1977 ਵਿੱਚ ਗਿਆਨੀ ਪਾਸ ਕੀਤੀ ਤੇ 1978 'ਚ .ਟੀ. ਏਸੇ ਵਰ੍ਹੇ ਜਲੰਧਰ ਦੀ ਤਹਿਸੀਲ ਫਿਲੌਰ ਦੇ ਪਿੰਡ ਦਿਆਲਪੁਰ ਦੇ ਸਰਕਾਰੀ ਹਾਈ ਸਕੂਲ ਵਿੱਚ ਅਧਿਆਪਕ ਵਜੋਂ ਨੌਕਰੀ ਮਿ਼ਲ ਗਈ ਤਾਂ ਉਸ ਨੇ ਪੱਕਾ ਵਸੇਰਾ ਥੇ ਹੀ ਕਰ ਲਿਆ। 1979 'ਚ ਬਿਮਲਾ ਦੇਵੀ ਨਾ਼ਲ ਵਿਆਹ ਹੋ ਗਿਆ ਤਾਂ ਘਰ ਵਿੱਚ ਪ੍ਰਭਦੀਪ ਕੌਰ ਬੇਟੀ ਨੇ ਜਨਮ ਲਿਆ। ਸੰਧੂ ਖ਼ੁਸ਼ੀ ਵਿੱਚ ਖ਼ੁਦ ਹੀ ਖੁਸਰਿਆਂ ਦੇ ਡੇਰੇ ਜਾ ਪਹੁੰਚਾ ਤੇ ਕਹਿੰਦਾ ਕਿ ਸਾਡੇ ਘਰ ਨੱਚਣ ਕਿਉਂ ਨਹੀਂ ਆਏ?

ਇਸ ਤਰ੍ਹਾਂ ਉਸ ਨੇ ਬੇਟੀ ਦੇ ਜਨਮ ਮੌਕੇ ਆਪਣੇ ਘਰ ਵਿੱਚ ਖੁਸਰੇ ਵੀ ਨਚਾਏ ਅਤੇ ਵੱਡਾ 'ਕੱਠ ਕਰ ਕੇ ਬੇਟੀ ਦੀ ਲੋਹੜੀ ਵੀ ਪਾਈ। ਪ੍ਰਭਦੀਪ ਉਸ ਦੀ ਇੱਕੋ ਇੱਕ ਧੀ (ਸੰਤਾਨ)ਹੈ। ਦਿਆਲਪੁਰ ਵਿਖੇ ਪੜ੍ਹਾਉਂਦਿਆਂ ਹੀ ਉਸ ਦੀ ਲਗਨ ਸਾਹਿਤ ਨਾ਼ਲ ਹੋਰ ਵੀ ਪਕੇਰੀ ਹੁੰਦੀ ਗਈ। ਉਸ ਦੀ ਪਤਨੀ ਬਿਮਲਾ ਦੇਵੀ ਨੇ ਹਰ ਦੁੱਖ ਸੁਖ ਵਿੱਚ ਉਸ ਦਾ ਬਹੁਤ ਸਾਥ ਦਿੱਤਾ ਤੇ ਉਸ ਨੂੰ ਹੋਰ ਪੜ੍ਹਨ ਲਈ ਵੀ ਪ੍ਰੇਰਿਆ। ਦਿਆਲਪੁਰ ਵਿਖੇ ਪੜ੍ਹਾਉਂਦਿਆਂ ਹੀ ਉਸ ਨੇ ਪ੍ਰਾਈਵੇਟ ਤੌਰ 'ਤੇ 1984 ਵਿੱਚ ਬੀ.ਏ. ਅਤੇ 1986 ਵਿੱਚ ਐਮ.ਏ. ਪੰਜਾਬੀ ਵੀ ਕਰ ਲਈ।

ਇਸ ਤਰ੍ਹਾਂ ਉਸ ਨੂੰ ਲੰਮੇ ਸੰਘਰਸ਼ ਦਾ ਫ਼.ਲ ਮਿ਼ਲਿਆ ਤੇ ਉਸ ਦੀ ਪੋਜੇਵਾਲ ਕਾਲਜ ਜਿਲ੍ਹਾ ਹੁਸ਼ਿਆਰਪੁਰ (ਹੁਣ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ)ਵਿੱਚ ਬਤੌਰ ਪ੍ਰੋਫ਼ੈਸਰ ਨਿਯੁਕਤੀ ਹੋ ਗਈ।

ਵਕ਼ਤ ਆਪਣੀ ਚਾਲੇ ਅੱਗੇ ਵਧਦਾ ਗਿਆ ਤਾਂ ਇੱਕ ਦਿਨ ਸੰਧੂ ਦੀ ਮਾਂ ਕਹਿੰਦੀ ਕਿ ਤੇਰੀ ਇੱਕੋ-ਇੱਕ ਧੀ ਹੈ, ਵੰਸ਼ ਕਿਵੇਂ ਅੱਗੇ ਵਧੇਗਾ?

ਤੂੰ ਹੋਰ ਵਿਆਹ ਕਰਵਾ ਲੈ, ਪਰ ਸੰਧੂ ਨੇ ਸਾਫ਼ ਮਨਾ ਕਰ ਦਿੱਤਾ ਤਾਂ ਮਾਂ ਨਾ਼ਲ ਵਿਗਾੜ ਇਸ ਕਦਰ ਪੈ ਗਿਆ ਕੇ ਇਸ ਦੀ ਮਾਂ ਨੇ ਗੁੱਸੇ ਵਿਚ ਕਹਿ ਦਿੱਤਾ 'ਤੂੰ ਮੇਰੀ ਮਰੀ ਤੇ ਵੀ ਮੈਨੂੰ ਛੋਹਵੀਂ ਨਾ।' ਸੰਧੂ ਨੇ ਮਾਂ ਦੀ ਆਖੀ ਇਹ ਗੱਲ ਨਿਭਾਈ ਵੀ। ਜਦ ਉਸ ਦੀ ਮਾਂ ਨੇ ਸਰੀਰ ਤਿਆਗਿਆ ਤਾਂ ਘਰ ਦਾ ਵੱਡਾ ਪੁੱਤਰ ਹੋਣ ਕਾਰਨ ਕੱਠੇ ਹੋਏ ਪਿੰਡ ਵਾਸੀ ਅਤੇ ਹੋਰ ਰਿਸ਼ਤੇਦਾਰ, ਲੋਕ ਸੰਧੂ ਨੂੰ ਹੀ ਸਾਰੇ ਰਸਮੋਂ ਰਿਵਾਜ਼ ਕਰਨ ਨੂੰ ਕਹਿਣ। ਸੰਧੂ ਨੇ ਮਾਂ ਦੇ ਸਰੀਰ ਨੂੰ ਅਗਨੀ ਤਾਂ ਜ਼ਰੂਰ ਦਿੱਤੀ ਪਰ ਉਸ ਨੂੰ ਛੂਹਿਆ ਬਿਲਕੁਲ ਨਹੀਂ।

ਸੰਧੂ ਦਾ ਮੁੱਢਲਾ ਝੁਕਾ ਤਾਂ ਕਹਾਣੀ ਵੱਲ ਰਿਹਾ ਹੈ ਅਤੇ ਉਸ ਨੇ ਪਹਿਲਾਂ ਪਹਿਲ 10-15 ਕਹਾਣੀਆਂ ਲਿਖੀਆਂ



ਵੀ ਜੋ ਅਲਗ ਅਲਗ ਪਰਚਿਆਂ ਵਿੱਚ ਛਪੀਆਂ ਵੀ ਪਰ ਹੌਲੀ-ਹੌਲੀ ਸਮੇਂ ਦਾ ਸੱਚ ਕਵਿਤਾ ਰਾਹੀਂ ਬਿਆਨ ਕਰਨਾ ਉਸ ਦਾ ਜਨੂਨ ਬਣ ਗਿਆ। ਐਮ.ਫਿਲ. ਕਰਦਿਆਂ ਉਹ ਆਲੋਚਨਾ ਕਾਰਜ ਨਾ਼ਲ ਜੁੜ ਗਿਆ ਅਤੇ ਹੁਣ ਤੀਕ ਉਹ ਵੱਖ-ਵੱਖ ਅਖ਼ਬਾਰਾਂ ਵਿਚ ਇਕ ਹਜ਼ਾਰ ਤੋਂ ਵੱਧ ਪੁਸਤਕਾਂ ਦੇ ਰੀਵਿਊ ਕਰ ਚੁੱਕਾ ਹੈ। ਮਾਰਕਸਵਾਦੀ ਨਜ਼ਰੀਏ ਤੋਂ ਪ੍ਰਭਾਵਿਤ ਸੰਧੂ ਕਿਸੇ ਖ਼ਾਸ ਕਿਸਮ ਦੀ ਵਿਚਾਰਧਾਰਾ ਦਾ ਪਿੱਛਲੱਗੂ ਕਦੇ ਨਹੀ ਬਣਿਆ। ਹਰ ਧਰਮ ਦਾ ਸਤਿਕਾਰ ਕਰਨ ਵਾ਼ਲਾ ਸੰਧੂ ਮਾਨਵਤਾ ਧਰਮ ਨੂੰ ਸਭ ਤੋਂ ਉੱਪਰ ਰੱਖਦਾ ਹੈ। ਸੂਫ਼ੀਵਾਦ ਦਾ ਅਸਰ ਉਸ ਦੀਆਂ ਗੱਲਾਂ ਵਿਚ ਵੀ ਝਲਕਦਾ ਹੈ ਤੇ ਲੇਖਣੀ ਵਿਚ ਵੀ। ਹਾਸ਼ੀਏ ਤੇ ਧੱਕੇ ਗ਼ਰੀਬ, ਲਿਤਾੜੇ, ਨਿਮਾਣਿਆਂ ਲਈ ਉਸ ਦੇ ਅੰਦਰ ਅੰਤਾਂ ਦੀ ਹਮਦਰਦੀ ਹੈ, ਪਿਆਰ ਹੈ, ਆਪਣਾਪਨ ਹੈ।ਉਸ ਦਾ ਮੰਨਣਾ ਹੈ ਕਿ ਕਦੇ ਵੀ ਕੋਈ ਫ਼ਿਲਾਸਫੀ ਗ਼ੈਰ ਮਹ-ਤਵਪੂਰਨ ਨਹੀਂ ਹੁੰਦੀ ਬਸ਼ਰਤੇ ਉਸ ਦੇ ਸਿਧਾਂਤ ਅਤੇ ਵਿਹਾਰ 'ਚ ਕੋਈ ਫ਼ਰਕ ਨਾ ਹੋਵੇ।

ਪੋਜੇਵਾਲ ਕਾਲਜ ਵਿਖੇ ਪੜ੍ਹਾਉਂਦਿਆਂ ਉਸ ਨੇ ਪਿੰਡ ਦਿਆਲਪੁਰ ਛੱਡ ਪੱਕਾ ਟਿਕਾਣਾ ਜਿਲ੍ਹਾ ਹੁਸ਼ਿਆਰਪੁਰ ਦੇ ਪਹਾੜਾਂ ਦੀ ਗੋਦ ਵਿੱਚ ਵਸੇ ਸ਼ਹਿਰ ਗੜ੍ਹਸ਼ੰਕਰ ਵਿਖੇ ਕਰ ਲਿਆ। ਇਕ ਵਾਰ ਪਰਿਵਾਰ ਘਰੋਂ ਬਾਹਰ ਕਿਤੇ ਗਿਆ ਹੋਇਆ ਸੀ ਤਾਂ ਘਰ ਵਿੱਚ ਅੱਗ ਲੱਗ ਗਈ ਤੇ ਜਦ ਤਕ ਅੱਗ ਬੁਝਾਉਣ ਵਾਲੀਆਂ ਗੱਡੀਆਂ ਆਉਂਦੀਆਂ ਤਦ ਤਕ ਬਹੁਤ ਕੁਝ ਸੜ੍ਹ ਕੇ ਸੁਆਹ ਹੋ ਚੁੱਕਾ ਸੀ। ਫੇਰ ਵੀ ਦੁਨਿਆਵੀ ਵਸਤਾਂ ਦੇ ਸੜ੍ਹ ਜਾਣ ਦਾ ਉਸ ਨੂੰ ਏਨਾ ਦੁੱਖ ਨਹੀਂ ਹੋਇਆ ਜਿੰਨਾ ਦੁੱਖ ਉਸ ਦੀ ਨਿੱਜੀ ਲਾਇਬ੍ਰੇਰੀ ਵਿੱਚ ਪਈਆਂ ਹਜ਼ਾਰਾਂ ਕਿਤਾਬਾਂ ਸੜ੍ਹ ਜਾਣ ਦਾ ਹੋਇਆ। ਉਸ ਦੀਆਂ ਹੱਥ ਲਿਖਤਾਂ, ਖਰੜੇ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਦੀ ਬਾਣੀ 'ਤੇ ਲਿਖੇ ਆਪਣੇ ਪੱਤਰਾਂ ਦੇ ਸੜ੍ਹ ਜਾਣ ਦਾ ਹੋਇਆ।ਉਸ ਦਾ ਸੋਚਣਾ ਹੈ ਕਿ ਕੋਈ ਹੋਰ ਹੁੰਦਾ ਤਾਂ ਸ਼ਾਇਦ ਖ਼ੁਦਕੁਸ਼ੀ ਕਰ ਲੈਂਦਾ।

ਸਮੇਂ ਨੇ ਸਮੇਂ ਸਮੇਂ ਤੇ ਅਨੇਕ ਵਾਰ ਉਸ ਦੇ ਕਰੜੇ ਇਮਤਿਹਾਨ ਲਏ ਪਰ ਉਹ ਸਮੇਂ ਦੀ ਅੱਗ ਦਾ ਸੇਕ ਹੰਢਾ ਹੰਢਾ ਕੇ ਕੁੰਦਨ ਹੋ ਗਿਆ।

ਪੰਜਾਬ ਦੀਆਂ ਕਈ ਸਾਹਤਿਕ ਸੰਸਥਾਵਾਂ ਇਸ ਨੇ ਖ਼ੁਦ ਸ਼ੁਰੂ ਕਰਵਾਈਆਂ ਹਨ। ਕਈ ਸਾਲ ਪਹਿਲਾਂ ਇਕ ਸੰਗੀਤਕ ਕੰਪਨੀ ਖੋਲ੍ਹੀ। ਸਭ ਕੁਝ ਠੀਕ ਚੱਲ ਰਿਹਾ ਸੀ ਪਰ ਉਸ ਵਿੱਚ ਬਹੁਤ ਵੱਡਾ ਘਾਟਾ ਪੈ ਗਿਆ। ਕੰਪਨੀ ਵਿੱਚ ਹੋਰਨਾਂ ਦਾ ਵੀ ਖ਼ਾਸਾ ਪੈਸਾ ਲੱਗਾ ਹੋਇਆ ਸੀ। ਸੰਧੂ ਨੇ ਜਿਵੇਂ ਕਿਵੇਂ ਕਰ ਕੇ ਪਿਆ ਉਹ ਵੱਡਾ ਘਾਟਾ ਤਾਂ ਸਹਾਰ ਲਿਆ ਪਰ ਅੱਜ ਵੀ ਉਨ੍ਹਾਂ ਸਮਿਆਂ ਵਿਚ ਆਪਣੇ ਇਕ ਬੇਹੱਦ ਨਜ਼ਦੀਕੀ ਸ਼ਾਇਰ ਦੀ ਕਹੀ ਉਹ ਗੱਲ ਨਹੀਂ ਭੁੱਲ ਸਕਿਆ ਕਿ ਤੂੰ ਤਾਂ ਬਰਬਾਦ ਹੋ ਗਿਆ ਏਂ, ਤੇਰੇ ਪੱਲੇ ਹੁਣ ਕੁਝ ਨਹੀਂ ਰਿਹਾ। ਸੰਧੂ ਦਾ ਸੋਚਣਾ ਹੈ ਕੇ ਮੇਰਾ ਉਹ ਨਜ਼ਦੀਕੀ ਸ਼ਾਇਰ ਦੋਸਤ ਅਗਰ ਉਸ ਵੇ਼ਲੇ ਮੇਰੀ ਮਦਦ ਭਾਵੇਂ ਨਾ ਵੀ ਕਰਦਾ ਪਰ ਮੈਨੂੰ ਹੌਸਲਾ ਜ਼ਰੂਰ ਦਿੰਦਾ।

ਬਹੁਤੇ ਲੇਖਕਾਂ ਸ਼ਾਇਰਾਂ ਨੂੰ ਸਰਕਾਰੀ ਸਨਮਾਨਾਂ ਲਈ ਲੇਲੜੀਆਂ ਕੱਢਦੇ ਅਕਸਰ ਹੀ ਦੇਖੀਦਾ ਹੈ। ਇਕ ਵਾਰ ਜਦ ਮੈਂ ਸੰਧੂ ਵਰਿਆਣਵੀ ਨਾ਼ਲ ਇਸ ਬਾਬਤ ਗੱਲ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੋਚਣ ਲਈ ਮਜਬੂਰ ਕਰ ਗਿਆ।ਉਸ ਦਾ ਕਹਿਣਾ ਹੈ ਕਿ "ਕਿਸੇ ਲੇਖਕ ਦਾ ਅਸਲ ਸਨਮਾਨ ਉਦੋਂ ਹੁੰਦਾ ਹੈ ਜਦੋਂ ਹੱਕ-ਸੱਚ ਦੀ ਆਵਾਜ਼ ਉਠਾਉਣ ਕਾਰਣ ਵਿਵਸਥਾ ਉਸ ਲੇਖਕ ਦਾ ਸਿਰ ਕਲਮ ਕਰਦੀ ਹੈ।" ਇਸ ਜਵਾਬ ਅੱਗੇ ਕੋਈ ਵੀ ਨਿਰੁੱਤਰ ਹੋ ਜਾਵੇਗਾ।

ਸੰਧੂ ਨੇ ਆਪਣੇ ਆਪ ਨਾ਼ਲ ਹੀ ਇਹ ਅਹਿਦ ਕੀਤਾ ਹੋਇਆ ਹੈ ਕਿ :-

ਜਦ ਤਕ ਸਾਹ ਵਿਚ ਸਾਹ ਨੇ ਮੇਰੇ,<br>
ਨੇਰ੍ਹੇ ਦੂਰ ਭਜਾਵਾਂਗਾ।<br>
ਜੁਗਨੂੰ ਹਾਂ ਮੈਂ ਵਿੱਤ ਮੁਤਾਬਿਕ<br>
ਰਾਤਾਂ ਨੂੰ ਰੁਸ਼ਨਾਵਾਂਗਾ।

ਤੇ ਮੈਂ ਉਸ ਨੂੰ ਅਜੇਹਾ ਕਰਦੇ ਵੇਖਦਾ ਵੀ ਹਾਂ। ਪਿਛਲੇ ਵਰ੍ਹੇ ਉਸ ਦੀ ਪਤਨੀ ਜਦ ਬਿਮਾਰ ਹੋਣ ਕਾਰਨ ਹਸਪਤਾਲ ਦਾਖ਼ਲ ਸੀ ਤਾਂ ਉਹ ਮੈਨੂੰ ਨਾ਼ਲ ਲੈ ਕੇ ਬਰਨਾਲਾ ਵਿਖੇ ਇਕ ਸਾਹਿਤਕ ਪ੍ਰੋਗਰਾਮ ਵਿੱਚ ਗਏ।

ਸੰਧੂ ਵਰਿਆਣਵੀ ਕਦੇ ਕਦੇ ਮੈਨੂੰ ਇਕ ਸੰਤ ਲੱਗਦਾ ਹੈ ਜਿਹੜਾ ਖ਼ੁਦ ਦੁੱਖ ਸਹਿ ਕੇ ਦੁਨੀਆਂ ਦੇ ਦੁੱਖ ਹਰਨ ਆਇਆ ਹੋਵੇ। ਇਕ ਅਜਿਹਾ ਫ਼ਕੀਰ ਕਿ ਜਿਸ ਦੀ ਬਗਲੀ ਵਿੱਚ ਸ਼ਬਦਾਂ ਦੇ ਲੱਖਾਂ ਹੀਰੇ ਮੋਤੀ ਲਾਲ ਹੋਵਣ।

ਜਦ ਵੀ ਕਿਸੇ ਵਿਸ਼ੇ ਤੇ ਉਸ ਨਾਲ ਸੰਵਾਦ ਰਚਾਇਆ ਜਾਵੇ ਉਹ ਗੱਲ ਦੀ ਤਹਿ ਤੀਕ ਜਾਂਦਾ ਹੈ। ਉਸ ਦੀ ਕਵਿਤਾ ਪੀੜਤ ਧਿਰ ਦੇ ਹਉਕਿਆਂ ਦੀ ਹੀ ਅਨੁਵਾਦ ਨਹੀਂ ਹੈ ਸਗੋਂ ਉਸ ਦੀ ਕਵਿਤਾ ਵਿਵਸਥਾ ਨੂੰ ਸਵਾਲ ਕਰਦਿਆਂ ਤਿੱਖੀ ਚੋਟ ਕਰਦੀ ਹੈ। ਉਂਝ ਭਾਵੇਂ ਅਨੇਕ ਸਾਂਝੇ ਕਾਵਿ ਸੰਗ੍ਰਹਿ ਵਿਚ ਉਸ ਦੀ ਕਵਿਤਾ ਸ਼ਾਮਿਲ ਹੈ ਪਰ ਪੰਜਾਬੀ ਸਾਹਿਤ ਦੀ ਝੋ਼ਲੀ ਉਸ ਨੇ ਦੋ ਕਾਵਿ ਸੰਗ੍ਰਹਿ ਅਲਵਿਦਾ ਤਕ (1999) ਅਤੇ ਸ਼ੌਕਤ ਢੰਡਵਾੜਵੀ ਲਕੀਰਾਂ 2015 ਪਾਏ ਹਨ।ਦੋਵੇਂ ਕਾਵਿ ਸੰਗ੍ਰਹਿ ਬੇਹੱਦ ਚਰਚਿਤ ਰਹੇ ਹਨ।

ਉਸ ਦਾ ਛੋਟਾ ਭਰਾ ਨਕਸ਼ ਵਰਿਆਣਵੀ ਖ਼ੁਦ ਇਕ ਨਾਮਵਰ ਗੀਤਕਾਰ ਹੈ ਪ੍ਰਸਿੱਧ ਗ਼ਜ਼ਲਕਾਰ ਹੈ।ਸੰਧੂ ਵਰਿਆਣਵੀ ਨੇ ਮੈਨੂੰ( ਜਗਦੀਸ਼ ਰਾਣਾ) ਅਤੇ ਆਪਣੇ ਛੋਟੇ ਭਰਾ ਨਕਸ਼ ਵਰਿਆਣਵੀ ਨੂੰ ਆਪਣੀ ਸਾਹਿਤਕ ਵਿਰਾਸਤ ਦਾ ਵਾਰਿਸ ਐਲਾਨਿਆ ਹੋਇਆ ਹੈ।

ਕਾ਼ਗਜ਼ਾਂ ਵਿੱਚ ਹੀ ਸਹੀ ਪਰ ਅੱਜ ਉਸ ਦਾ ਜਨਮ ਦਿਨ ਹੈ ਅਤੇ ਜ਼ਿੰਦਗੀ ਦੀਆਂ 70 ਬਹਾਰਾਂ ਪਤਝੜਾਂ ਦਾ ਅਨੰਦ ਮਾਣ ਚੁੱਕੇ, ਅੱਜ ਕੱਲ੍ਹ ਏਕਤਾ ਇਨਕਲੇਵ ਪਿੰਡ ਵਿਰਕ ਜਿਲ੍ਹਾ ਜਲੰਧਰ ਨੇੜ੍ਹੇ ਅਰਬਨ ਅਸਟੇਟ ਫ਼ਾਗਵੜਾ ਵਿਖੇ ਪੱਕੀ ਰਿਹਾਇਸ਼ ਕਰਨ ਵਾ਼ਲੇ ਪ੍ਰੋ. ਸੰਧੂ ਵਰਿਆਣਵੀ ਦੀ ਇਕ ਕਵਿਤਾ ਅਤੇ ਇਕ ਗ਼ਜ਼ਲ ਸ਼ਾਇਰਾਂ ਦੀ ਦੁਨੀਆਂ ਦੇ ਪਾਠਕਾਂ ਨਾ਼ਲ ਸਾਂਝੀਆਂ ਕਰ ਰਿਹਾ ਹਾਂ।

### ਗ਼ਜ਼ਲ 1

ਵਿਛੜੇ ਦਿਲਦਾਰ! ਤੇਰਾ ਆਸਰਾ।<br>
ਐ ਅਧੂਰੇ ਪਿਆਰ! ਤੇਰਾ ਆਸਰਾ।

ਫੁੱਲ ਦਾ ਤਾਂ ਆਸਰਾ ਕੁਝ ਪਲ ਰਿਹੈ,<br>
ਐ ਸਦੀਵੀ ਖ਼ਾਰ! ਤੇਰਾ ਆਸਰਾ।

ਜਿੱਤ ਦਾ ਮੂੰਹ ਦੇਖਿਆ ਨਾ ਉਮਰ ਭਰ,<br>
ਸਾਨੂੰ ਪਰ ਐ ਹਾਰ! ਤੇਰਾ ਆਸਰਾ।

ਤੂੰ ਏਂ ਮੇਰੇ ਤਲਖ਼ ਰਾਹ ਦਾ ਹਮਸਫ਼ਰ,<br>
ਐ ਮੇਰੇ ਗ਼ਮਖ਼ਾਰ! ਤੇਰਾ ਆਸਰਾ।

ਜਦ ਕਦੀ ਵੀ ਦਿਲ ਮੇਰਾ ਹੈ ਡੋਲਦੈ,<br>
ਥੰਮਦੈ ਹਰ ਵਾਰ ਤੇਰਾ ਆਸਰਾ।

ਭੌਰਿਆਂ ਤੇ ਤਿਤਲੀਆਂ ਦਾ ਦਿਲ ਕਹੇ,<br>
ਮਹਿਕਦੀ ਗੁਲਜ਼ਾਰ ! ਤੇਰਾ ਆਸਰਾ।

ਜ਼ਿੰਦਗੀ ਪੁਰਨੂਰ ਰਹਿਣੀ ਤੇਰੇ ਸੰਗ,<br>
ਪਿਆਰ ਦੇ ਇਕਰਾਰ! ਤੇਰਾ ਆਸਰਾ।

ਹੈ ਗੁਜ਼ਰ ਚੱਲੀ ਖ਼ਿਜ਼ਾਂ ਇਹ ਜਾਪਦੈ,<br>
ਆਸ ਦੇ ਆਸਾਰ ! ਤੇਰਾ ਆਸਰਾ।

ਛੇੜ ਕੇ ਸੰਗੀਤ ਰੂਹ ਨਸ਼ਿਆ ਰਹੀ,<br>
ਐ ਮਧੁਰ ਛਣਕਾਰ! ਤੇਰਾ ਆਸਰਾ।

ਦਰਦ ਲੈ ਕੇ ਸੰਧੂ ਮੈਂ ਜਦ ਵੀ ਟੁਰਾਂ,<br>
ਹੈ ਵੰਡਾਉਂਦਾ ਭਾਰ ਤੇਰਾ ਆਸਰਾ।

**



ਜਗਦੀਸ਼ ਰਾਣਾ<br>
79862-07849

### ਵਰਿਆਣਾ ਕਵਿਤਾ 2
### ਮੇਰੀ ਵਿਰਾਸਤ ਤੇਰੀ ਸਿਆਸਤ

ਮੇਰੇ ਪੁਰਖਿਆਂ ਦੀਆਂ<br>
ਵਕ਼ਤ ਦੇ ਪਰਾਂ ਤੇ ਨਾ ਉੱਡਣ ਦੀਆਂ ਕੁਝ ਭੁੱਲਾਂ ਨੇ<br>
ਤੇਰੀ ਸਿਆਸਤ 'ਚ<br>
ਕੁਝ ਕੁਝ ਮੱਕਾਰੀਆਂ 'ਤੇ ਜ਼ਹਿਰੀਲੀਆਂ ਸ਼ਰਾਰਤਾਂ ਨੇ<br>
ਮੇਰੀ ਵਿਰਾਸਤ 'ਚ<br>
ਭੁੱਲਾਂ ਨੇ<br>
ਅਨੰਤ ਅਨੰਤ ਜਨਮੀਆਂ ਪੀੜਾਂ ਨੇ<br>
ਅਨੰਤ ਸਫ਼ਰ ਤੇ ਤੁਰਦਿਆਂ-ਤੁਰਦਿਆਂ<br>
ਆਪਣੀ ਹੋਂਦ 'ਤੇ ਲੱਗੇ<br>
ਪ੍ਰਸ਼ਨ ਚਿੰਨ੍ਹਾਂ ਦੀ ਲੜੀ ਏ<br>
ਨਗਨ ਜਿਸਮ ਤੇ ਹੰਢਾਈਆਂ ਧੁੱਪਾਂ-ਛਾਵਾਂ ਦੀ<br>
ਵਿਲਕਦੀ, ਦਮ ਤੋੜਦੀ ਰੀਝ ਹੈ<br>
ਤੇ ਦਿਨੇ ਜਾਗਦਿਆਂ ਅੱਖਾਂ 'ਚ ਬ਼ਲਦੇ<br>
ਸਿਵਿਆਂ ਵਰਗੇ ਸੁਫ਼ਨਿਆਂ ਦੀ ਸ਼ਮਸ਼ਾਨ ਹੈ।<br>
ਮੈਂ ਰੋਜ਼ ਜਨਮਦਾ<br>
ਬਚਪਨ 'ਚ ਬੁੱਤੀਆਂ ਕਰਦਾ<br>
ਜਵਾਨੀ 'ਚ ਬੁਢਾਪੇ ਦੀ ਅਉਧ ਹੰਢਾਉਂਦਾ<br>
ਹਰ ਸ਼ਾਮ ਮਰਦਾ ਹਾਂ<br>
'ਤੇ ਫਿਰ ਤਾਅ ਉਮਰ<br>
ਇਸ ਅਮਲ 'ਚ ਗੁਜ਼ਰਦਾ<br>
ਆਪਣੀ ਅਣਮੰਨੀ ਅਉਧ<br>
ਪੁਗਾਉਂਦਾ-ਪੁਗਉਂਦਾ<br>
ਤੁਹਾਡੀ ਦਹਲੀਜ਼ 'ਤੇ<br>
ਆਸ ਦੇ ਦੀਵੇ ਜਗਾਉਂਦਾ-ਜਗਾਉਂਦਾ<br>
ਅਜ਼ਲਾਂ ਤੋਂ ਮਿ਼ਲੀ ਵਿਰਾਸਤ ਤੋਂ<br>
ਖਹਿੜਾ ਛੁਡਾਉਣ ਦੇ ਆਹਰ 'ਚ<br>
ਕਦੇ ਭਗਤੀ ਕਦੇ ਸ਼ਕਤੀ<br>
ਕਦੇ ਅਰਾਧਨਾ ਕਦੇ ਅਰਦਾਸ<br>
ਕਦੇ ਚਿੜੀਆਂ ਤੋਂ ਬਾਜ਼ਾਂ ਨੂੰ ਤੁੜਵਾਉਣਾ<br>
ਦੇ ਬੋਲਾਂ 'ਤੇ ਰੀਝਦਾ-ਰੀਝਦਾ<br>
ਆਪਣਾ ਸੀਸ ਭੇਂਟ ਕਰ<br>
ਸੁਰਖ਼ਰੂ ਹੋਣ ਦਾ ਭਰਮ ਪਾ਼ਲਦਾ ਹਾਂ<br>
ਕਦੇ ਸੋਚਦਾ ਹਾਂ<br>
ਇਹ ਜਨਮ ਜਨਮਾਂਤਰ੍ਹਾਂ 'ਚ ਉਲਝੀ ਜ਼ਿੰਦਗੀ<br>
ਆਸਾਂ ਦੇ ਦੀਵੇ ਜਗਾਉਂਦੀ ਜਗਾਉਂਦੀ<br>
ਕਦੋਂ ਤੱਕ ?<br>
'ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ'<br>
ਦੀ ਖੇਡ 'ਚ<br>
ਮਰਦੀ -ਜਨਮਦੀ<br>
ਮਰਦੀ ਰਹੇਗੀ ?



ਪੇਸ਼ਕਰਤਾ- ਰੇਸ਼ਮ ਕਰਨਾਣਵੀ

# ਸਤਲੁਜ ਕੰਢੇ ਰੋਪੜ ਵਿਖੇ ਪਹਾੜੀ ਉੱਤੇ ਝੂਲਦੇ ਨਿਸ਼ਾਨ ਸਾਹਿਬ ਦੀ ਇਤਿਹਾਸਕ ਜਾਣਕਾਰੀ



ਇੰਜੀ. ਸਤਨਾਮ ਸਿੰਘ ਮੱਟੂ
9779708257

ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੂੰ ਖ਼ਾਲਸਾ ਰਾਜ ਦਾ ਸਿਖਰ ਕਿਹਾ ਜਾਂਦਾ ਹੈ। ਇਹ ਪਿਸ਼ਾਵਰ,ਡੇਰਾ ਇਸਮਾਇਲ ਖਾਨ, ਸ੍ਰੀਨਗਰ, ਪੀਰ ਪੰਚਾਲ ਦੱਰ੍ਹਾ ਅਤੇ ਖੈਬਰ ਦੱਰ੍ਹਾ ਤੋਂ ਸਤਲੁਜ ਦਰਿਆ ਤੱਕ ਫੈਲਿਆ ਹੋਇਆ ਸੀ। ਰੋਪੜ ਵਿਖੇ ਸਤਲੁਜ ਕੰਢੇ ਪਹਾੜੀ ਉੱਤੇ ਖ਼ਾਲਸਾ ਰਾਜ ਦੀ ਹੱਦਬੰਦੀ ਦਾ ਝੂਲਦਾ ਕੇਸਰੀ ਨਿਸ਼ਾਨ ਮਾਣ ਮੱਤੇ ਇਤਿਹਾਸ ਦੀ ਯਾਦ ਦਿਵਾਉਂਦਾ ਹੈ।ਆ ਇਸਦੇ ਅਤੀਤ ਤੇ ਝਾਤੀ ਮਾਰੀਏ।

ਹਿਮਾਲਿਆ ਪਰਬਤ ਦੀਆਂ ਸੁੰਦਰ ਪਹਾੜੀਆਂ ਵਿੱਚ ਵਸੇ ਸ਼ਹਿਰਾਂ ਵਿੱਚੋਂ ਰੋਪੜ ਦਾ ਨਾਮ ਇਸ ਕਰਕੇ ਮੂਹਰਲੀਆਂ ਸਫ਼ਾ ਵਿੱਚ ਆਉਂਦਾ ਹੈ, ਕਿਉਂਕਿ ਇਤਿਹਾਸ ਦੇ ਪੰਨਿਆਂ ਨੂੰ ਫਰੋਲਦਿਆਂ ਸ਼ਹਿਰ ਦਾ ਸੰਬੰਧ ਹੜੱਪਾ ਅਤੇ ਸਿੰਧੂ ਘਾਟੀ ਦੀ ਸੱਭਿਅਤਾਵਾਂ ਨਾਲ ਜੁੜਦਾ ਹੈ। ਰੋਪੜੀ ਤਾਲਿਆਂ ਨਾਲ ਮਸ਼ਹੂਰ ਇਸ ਸ਼ਹਿਰ ਦੀ ਨੀਂਹ 11 ਵੀਂ ਸਦੀ ਵਿੱਚ ਰਾਜਾ ਰੋਕੇਸ਼ਰ ਨੇ ਆਪਣੇ ਪੁੱਤਰ ਰੂਪਸੇਨ ਦੇ ਨਾਂ ਤੇ ਰੂਪਨਗਰ ਵਜੋਂ ਰੱਖੀ ਸੀ। ਪਰ ਹਾਲ ਵਿੱਚ ਇੱਥੇ ਕੀਤੀਆਂ ਗਈਆਂ ਖੁਦਾਈਆਂ ਅਤੇ 2011 ਦੀ ਜ਼ਿਲਾ ਆਬਾਦੀ ਹੈਂਡ ਬੁੱਕ ਚ ਲਿਖੀ ਸੰਖੇਪ ਹਿਸਟਰੀ ਤੋਂ ਸਾਬਤ ਹੁੰਦਾ ਹੈ ਕਿ ਇਹ 5000 ਸਾਲ ਪੁਰਾਣੀ ਸਿੰਧੂ ਘਾਟੀ ਦੀ ਸੱਭਿਅਤਾ ਦਾ ਇਹ ਕੇਂਦਰ ਬਿੰਦੂ ਸੀ।

ਬਾਅਦ ਵਿੱਚ ਰਾਜਾ ਰੋਕੇਸ਼ਰ ਨੂੰ ਮੁਲਤਾਨ ਦੇ ਬਾਦਸ਼ਾਹ ਖਾਲਿਦ ਖ਼ਲੀਲ ਨੇ 1526 ਵਿੱਚ ਹਰਾ ਕੇ ਇੱਥੇ ਆਪਣੀ ਹਕੂਮਤ ਕਾਇਮ ਕਰ ਲਈ ਸੀ। 19ਵੀਂ ਸਦੀ ਦੀਆਂ ਕੁਝ ਪੁਰਾਤੱਤਵੀ ਰਿਪੋਰਟਾਂ ਰੋਪੜ ਵਿਖੇ ਵਿੱਚ ਕੁਝ ਮੱਧ-ਕਾਲੀ ਇਮਾਰਤਾਂ ਦਾ ਜ਼ਿਕਰ ਕਰਦੀਆਂ ਹਨ, ਇਨ੍ਹਾਂ ਵਿਚੋਂ ਸਿਰਫ਼ ਜਮਾਲ ਖਾਨ ਪਠਾਣ ਦਾ ਮਕਬਰਾ ਨਿਸ਼ਾਨੀ ਬਚਿਆ ਹੈ, ਜੋ ਬਾਦਸ਼ਾਹ ਜਹਾਂਗੀਰ ਦਾ ਜਰਨੈਲ ਸੀ ਅਤੇ 1620 ਵਿਚ ਕਾਂਗੜੇ 'ਤੇ ਹਮਲਾ ਕਰਦੇ ਸਮੇਂ ਮਾਰਿਆ ਗਿਆ। ਇਹ ਇਮਾਰਤ ਸਰਹਿੰਦ ਵਿਖੇ ਉਸਤਾਦ, ਸ਼ਾਗਿਰਦ ਦੇ ਮਕਬਰਿਆਂ ਅਤੇ ਦਿੱਲੀ ਵਿਖੇ ਅਬਦੁਲ ਰਹੀਮ ਖ਼ਾਨੇ-ਖ਼ਾਨਾਂ ਦੇ ਮਕਬਰੇ ਨਾਲ ਮਿਲਦੀ-ਜੁਲਦੀ ਉਹਨਾਂ ਦੀ ਸਮਕਾਲੀ ਹੈ।

ਸੰਨ 1763 ਵਿੱਚ ਰਾਜਾ ਚੜਤ ਸਿੰਘ ਨੇ ਇਸ ਸ਼ਹਿਰ ਨੂੰ ਆਪਣੇ ਰਾਜ ਦਾ ਹਿੱਸਾ ਬਣਾ ਲਿਆ ਸੀ ਅਤੇ ਇਹ ਸ਼ਹਿਰ ਖ਼ਾਲਸਾ ਰਾਜ ਅਤੇ ਅੰਗਰੇਜ਼ਾਂ ਵਿਚਕਾਰ ਸੰਧੀ ਨਵਿਆਉਣ ਲਈ ਹੋਈ ਮੁਲਾਕਾਤ ਕਰਕੇ ਵੀ ਇਤਿਹਾਸ ਵਿੱਚ ਵਿਸ਼ੇਸ਼ ਮਹੱਤਤਾ ਰੱਖਦਾ ਹੈ।

ਭਾਈ ਕਾਹਨ ਸਿੰਘ ਨਾਭਾ "ਮਹਾਨ ਕੋਸ਼" ਵਿੱਚ ਰੂਪਨਗਰ ਬਾਬਤ ਲਿਖਦੇ ਹਨ,"ਰੋਪਰ/ਰੋਪੜ/ਰੂਪਨਗਰ-ਰੂਪਚੰਦ ਰਾਜਪੂਤ ਦਾ ਵਸਾਇਆ ਨਗਰ, ਜੋ ਜ਼ਿਲ੍ਹਾ ਅੰਬਾਲਾ ਵਿੱਚ ਦਰਿਆ ਸਤਲੁਜ (ਸ਼ਤਦ੍ਰਵ) ਦੇ ਕਿਨਾਰੇ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਕੁਰੁਛੇਤ੍ਰ ਨੂੰ ਜਾਂਦੇ ਹੋਏ, ਇੱਥੇ ਵਿਰਾਜੇ ਸਨ, ਸਰਦਾਰ ਹਰੀ ਸਿੰਘ ਰਈਸ ਸਿਆਲਬਾ ਨੇ ਇਸਨੂੰ ਸੰਨ 1763 ਵਿੱਚ ਜਿੱਤਕੇ ਆਪਣੇ ਕਬਜ਼ੇ ਵਿੱਚ ਕੀਤਾ, ਹਰੀ ਸਿੰਘ ਦੇ ਪੁਤ੍ਰ ਚੜ੍ਹਤ ਸਿੰਘ ਨੇ ਰੋਪੜ ਨੂੰ ਆਪਣੀ ਰਿਆਸਤ ਦਾ ਮੁੱਖ ਨਗਰ ਬਣਾਇਆ, ਸੰਨ 1831 ਵਿਚ ਇੱਥੇ ਮਹਾਰਾਜਾ ਰਣਜੀਤਸਿੰਘ ਅਤੇ ਲਾਰਡ ਬੈਂਟਿੰਕਦੀ ਧੂਮਧਾਮ ਨਾਲ ਮੁਲਾਕਾਤ ਹੋਈ ਸੀ। ਸੰਨ 1846 ਵਿੱਚ ਰੋਪੜ ਅੰਗਰੇਜ਼ੀ ਰਾਜ ਵਿੱਚ ਮਿਲਿਆ, ਰੋਪੜ ਤੋਂ ਸਰਹਿੰਦ ਕਨਾਲ ਦਰਿਆ ਸਤਲੁਜ ਵਿੱਚੋਂ ਕੱਢੀ ਗਈ ਹੈ, ਜੋ ਫੂਲਕੀ ਰਿਆਸਤਾਂ ਅਤੇ ਫਿਰੋਜ਼ਪੁਰ ਆਦਿ ਜ਼ਿਲਿਆਂ ਦੀ ਜ਼ਮੀਨ ਨੂੰ ਸੈਰਾਬ ਕਰਦੀ ਹੈ, ਹੁਣ ਰੋਪੜ ਤਕ ਰੇਲ ਵੀ ਬਣਗਈ ਹੈ, ਜਿਸਦਾ ਜੰਕਸ਼ਨ ਸਰਹਿੰਦ ਹੈ, ਸਰਹਿੰਦ ਤੋਂ ਰੋਪੜ 30 ਮੀਲ ਹੈ।"

ਗਜ਼ਟੀਅਰ ਅੰਬਾਲਾ ਮੁਤਾਬਿਕ ਨਵੰਬਰ 1966 ਤੱਕ ਰੋਪੜ ਜ਼ਿਲ੍ਹਾ ਅੰਬਾਲਾ ਦੀ ਤਹਿਸੀਲ ਰਿਹਾ ਹੈ। ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਸਮੇਂ ਪੰਜਾਬ ਸਰਕਾਰ ਨੇ 16 ਨਵੰਬਰ 1976 ਨੂੰ ਨੋਟੀਫਿਕੇਸ਼ਨ ਜਾਰੀ ਕਰ ਕੇ ਰੋਪੜ ਸ਼ਹਿਰ ਦਾ ਨਾਂ ਰੂਪਨਗਰ ਰੱਖ ਦਿੱਤਾ ਸੀ। ਸ਼ਹਿਰ ਰੋਪੜ ਅਤੇ ਹਿਮਾਲਿਆ ਦੀਆਂ ਖੂਬਸੂਰਤ ਪਹਾੜੀਆਂ ਨਾਲ ਖਹਿ ਕੇ ਵਹਿੰਦਾ ਸਤਲੁਜ ਦਰਿਆ ਇਸਦੀ ਕੁਦਰਤੀ ਸੁੰਦਰਤਾ ਨੂੰ ਹੋਰ ਚਾਰ ਚੰਨ ਲਾ ਦਿੰਦਾ ਹੈ।

ਰੋਪੜ ਸ਼ਹਿਰ ਤੋਂ ਨੂਰਪੁਰ ਬੇਦੀ ਜਾਂ ਬਲਾਚੌਰ ਨੂੰ ਜਾਣ ਲਈ ਜਦੋਂ ਸਤਲੁਜ ਦਰਿਆ ਤੇ ਬਣੇ ਪੁਲ ਨੂੰ ਪਾਰ ਕਰਦੇ ਹਾਂ ਤਾਂ ਸਤਲੁਜ ਪਾਰ ਗੁਰਦੁਆਰਾ ਟਿੱਬੀ ਸਾਹਿਬ ਦੇ ਬਿਲਕੁਲ ਸਾਹਮਣੇ ਹਿਮਾਲਿਆ ਪਰਬਤ ਦੀ ਚੋਟੀ ਤੇ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੀ ਹੱਦਬੰਦੀ ਨੂੰ ਦਰਸਾਉਂਦਾ ਝੂਲਦਾ ਕੇਸਰੀ ਨਿਸ਼ਾਨ ਅੱਜ ਵੀ ਖ਼ਾਲਸਾ ਰਾਜ ਦੇ ਸ਼ਾਨਾਂ ਮੱਤੇ ਇਤਿਹਾਸ ਦੀ ਯਾਦ ਦਿਵਾਉਂਦਾ ਹੈ।

ਇਤਿਹਾਸ ਦੇ ਪੰਨੇ ਫਰੋਲਦਿਆਂ ਅਤੇ ਕਨਿੰਘਮ ਦੀਆਂ ਲਿਖਤਾਂ ਅਨੁਸਾਰ 1830-31 ਦਾ ਸਮਾਂ ਮਹਾਰਾਜਾ ਰਣਜੀਤ ਸਿੰਘ ਦੇ ਖ਼ਾਲਸਾ ਰਾਜ ਦੀ ਤਾਕਤ ਅਤੇ ਬਾਦਸ਼ਾਹਤ ਦਾ ਸਿਖਰ ਸੀ।

ਰੋਪੜ ਦੀ ਖ਼ਾਲਸਾ ਰਾਜ ਦੀ ਹੱਦਬੰਦੀ ਸੰਬੰਧੀ ਡਾ:ਸੁਖਦਿਆਲ ਸਿੰਘ ਦੀ ਪੁਸਤਕ 'ਪੰਜਾਬ' (ਖ਼ਾਲਸੇ ਦਾ ਪੰਜਾਬ) ਅਨੁਸਾਰ ਅੰਗਰੇਜ਼ਾਂ ਅਤੇ ਮਹਾਰਾਜਾ ਰਣਜੀਤ ਸਿੰਘ ਵਿਚਕਾਰ 25 ਅਪ੍ਰੈਲ 1809 ਹੋਈ ਅੰਮ੍ਰਿਤਸਰ/ਲਾਹੌਰ ਸੰਧੀ ਮਹਾਰਾਜਾ ਰਣਜੀਤ ਸਿੰਘ ਲਈ ਛੁਪਿਆ ਵਰਦਾਨ ਸਾਬਿਤ ਹੋਈ ਸੀ, ਉਸਨੇ ਮਹਾਰਾਜਾ ਦੀ ਰਾਜਨੀਤਕ ਤਾਕਤ ਦੀ ਚੜ੍ਹਤ ਨੂੰ ਬੜ੍ਹਾਵਾ ਦਿੱਤਾ। ਅੰਗਰੇਜ਼ੀ ਹਕੂਮਤ ਦੇ ਉਕਾ ਹੀ ਜ਼ਿਹਨ ਵਿਚ ਨਹੀਂ ਸੀ ਕਿ ਸਤਲੁਜ ਦਰਿਆ ਨੂੰ ਹੱਦਬੰਦੀ ਨਿਸ਼ਚਿਤ ਕਰ ਦੇਣ ਨਾਲ ਖ਼ਾਲਸਾ ਰਾਜ ਦਾ ਏਨਾ ਵਿਸਥਾਰ ਪਿਸ਼ਾਵਰ ਅਤੇ ਦੱਰ੍ਹਾ ਖੈਬਰ ਤੱਕ ਹੋ ਜਾਵੇਗਾ। ਮਹਾਰਾਜਾ ਰਣਜੀਤ ਸਿੰਘ ਨੇ 1823 ਤੋਂ 1831 ਤੱਕ ਦੇ ਵਿਰੋਧੀ ਜਹਾਦਾਂ ਨੂੰ ਆਪਣੀ ਤਾਕਤ ਨਾਲ ਕੁਚਲ ਕੇ ਮਾਰਚ 1823 ਵਿੱਚ ਮੁਹੰਮਦ ਅਜ਼ੀਮ ਖਾਂ,ਕਾਬਲ ਵਜ਼ੀਰ ਵਰਗਿਆਂ ਨੂੰ ਨੌਸ਼ਹਿਰਾ ਅਤੇ ਟਿੱਬਾ ਟੀਹਰੀ ਦੀਆਂ ਲੜਾਈਆਂ ਵਿੱਚ ਬੁਰਾ ਤਰ੍ਹਾਂ ਹਰਾ ਦਿੱਤਾ ਸੀ। ਮਹਾਰਾਜੇ ਦੀ ਤਾਕਤ ਤੋਂ ਭੈਅ ਖਾਂਦੀਆਂ ਮੁਗਲ ਅਤੇ ਅੰਗਰੇਜ਼ੀ ਹਕੂਮਤਾਂ ਵੀ ਸਿੱਖ ਰਾਜ ਦੀਆਂ ਹੱਦਬੰਦੀਆਂ ਵੱਲ ਝਾਕਣ ਤੋਂ ਝਿਜਕਦੀਆਂ ਸਨ।

1827 ਵਿੱਚ ਗਰਮੀ ਦੀਆਂ ਛੁੱਟੀਆਂ ਕੱਟਣ ਵਿੱਚ ਸ਼ਿਮਲੇ ਆਏ ਗਵਰਨਰ ਜਨਰਲ ਲਾਰਡ ਐਮਹਰਸਟ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਸਤਿਕਾਰ ਵਜੋਂ ਕੁਝ ਤੋਹਫ਼ੇ ਆਪਣੇ ਸਫ਼ਾਰਤੀ ਮਿਸ਼ਨ ਦੇ ਅਧਿਕਾਰੀਆਂ ਦੀਵਾਨ ਮੋਤੀ ਰਾਮ, ਫ਼ਕੀਰ ਅਜ਼ੀਜ਼ੁਦੀਨ ਰਾਹੀਂ ਸ਼ਿਮਲੇ ਭੇਜੇ ਸਨ। ਲੁਧਿਆਣੇ ਤਾਇਨਾਤ ਅੰਗਰੇਜ਼ ਅਧਿਕਾਰੀ ਕੈਪਟਨ ਵੇਡ ਭਾਸ਼ਾਈ ਉਲੱਥਾਕਾਰ ਵਜੋਂ ਨਾਲ ਸੀ। ਖ਼ਾਲਸਾ ਰਾਜ ਦੀ ਦੋਸਤੀ 'ਤੇ ਖ਼ੁਸ਼ੀ ਅਤੇ ਮਾਣ ਮਹਿਸੂਸ ਕਰਦਿਆਂ ਲਾਰਡ ਐਮਹਰਸਟ ਨੇ ਵੀ ਵਾਪਿਸੀ ਕੁਝ ਕੀਮਤੀ ਤੋਹਫ਼ੇ ਮਹਾਰਾਜਾ ਰਣਜੀਤ ਸਿੰਘ ਲਈ ਭੇਜੇ ਸਨ। ਅਗਲੇ ਸਾਲ 1828 ਵਿੱਚ ਲਾਰਡ ਐਮਹਰਸਟ ਨੇ ਵਾਪਿਸ ਜਾ ਕੇ ਖ਼ਾਲਸਾ ਰਾਜ ਦੇ ਤੋਹਫ਼ੇ ਜਦੋਂ ਬ ਰਤਾਨੀਆ ਦੇ ਸ਼ਹਿਨਸ਼ਾਹ ਨੂੰ ਭੇਂਟ ਕੀਤੇ ਤਾਂ ਬਰਤਾਨੀਆ ਦੀ ਕੈਬਨਿਟ ਨੇ ਫੈਸਲਾ ਕਰਕੇ ਮਹਾਰਾਜਾ ਰਣਜੀਤ ਸਿੰਘ ਲਈ ਵੀ ਤੋਹਫ਼ੇ ਭੇਜਣ ਦਾ ਫੈਸਲਾ ਲਿਆ ਸੀ, ਜੋ ਬੰਬਈ ਦੇ ਗਵਰਨਰ ਸਰ ਜੌਹਨ ਮੈਲਕਾਮ ਅਤੇ ਲੈਫਟੀਨੈਂਟ ਬਰਨਜ਼ ਦੀ ਅਗਵਾਈ ਹੇਠ ਸਿੰਧ ਦਰਿਆ ਰਾਹੀਂ 17 ਜੁਲਾਈ 1831 ਨੂੰ ਲਾਹੌਰ ਦਰਬਾਰ ਪਹੁੰਚਾਏ ਗਏ। ਬਰਤਾਨਵੀ ਸ਼ਹਿਨਸ਼ਾਹ ਵੱਲੋਂ ਇਸ ਤਰ੍ਹਾਂ ਦੇ ਕੀਮਤੀ ਤੋਹਫ਼ੇ ਕਿਸੇ ਵੀ ਹੋਰ ਭਾਰਤੀ ਹਾਕਮ ਨੂੰ ਨਹੀਂ ਦਿੱਤੇ ਗਏ ਸਨ ਅਤੇ ਇਤਿਹਾਸ ਵਿੱਚ ਇਹ ਮਾਣ ਸਿਰਫ਼ ਮਹਾਰਾਜਾ ਰਣਜੀਤ ਸਿੰਘ ਅਤੇ ਖ਼ਾਲਸਾ ਰਾਜ ਨੂੰ ਹੀ ਪ੍ਰਾਪਤ ਹੈ।





ਇਸਦੇ ਨਾਲ ਹੀ ਅੰਗਰੇਜ਼ੀ ਹਕੂਮਤ ਲਾਹੌਰ ਦਰਬਾਰ ਨਾਲ ਦੋਸਤਾਨਾ ਸਬੰਧਤ ਦਰਸਾ ਕੇ ਰੂਸ ਅਤੇ ਪਰਸ਼ੀਆਂ ਵਰਗੀਆਂ ਵੱਡੀਆਂ ਰਿਆਸਤਾਂ ਉੱਪਰ ਆਪਣਾ ਪ੍ਰਭਾਵ ਦਰਸਾਉਣ ਲਈ ਮਹਾਰਾਜਾ ਰਣਜੀਤ ਸਿੰਘ ਨਾਲ ਮੁਲਾਕਾਤ ਲਈ ਤਰਲੋ ਮੱਛੀ ਹੋਣ ਲੱਗੀ ਅਤੇ ਉਹ ਇਸ ਮਿਲਣੀ ਦੀ ਪਹਿਲਕਦਮੀ ਵੀ ਲਾਹੌਰ ਦਰਬਾਰ ਵੱਲੋਂ ਹੋਣੀ ਲੋਚਦੇ ਸਨ। ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਨੇ ਕੈਪਟਨ ਵੇਡ ਨੂੰ ਇਹ ਜ਼ੁੰਮੇਵਾਰੀ ਸੌਂਪੀ। ਆਪਣੀਆਂ ਲੂੰਬੜ ਚਾਲਾਂ ਅਤੇ ਦੂਰ ਅੰਦੇਸ਼ੀ ਚਲਾਕੀਆਂ ਨਾਲ ਕੈਪਟਨ ਵੇਡ, ਮਹਾਰਾਜਾ ਰਣਜੀਤ ਸਿੰਘ ਤੋਂ ਮੁਲਾਕਾਤ ਦੀ ਹਾਮੀ ਭਰਵਾਉਣ ਅਤੇ ਮਿਲਣੀ ਦਾ ਰੁੱਕਾ ਵੀ ਖੁਦ ਭੇਜਣਾ ਮੰਨਵਾਉਣ ਵਿੱਚ ਕਾਮਯਾਬ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਨੇ ਦੀਵਾਨ ਮੋਤੀ ਰਾਮ, ਸਰਦਾਰ ਹਰੀ ਸਿੰਘ ਨਲੂਆ, ਧੰਨਾ ਸਿੰਘ ਮਲਵਈ, ਅਜੀਤ ਸਿੰਘ ਸੰਧਾਵਾਲੀਆ, ਲਹਿਣਾ ਸਿੰਘ ਮਜੀਠੀਏ ਅਤੇ ਫ਼ਕੀਰ ਅਜ਼ੀਜ਼ੁਦੀਨ ਰਾਹੀਂ ਤੋਹਫ਼ੇ ਅਤੇ ਮੁਲਾਕਾਤ ਲਈ ਸੱਦਾ ਪੱਤਰ ਦੇ ਕੇ ਸ਼ਿਮਲੇ ਗਵਰਨਰ ਜਨਰਲ ਕੋਲ ਭੇਜਿਆ। ਸਿੱਖ ਜਰਨੈਲਾਂ ਅਤੇ ਅੰਗਰੇਜ਼ ਗਵਰਨਰ ਨੇ ਦੋਹਾਂ ਮੁਲਕਾਂ ਦੇ ਮੁਖੀਆਂ ਦੀ ਮਿਲਣੀ ਲਈ ਅਕਤੂਬਰ ਦੇ ਅਖੀਰਲੇ ਹਫ਼ਤੇ 1831 ਨੂੰ ਸੁੰਦਰਤਾ ਭਰਪੂਰ ਥਾਂ ਸਤਲੁਜ ਕੰਢੇ ਰੋਪੜ ਨੂੰ ਚੁਣਿਆ ਕਿਉਂਕਿ ਇੱਥੇ ਇੱਥੇ ਸਤਲੁਜ ਦਰਿਆ ਦਾ ਮੁਹਾਣ ਵੀ ਘੱਟ ਚੌੜਾ ਸੀ। ਜਨਰਲ ਲਾਰਡ ਵਿਲੀਅਮ ਬੈਂਟਿਕ ਦਾ ਕਾਫ਼ਲਾ ਜਿਸ ਵਿਚ ਨੇਜ਼ਾ ਬਰਦਾਰਾਂ ਦੀਆਂ ਫ਼ੌਜੀ ਪਲਟਣਾਂ, ਸੋਲਵਾਂ ਸ਼ਾਹੀ ਰਸਾਲਾ, ਇੱਕ ਪੈਦਲ ਗੋਰਾ ਪਲਟਣ, ਹਿੰਦੁਸਤਾਨ ਸਿਪਾਹੀਆਂ ਦੀਆਂ ਦੋ ਪੈਦਲ ਪਲਟਣਾਂ, ਅੱਠ ਘੋੜਾ-ਤੋਪਾਂ, ਹਾਥੀ, ਘੋੜੇ ਅਤੇ ਅਤੇ ਹੋਰ ਅੰਗਰੇਜ਼ ਅਫ਼ਸਰ ਸ਼ਾਮਲ ਸਨ, 19 ਅਕਤੂਬਰ 1831 ਨੂੰ ਸ਼ਿਮਲੇ ਤੋਂ ਚੱਲ ਕੇ 22 ਅਕਤੂਬਰ ਨੂੰ ਰੋਪੜ ਪਹੁੰਚਿਆ ਅਤੇ ਸਤਲੁਜ ਦੇ ਖੱਬੇ ਕੰਢੇ ਤੇ (ਮੌਜੂਦਾ ਮਹਾਰਾਜਾ ਰਣਜੀਤ ਸਿੰਘ ਪਾਰਕ ਵਾਲੀ ਥਾਂ) ਕੈਂਪ ਸਥਾਪਤ ਕਰ ਲਿਆ।

ਦੂਜੇ ਪਾਸੇ ਖ਼ਾਲਸਾ ਰਾਜ ਦੇ ਲਾਹੌਰ ਦਰਬਾਰ ਦਾ ਕਾਫ਼ਲਾ ਮਹਾਰਾਜਾ ਰਣਜੀਤ ਸਿੰਘ ਜੀ ਰਹਿਨੁਮਾਈ ਹੇਠ 17 ਅਕਤੂਬਰ (3 ਕੱਤਕ ) ਨੂੰ ਅੰਮ੍ਰਿਤਸਰ ਤੋਂ ਚੱਲਿਆ ਅਤੇ 24 ਅਕਤੂਬਰ (10 ਕੱਤਕ) ਨੂੰ ਰੋਪੜ ਨੇੜੇ ਸਤਲੁਜ ਦੇ ਸੱਜੇ ਕੰਢੇ ਕਾਠਗੜ੍ਹ ਪਿੰਡ ਵਿੱਚ ਬਣੇ ਕੈਂਪ ਵਿੱਚ ਪਹੁੰਚਿਆ। ਇਸ ਕਾਫ਼ਲੇ ਵਿੱਚ 10 ਹਜ਼ਾਰ ਦਰਸ਼ਨੀ ਸਿੱਖ ਘੋੜ ਸਵਾਰ ਨੌਜਵਾਨ, 6000 ਪੈਦਲ ਸਿੱਖ ਸਿਪਾਹੀ, ਖ਼ਾਲਸਾ ਦਰਬਾਰੀ, ਦੋ ਤੋਸ਼ੇਖਾਨੇ ਆਦਿ ਸ਼ਾਮਿਲ ਸਨ। ਪਿੰਡ ਕਾਠਗੜ੍ਹ ਵਿਖੇ ਖ਼ਾਲਸਈ ਝੰਡਾ ਲਹਿਰਾਅ ਕੇ ਮੌਜੂਦਾ ਕੋਟ-ਪੁਰਾਣ ਗੁਰਦੁਆਰਾ ਸਾਹਿਬ ਦੇ ਸਥਾਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਮੁਲਾਕਾਤ ਦੀ ਜਗ੍ਹਾ ਉੱਚੀ ਪਹਾੜੀ ਤੇ ਨਿਸ਼ਚਿਤ ਕੀਤੀ ਗਈ ਅਤੇ ਦਰਿਆ ਵਿੱਚ ਪਹਿਲਾਂ ਹੀ ਕਿਸ਼ਤੀਆਂ ਜੋੜ ਕੇ ਮਜ਼ਬੂਤ ਪੁਲ ਬਣਾ ਦਿੱਤਾ ਗਿਆ ਸੀ,ਜਿਸ ਉੱਤੇ ਦੋ ਹਾਥੀ ਇੱਕੱਠੇ ਲੰਘ ਸਕਦੇ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਆਮਦ ਪਤਾ ਲੱਗਣ ਤੇ ਲਾਰਡ ਵਿਲੀਅਮ ਬੈਂਟਿਕ ਨੇ ਤੁਰੰਤ ਮੇਜਰ ਮਰਸੀ ਅਤੇ ਚੀਫ਼ ਸਕੱਤਰ ਅੰਗਰੇਜ਼ੀ ਅਧਿਕਾਰੀਆਂ ਦੇ ਇੱਕ ਵਫ਼ਦ ਨੂੰ ਸ਼ੇਰ -ਏ-ਪੰਜਾਬ ਦਾ ਹਾਲ ਚਾਲ ਪੁੱਛਣ ਲਈ ਭੇਜਿਆ। ਇਹ ਖ਼ਾਲਸਾ ਰਾਜ ਦੀ ਸ਼ਾਨ ਅਤੇ ਮਾਣ ਮਰਿਆਦਾ ਦੀ ਉਚਾਈ ਦੇ ਸਿਖਰ ਦਾ ਸਬੂਤ ਹੈ। ਅਧਿਕਾਰੀਆਂ ਨਾਲ ਸਰਸਰੀ ਗੱਲ ਬਾਤ ਦੌਰਾਨ ਮਹਾਰਾਜੇ ਨੇ ਦੱਸਿਆ ਕਿ ਉਹਨਾਂ ਦੀ ਫੌਜ ਇੱਕ ਦਿਨ ਵਿੱਚ 20 ਕੋਹ ਜਾਂ 40 ਮੀਲ ਜਾਂ 65 ਕਿਲੋਮੀਟਰ ਸਫ਼ਰ ਤਹਿ ਕਰ ਲੈਂਦੀ ਹੈ। ਸਫ਼ਰ 'ਚ ਘੋੜਿਆਂ ਅਤੇ ਫੌਜ ਨੂੰ ਥਕਾਵਟ ਮਹਿਸੂਸ ਹੋਣ ਬਾਰੇ ਮਹਾਰਾਜਾ ਸਾਹਿਬ ਨੇ ਕਿਹਾ ਜਾਣੂੰਨ ਵਿੱਚ ਥਕਾਵਟ ਨਾ ਦੀ ਕੋਈ ਚੀਜ਼ ਨਹੀਂ ਹੁੰਦੀ।

'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਪੁਸਤਕ ਵਿੱਚ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਵਾਲੇ ਲਿਖਦੇ ਹਨ ਕਿ ਫਿਰ ਸ਼ੇਰ-ਏ-ਪੰਜਾਬ ਨੇ ਕੰਵਰ ਖੜਕ ਸਿੰਘ, ਸਰਦਾਰ ਹਰੀ ਸਿੰਘ ਨਲੂਆ, ਰਾਜਾ ਸੰਗਤ ਸਿੰਘ, ਅਤਰ ਸਿੰਘ ਸੰਧਾਵਾਲੀਆ, ਸ਼ਾਮ ਸਿੰਘ ਅਟਾਰੀ ਅਤੇ ਰਾਜਾ ਗੁਲਾਬ ਸਿੰਘ ਦੇ ਵਫ਼ਦ ਨੂੰ ਗਵਰਨਰ ਜਨਰਲ ਦੀ ਸੁੱਖਸਾਂਦ ਜਾਨਣ ਲਈ ਉਹਨਾਂ ਦੇ ਕੈਂਪ ਵਿਚ ਭੇਜਿਆ ਅਤੇ ਉਹਨਾਂ ਸ਼ਾਹੀ ਮੁਖੀਆਂ ਦੀ ਮੁਲਾਕਾਤ ਦਾ ਵਕਤ 26 ਅਕਤੂਬਰ ਸਵੇਰ ਮੁਕੱਰਰ ਕੀਤਾ, ਪਹਿਲੀ ਮੁਲਾਕਾਤ ਅੰਗਰੇਜ਼ੀ ਗਵਰਨਰ ਦੇ ਤੰਬੂ ਵਿੱਚ ਹੋਣੀ ਸੀ। ਚੁਗਲੀ ਬਾਜ਼ਾਂ ਚੋਂ ਕਿਸੇ ਨੇ ਮੁਲਾਕਾਤ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਗਵਰਨਰ ਜਨਰਲ ਵੱਲੋਂ ਜਨਰਲ ਐਲਾਰਡ ਰਾਹੀਂ ਪੂਰਾ ਯਕੀਨ ਦੁਆਉਣ ਤੇ ਮਿੱਥੀ ਤਰੀਕ ਨੂੰ ਸਵੇਰੇ ਮੁਲਾਕਾਤ ਸਿਰੇ ਚੜ੍ਹ ਗਈ। ਦੋਵੇਂ ਪਾਸਿ ' ਹਕੂਮਤ ਮੁਖੀ ਹਾਥੀਆਂ ਤੇ ਸਵਾਰ ਹੋ ਕੇ ਨਿੱਕਲੇ। ਪੰਜਾਬੀ ਪ੍ਰੰਪਰਾ ਮੁਤਾਬਿਕ ਬਰਾਬਰ ਦੇ ਦੋਸਤਾਂ ਵੱਲੋਂ ਮਿਲਣੀ ਸਮੇਂ ਸੋਬ ਭੇਂਟ ਕਰਨੇ ਸਨ। ਅੰਗਰੇਜ਼ੀ ਕੈਂਪ ਵਾਲੇ ਪਾਸੇ ਅੱਠ ਸੌ ਸਿਪਾਹੀ ਸਲਾਮੀ ਲਈ ਸੱਜਧੱਜ ਨਾਲ ਖੜਾਏ ਗਏ। ਮਹਾਰਾਜੇ ਨਾਲ ਵੀ ਚੋਣਵੇਂ ਦਰਬਾਰੀ ਅਤੇ ਦਰਸ਼ਨੀ ਸਿੱਖ ਫੌਜੀ ਸਨ। ਦੋਵੇਂ ਕੈਂਪਾਂ ਚੋਂ ਚਲ ਕੇ ਹਾਥੀ ਹਕੂਮਤ ਮੁਖੀਆਂ ਨੂੰ ਲੈ ਕੇ ਕਿਸ਼ਤੀਆਂ ਜੋੜ ਕੇ ਬਣਾਏ ਪੁਲ ਤੇ ਦਰਿਆ ਦੇ ਵਿਚਕਾਰ ਆ ਕੇ ਮਿਲੇ।

'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਪੁਸਤਕ ਅਨੁਸਾਰ ਮਿਲਣੀ ਵਕਤ 'ਬੋਲੇ ਸੋ ਨਿਹਾਲ ਅਤੇ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਿਹ॥' ਦੇ ਜੈਕਾਰਿਆਂ ਨਾਲ ਫ਼ਿਜ਼ਾ ਗੂੰਜ ਉੱਠੀ ਸੀ। ਦੋਵੇਂ ਮੁਖੀਆਂ ਨੇ ਹੱਥ ਮਿਲਾਇਆ ਅਤੇ ਮਹਾਨ ਖ਼ਾਲਸਾ ਰਾਜ ਮੁਖੀ ਨੂੰ ਗਵਰਨਰ ਜਨਰਲ ਨੇ ਆਪਣੇ ਹਾਥੀ ਉੱਪਰ ਬਿਠਾ ਲਿਆ। ਹਾਥੀ ਨੂੰ ਪਿੱਛੇ ਮੋੜਿਆ, ਕਿਨਾਰੇ ਤੇ ਖੜੀ ਅੰਗਰੇਜ਼ੀ ਫ਼ੌਜ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਸਲਾਮੀ ਦਿੱਤੀ। ਤੰਬੂ ਵਿੱਚ ਦੋਵਾਂ ਮੁਲਕਾਂ ਦੇ ਮੁਖੀਆਂ ਦੇ ਵਿਚਾਰ ਵਟਾਂਦਰੇ ਨੂੰ ਕੈਪਟਨ ਵੇਡ ਨੇ ਤਰਜ਼ਮਾ ਕਰਕੇ ਆਪਣਾ ਫ਼ਰਜ਼ ਇਮਾਨਦਾਰੀ ਨਾਲ ਨਿਭਾਇਆ ਸੀ। ਕੀਮਤੀ ਤੋਹਫ਼ਿਆਂ ਨਾਲ ਮਹਾਰਾਜੇ ਨੂੰ ਪਹਿਲੀ ਮੁਲਾਕਾਤ ਤੋਂ ਵਿਦਾਇਗੀ ਦਿੱਤੀ ਗਈ ਅਤੇ ਅਗਲੇ ਦਿਨ ਲਈ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਨੂੰ ਪੰਜਾਬ ਦੇ ਸ਼ਾਹੀ ਕੈਂਪ ਆਉਣ ਦਾ ਸੱਦਾ ਦਿੱਤਾ ਗਿਆ।

27-10-1831 ਨੂੰ ਅੰਗਰੇਜ਼ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਸਾਥੀ ਤੇ ਸਵਾਰ ਹੋ ਆਇਆ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਦਰਿਆ ਦੇ ਅੱਧ ਵਿਚਕਾਰ ਗਵਰਨਰ ਨੂੰ ਸ਼ਾਹੀ ਰਸਮਾਂ ਮੁਤਾਬਕ ਹੱਥ ਮਿਲਾ ਕੇ ਆਪਣੇ ਹਾਥੀ ਤੇ ਬਿਰਾਜਮਾਨ ਕਰ ਲਿਆ। ਜਿਵੇਂ ਹੀ ਮਹਾਰਾਜਾ ਗਵਰਨਰ ਨੂੰ ਲੈਕੇ ਪੰਜਾਬ ਵਿੱਚ ਦਾਖਲ ਹੋਇਆ ਸ਼ਾਹੀ ਫੌਜਾਂ ਨੇ ਸਲਾਮੀ ਦਿੱਤੀ ਅਤੇ ਪਹਾੜੀ ਉੱਤੇ ਜਿਸ ਸਥਾਨ ਤੇ ਇਹ ਖ਼ਾਲਸਾ ਰਾਜ ਦਾ ਨਿਸ਼ਾਨ ਸਾਹਿਬ ਅੱਜ ਵੀ ਝੂਲਦਾ ਹੈ, ਤੋਂ ਤੋਪਾਂ ਨਾਲ ਗੋਲੇ ਦਾਗ ਕੇ ਸਲਾਮੀ ਦਿੱਤੀ ਗਈ ਸੀ। "ਬੋਲੇ ਸੋ ਨਿਹਾਲ..." ਦੇ ਜੈਕਾਰਿਆਂ ਦੀ ਗੂੰਜ ਨਾਲ ਫ਼ਿਜ਼ਾ ਗੂੰਜ ਉੱਠੀ। ਸ਼ਾਹੀ ਦਰਬਾਰ ਦੇ ਤੰਬੂ ਵਿਚਲੀ ਸੁੰਦਰਤਾ ਨੂੰ ਦੇਖ ਗਵਰਨਰ ਹੱਕਾਂ ਬੱਕਾ ਰਹਿ ਗਿਆ। ਰਸਮੀ ਅਤੇ ਰਵਾਜ਼ਨੀ ਗੱਲਾਂ ਹੋਈਆਂ, ਭੋਜਨ ਛੱਕ ਕੇ ਅੰਗਰੇਜ਼ ਗਵਰਨਰ ਨੇ ਵਿਦਾਇਗੀ ਲਈ। ਕਨੱਈਆ ਲਾਲ ਲਿਖਦਾ ਹੈ ਕਿ ਮਹਾਰਾਜੇ ਨੇ ਅੰਗਰੇਜ਼ ਦੇ ਤੋਹਫ਼ਿਆਂ ਦੇ ਮੁਕਾਬਲੇ ਦੁੱਗਣੇ ਤੋਹਫ਼ੇ ਦਿੱਤੇ ਸਨ ਅਤੇ ਗਵਰਨਰ ਇਸਤੋਂ ਬਹੁਤ ਪ੍ਰਭਾਵਿਤ ਹੋਇਆ ਸੀ।

28-10-1831 ਨੂੰ ਮਹਾਰਾਜਾ ਰਣਜੀਤ ਸਿੰਘ ਨੇ ਗਵਰਨਰ ਜਨਰਲ ਨੂੰ ਰਾਤ ਦੇ ਖਾਣੇ ਤੇ ਸੱਦਿਆ ਗਿਆ ਅਤੇ ਅਗਲੇ ਦਿਨ 29-10-1831 ਨੂੰ ਗਵਰਨਰ ਬੈਂਟਿਕ ਵੱਲੋਂ ਮਹਾਰਾਜਾ ਰਣਜੀਤ ਸਿੰਘ ਨੂੰ ਰਾਤ ਦੇ ਭੋਜਨ ਤੇ ਸੱਦ ਲਿਆ।

ਪੰਜਵੇਂ ਦਿਨ 30 ਅਕਤੂਬਰ (16 ਕੱਤਕ) ਨੂੰ ਸਰਕਾਰੀ ਰਸਮਾਂ ਤੋਂ ਮੁਕਤ ਮਹਾਰਾਜਾ ਰਣਜੀਤ ਸਿੰਘ ਨੇ ਅੰਗਰੇਜ਼ੀ ਫੌਜ ਦਾ ਬਾਰੀਕੀ ਨਾਲ ਮੁਆਇਨਾ। ਫ਼ੌਜੀ ਅਫ਼ਸਰਾਂ ਤੋਂ ਉਹਨਾਂ ਦੀ ਮੁਸਤੈਦੀ, ਸਿਹਤ ਅਤੇ ਹਥਿਆਰਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ। ਵਲੈਤੀ ਫੌਜ ਨੇ ਆਪਣੇ ਆਪਣੇ ਕਰਤੱਬ ਦਿਖਾਕੇ ਮਹਾਰਾਜੇ ਨੂੰ ਪ੍ਰਭਾਵਿਤ ਕਰਨ ਲਈ ਜੱਦੋਜਹਿਦ ਲਗਾਈ। ਇਸ ਪਿੱਛੋਂ ਮਹਾਰਾਜਾ ਸਾਹਿਬ ਨਾਲ ਗਏ ਰਾਜਾ ਧਿਆਨ ਸਿੰਘ, ਰਾਜਾ ਸੁਚੇਤ ਸਿੰਘ, ਸਰਦਾਰ ਹਰੀ ਸਿੰਘ ਨਲੂਆ ਅਤੇ ਕੰਵਰ ਸ਼ੇਰ ਸਿੰਘ ਨੇ ਆਪਣੇ ਆਪਣੇ ਹੁਨਰ ਦੇ ਜੌਹਰ ਦਿਖਾਏ। ਫਿਰ ਮਹਾਰਾਜਾ ਰਣਜੀਤ ਸਿੰਘ ਨੇ ਖੁਦ ਘੋੜੇ ਤੇ ਸਵਾਰ ਹੋ ਕੇ ਤੇਜ਼ ਰਫ਼ਤਾਰ ਨਾਲ ਭਜਾ ਕੇ ਤਲਵਾਰ ਨਾਲ ਕਾਂਸ਼ੀ ਦੇ ਗੜਵੇ ਉੱਪਰ ਨਿਸ਼ਾਨ ਲਗਾਏ, ਅੰਗਰੇਜ਼ ਗਵਰਨਰ ਮਹਾਰਾਜੇ ਦੀ ਫੁਰਤੀ ਅਤੇ ਮੁਸਤੈਦੀ ਤੋਂ ਬੇਹੱਦ ਪ੍ਰਭਾਵਿਤ ਹੋਇਆ। ਬਿਨਾਂ ਸਰਕਾਰੀ ਰਸਮਾਂ ਤੋਂ ਮਹਾਰਾਜਾ ਸਾਹਿਬ ਖ਼ਾਲਸਾ ਫੌਜੀਆਂ ਅਤੇ ਦਰਬਾਰੀਆਂ ਨਾਲ ਆਪਣੇ ਸ਼ਾਹੀ ਕੈਂਪ ਵਿੱਚ ਵਾਪਿਸ ਪਰਤ ਆਏ।

31-10-1831 ਨੂੰ ਖ਼ਾਲਸਾ ਰਾਜ ਦੇ ਸੱਦੇ ਤੇ ਅੰਗਰੇਜ਼ੀ ਗਵਰਨਰ ਖ਼ਾਲਸਾ ਫੌਜਾਂ ਦੀ ਕਵਾਇਦ ਦੇਖਣ ਪਹੁੰਚਿਆ ਤਾਂ ਸ਼ਾਹੀ ਫੌਜਾਂ ਨੇ ਆਪਣੇ ਹੁਨਰ ਦਾ ਭਰਵਾਂ ਪ੍ਰਦਰਸ਼ਨ ਕੀਤਾ, ਸ਼ਾਹੀ ਫੌਜਾਂ ਦੇ ਜਜ਼ਬੇ, ਮੁਸਤੈਦੀ, ਬਹਾਦਰੀ, ਜੋਸ਼, ਹਿੰਮਤ, ਦ੍ਰਿੜਤਾ, ਅਤੇ ਸੂਰਬੀਰਤਾ ਭਰੇ ਕਰਤੱਬਾਂ ਨੂੰ ਦੇਖ ਕੇ ਦੰਗ ਰਹਿ ਗਿਆ।

ਡਾ. ਸੁਖਦਿਆਲ ਸਿੰਘ ਲਿਖਦੇ ਹਨ ਕਿ ਇਸੇ ਦਿਨ ਸ਼ਾਮ ਨੂੰ ਦੋਹਾਂ ਹਕੂਮਤਾਂ ਦੇ ਮੁਖੀ ਅਤੇ ਆਲ੍ਹਾ ਅਫ਼ਸਰ ਇਕੱਠੇ ਬੈਠੇ ਸਨ। ਲਾਰਡ ਵਿਲੀਅਮ ਬੈਂਟਿਕ ਨੇ 1809 ਈਸਵੀ ਵਾਲੀ ਲਾਹੌਰ ਸੰਧੀ ਦਾ ਕਾਗਜ਼ ਕੱਢ ਕੇ ਕਿਹਾ, "ਅੰਗਰੇਜ਼ੀ ਹਕੂਮਤ ਅਤੇ ਖ਼ਾਲਸਾ ਜੀ ਹਕੂਮਤ ਦਰਮਿਆਨ ਜੋ ਅਹਿਦਨਾਮਾ 22 ਸਾਲ ਪਹਿਲਾਂ ਲਿਖਿਆ ਗਿਆ ਸੀ, ਉਹ ਇਸਨੂੰ ਅੱਜ ਤੋਂ ਫਿਰ ਦੁਬਾਰਾ ਸਹੀ ਕਰਦੇ ਹਨ ਕਿ ਦੋਵਾਂ ਸਰਕਾਰਾਂ ਦੀ ਦੋਸਤੀ ਪਹਿਲਾਂ ਨਾਲੋਂ ਵੀ ਜ਼ਿਆਦਾ ਪੱਕੀ ਹੋਵੇਗੀ ਅਤੇ ਹੋਰ ਮੱਦ ਜੋੜ ਦਿੱਤੀ ਕਿ ਸਰਕਾਰਾਂ ਦੇ ਸਹਿਯੋਗ ਨਾਲ ਸਿੰਧ ਦਰਿਆ ਰਾਹੀਂ ਵਪਾਰ ਹੋਵੇਗਾ।"

ਦੋਵੇਂ ਸਰਕਾਰਾਂ ਨੇ ਦਸਤਖ਼ਤ ਕਰਕੇ ਇੱਕ ਦੂਜੇ ਨੂੰ ਮੁਬਾਰਕਾਂ ਦਿੱਤੀਆਂ, ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡੇ ਗਏ। ਸੰਧੀ ਦੀ ਖੁਸ਼ੀ 'ਚ ਗਵਰਨਰ ਜਨਰਲ ਨੇ ਪੰਜ ਪੰਜ ਪੌਂਡ ਦੇ ਗੋਲੇ ਦਾਗਣ ਵਾਲੀਆਂ ਨਵੀਆਂ ਨਕੋਰ ਦੋ ਤੋਪਾਂ ਤੋਹਫ਼ੇ ਚ ਖ਼ਾਲਸਾ ਰਾਜ ਨੂੰ ਭੇਂਟ ਕੀਤੀਆਂ।

ਰੋਪੜ ਸ਼ਹਿਰ ਵਿੱਚ ਸਤਲੁਜ ਦਰਿਆ ਕਿਨਾਰੇ ਜਿੱਥੇ ਅੰਗਰੇਜ਼ੀ ਹਕੂਮਤ ਦਾ ਕੈਂਪ ਸੀ, ਉੱਥੇ 1831 ਦੀਆਂ ਮੁਲਾਕਾਤਾਂ ਦੀ ਯਾਦਗਾਰ ਵਜੋਂ ਮਹਾਰਾਜਾ ਰਣਜੀਤ ਸਿੰਘ ਪਾਰਕ ਬਣਿਆ ਹੋਇਆ ਹੈ ਅਤੇ ਜਿਸ ਪਹਾੜੀ ਉੱਪਰ ਖੜਰੇ ਨਾਲ ਨਜ਼ਿੱਠਣ ਲਈ ਫ਼ੌਜੀ ਚੌਕੀ ਕਾਇਮ ਕਰਕੇ ਅਤੇ ਤੋਪਾਂ ਬੀੜ ਕੇ ਸਲਾਮੀ ਦਿੱਤੀ ਸੀ, ਉੱਥੇ ਖ਼ਾਲਸਾ ਰਾਜ ਦੀ ਹੱਦ ਨਿਸ਼ਚਿਤ ਹੋਣ ਵਜੋਂ ਖ਼ਾਲਸਈ ਨਿਸ਼ਾਨ ਸਾਹਿਬ ਲੱਗਾ ਹੋਇਆ ਹੈ,ਜੋ ਆਸਰੋਂ ਪਿੰਡ ਦੀ ਜ਼ਮੀਨ ਵਿਚ ਹੈ।

ਇੱਥੇ ਨਿਸ਼ਾਨ ਸਾਹਿਬ ਦੀ ਨੀਂਹ ਦੁਆਲੇ ਬਣੇ ਚਬੂਤਰੇ ਤੇ ਲੱਗੇ ਪੱਥਰ ਤੇ ਇਹ ਇਬਾਰਤ ਲਿਖੀ ਮਿਲਦੀ ਹੈ;

ੴ

ਮਹਾਰਾਜਾ ਰਣਜੀਤ ਸਿੰਘ ਦੇ ਝੰਡੇ ਦਾ ਪ੍ਰਤੀਕ

ਆਸਰੋ ਪਿੰਡ ਦੀ ਇਸ ਪਹਾੜੀ ਤੇ ਮਹਾਰਾਜਾ ਰਣਜੀਤ ਸਿੰਘ ਨੇ 1831 ਵਿੱਚ ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਵਿਲਿਅਮ ਬੈਂਟਿਕ ਨਾਲ ਮੁਲਾਕਾਤ ਤੋਂ ਪਹਿਲਾਂ ਪੰਜਾਬ ਦੀ ਅਜ਼ਾਦੀ ਦਰਸਾਣ ਲਈ ਸਰਕਾਰ ਖ਼ਾਲਸਾ ਦਾ ਝੰਡਾ ਲਹਿਰਾਇਆ ਅਤੇ ਤੋਪਾਂ ਬੀੜ ਕੇ ਫੌਜੀ ਚੌਕੀ ਕਾਇਮ ਕੀਤੀ। 1849 ਵਿਚ ਪੰਜਾਬ ਤੇ ਅੰਗਰੇਜ਼ੀ ਕਬਜ਼ੇ ਤੋਂ ਬਾਦ ਚੌਕੀ ਢਾਹ ਦਿੱਤੀ ਗਈ ਪਰ ਝੰਡੇ ਦਾ ਥੰਭਾ ਅਸਟਧਾਤੂ ਦਾ ਹੋਣ ਕਰਕੇ ਬਚ ਗਿਆ।ਅਜ਼ਾਦੀ ਦੇ ਮੋਢੀ ਸੰਗਰਾਮੀ ਇਥੇ ਆ ਕੇ ਅਜ਼ਾਦੀ ਦੇ ਝੰਡੇ ਨੂੰ ਮੁੜ ਲਹਿਰੌਣ ਦਾ ਪ੍ਰਣ ਕਰਦੇ ਰਹੇ। ਕਿਸੇ ਦੇਸ਼ ਭਗਤ ਨੇ ਝੰਡੇ ਦੇ ਮੁੱਢ ਉੱਪਰ ਹੇਠਲੀਆਂ ਸਤਰਾਂ ਲਿਖੀਆਂ;"ਯਹ ਨਿਸ਼ਾਨੀ ਹੈ ਕਿਸੀ ਪੰਜਾਬ ਕੇ ਦਿਲਦਾਰ ਕੀ, ਵਤਨ ਪੇ ਲੁਟੇ ਹੁਏ ਰਣਜੀਤ ਸਿੰਘ ਸਿਰਦਾਰ ਕੀ॥"

ਇਸ ਪਹਾੜੀ ਨੂੰ ਮਹਾਰਾਜਾ ਰਣਜੀਤ ਸਿੰਘ ਨੈਸ਼ਨਲ ਹੈਰੀਟੇਜ ਹਿੱਲ ਪਾਰਕ ਦਾ ਦਰਜਾ 19 ਅਕਤੂਬਰ 2001 ਨੂੰ ਦਿੱਤਾ ਗਿਆ।
ਪੰਜਾਬ ਹੈਰੀਟੇਜ ਐਂਡ ਐਜੂਕੇਸ਼ਨ ਫਾਊਂਡੇਸ਼ਨ
ਮਿਤੀ 15 ਜੂਨ 2003

ਇਹ ਸਥਾਨ ਲਗਾਤਾਰ ਪੰਜਾਬ ਦੀਆਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਰਿਹਾ ਹੈ।ਪਹਿਲਾਂ ਇਹ ਸਥਾਨ ਬਹੁਤ ਹੀ ਖਸਤਾ ਹਾਲਤ ਵਿੱਚ ਸੀ,ਪਰ ਹੁਣ ਉੱਥੇ ਤੱਕ ਪਹੁੰਚਣ ਲਈ ਪੌੜੀਆਂ ਬਣਾ ਦਿੱਤੀਆਂ ਗਈਆਂ ਹਨ।ਇਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਮਾਣਮੱਤੀ ਧਰੋਹਰ ਹੈ ਅਤੇ ਭਵਿੱਖ ਚ ਨੌਜਵਾਨਾਂ ਲਈ ਇਤਿਹਾਸਕ ਜਾਣਕਾਰੀ ਅਤੇ ਪ੍ਰੇਰਨਾਦਾਇਕ ਸਬੂਤ ਹੈ।

# ਪੰਜਾਬੀ ਸੂਬਾ ਮੋਰਚਾ 1955



ਆਜ਼ਾਦ ਹਿੰਦੁਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇਕ ਲੰਮਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵੱਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਵਿਚ ਪੰਜਾਬੀਆਂ ਦੀ ਵੱਡੀ ਵੱਸੋਂ ਸੀ। ਖੇਤੀ, ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਦਾ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬਾ ਦੀ ਮੰਗ ਉਠਾਈ। ਸੰਨ 1948 ਵਿਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ। ਜਿਸਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਹੀ ਸੀ। ਉਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗਬਣਿਆ। ਕਾਂਗਰਸ ਵੱਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਸੂਬਾ ਦੀ ਮੰਗ ਪੇਸ਼ ਹੋਈ ਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਗੂੰਜਣ ਲੱਗ ਪਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਦੇਸ਼ ਦੀ ਵੰਡ ਪਿੱਛੋਂ ਪੰਜਾਬ ਵਿਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖਾਲਸਾ ਦਲ ਦੇ ਨਾਮ ਦੀ ਇਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿਚ 132 ਸੀਟਾਂ ਵਿਚੋਂ ਕਾਂਗਰਸੀ ਸਿੱਖ ਇਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫਲ ਹੋਏ, ਜਿਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ ਤੇ ਰੋਕਾਂ ਪਾਈਆਂ ਜਾਣ ਲੱਗੀਆਂ ਕਿ ਇਸ ਨਾਲ ਹਿੰਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ-ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ ਤੇ ਰੋਕ ਲਾਉਣ ਲਈ ਨਾਅਰਿਆਂ ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ, 1954 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਾਗਮ ਜਲੂਸ ਵਿਚ ਡਾਕਟਰ ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ।ਜਿਸਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ। ਪਰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਖਾਮੋਸ਼ ਸੀ। ਕਿਉਂਕਿ ਇਹ ਸਭ ਕੁਝ ਉਸਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿਚ ਵਿਘਨ ਪਾਉਣਾ ਚਾਹੁੰਦੇ ਸਨ। ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਂ ਜਾਰੀ ਹੋਏ ਅਤੇ ਪਹਿਲੀ ਇਕੱਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਹੀਂ ਚੜ੍ਹਨ ਦਿੱਤਾ। ਚੰਡੀਗੜ੍ਹ ਤੋਂ ਐਲਾਨ ਹੋਇਆ ਕਿ ਇਕੱਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇਕੱਤਰਤਾ ਦੀ ਤਾਰੀਖ 27 ਜਨਵਰੀ, 1955 ਰੱਖ ਦਿੱਤੀ। ਸਰਦਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿਚ ਮੁਸ਼ਕਿਲਾਂ ਪਾਉਣ ਲਈ ਉਸਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖਾਸਤ ਕਰ ਦਿੱਤਾ। ਵਕੀਲ ਸ. ਸਰਦੂਲ ਸਿੰਘ ਨੂੰ ਆਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ ਕਿ ਇਹ ਲੋਕਤੰਤਰ ਦੇ ਖਿਲਾਫ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਾਰੀਆਂ ਕਮੇਟੀਆਂ ਵਿਚ ਆਪਣਾ ਇਕ-ਇਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ। ਪਰ ਸਰਕਾਰ ਨੇ 10-11 ਜਨਵਰੀ 1955 ਨੂੰ ਸਰਕਾਰ ਪੱਖੀ ਖਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਆਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਗੱਲ ਕਰਨੀ ਚਾਹੀ। ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰਾਂ ਸ. ਰਵੇਲ ਸਿੰਘ ਤੇ ਸ. ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੇ ਦਖਲ ਦਾ ਇਲਜ਼ਾਮ ਲਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ, ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ। ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ ਲਈ ਕੁਰਬਾਨੀਆਂ ਦੀ ਲੋੜ ਹੈ। ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਂਟ ਮੁਹੱਲੇ ਦੇ ਹੋਣ ਵਾਲੇ ਜਲੂਸ ਵਿਚ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤੀ। ਮਾਸਟਰ ਜੀ ਅਤੇ ਸਰਦਾਰ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਅਰੇ ਨਾ ਲਾਉਣ। ਜਲੂਸ ਘੰਟਾ ਘਰ ਚੌਂਕ ਤੱਕ ਪੁੱਜਾ। ਲੁਧਿਆਣਾ ਦੇ ਡਾਕਟਰ ਕਾਲੀਚਰਨ ਦੇ ਗੁੰਡੇ ਚੌਂਕ ਵਿਚ ਖੜ੍ਹੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿਚ ਵੀ ਜਲੂਸ ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿਚ ਸ਼ਾਂਤੀਪੂਰਨ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇਕਤਰਫਾ ਇਤਰਾਜ਼ਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਜੀ ਨੇ ਕਿਹਾ ਕਿ ਹੁਣ ਜਲੂਸ ਉਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ 'ਸੱਚਰ ਮੁਰਦਾਬਾਦ' ਦੇ ਨਾਅਰੇ ਲਾਏ।

ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫਤਾਰ ਕੀਤੇ। ਗੁਰੂ ਕਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤੱਕ ਪੰਜਾਬੀ ਸੂਬਾ ਦੇ ਨਾਅਰਿਆਂ ਤੋਂ ਪਾਬੰਦੀ ਹਟਾਈ ਜਾਵੇ। ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1, 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇਕੱਤਰਤਾ ਵਿਚ ਅਕਾਲੀਆਂ ਵੱਲੋਂ ਸ. ਗੋਪਾਲ ਸਿੰਘ ਖਾਲਸਾ, ਸ. ਰਾਮਦਿਆਲ ਸਿੰਘ ਤੇ ਸ. ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵੱਲੋਂ ਡਾਕਟਰ ਕਾਲੀਚਰਨ ਤੇ ਸਾਥੀ ਸਨ। ਫੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ ਜਵਾਬੀ ਨਾਅਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸੱਚਰ ਮੁੱਖ ਮੰਤਰੀ ਨੇ ਸ. ਅਜਮੇਰਸਿੰਘ ਅਤੇ ਸਾਥੀਆਂ ਨਾਲ ਮੁਲਾਕਾਤ ਵਿਚ ਕਿਹਾ ਕਿ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ, 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ 9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ 'ਤੇਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਨਾਲ ਗ੍ਰਿਫਤਾਰੀਆਂ ਦੇਣ ਲਈ ਕਿਹਾ। ਮਈ 10, 1955 ਨੂੰ ਮਾਸਟਰ ਜੀ ਦੀ ਗ੍ਰਿਫਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ ਫਿਰ ਰੋਹਤਕ ਜੇਲ੍ਹ ਭੇਜ ਦਿੱਤਾ।

ਮੋਰਚੇ ਦੇ ਦੂਸਰੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਇਕ ਮਹੀਨਾ ਮੋਰਚਾ ਚਲਾਇਆ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 25 ਮਈ 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਲਈ ਗ੍ਰਿਫਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿਚ ਗ੍ਰਿਫਤਾਰਆਂ ਦੀ ਮੁਹਿੰਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇਕ ਵੀ ਮੈਂਬਰ ਅਤੇ ਆਗੂ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦਿੱਤਾ। ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਸ. ਕਪੂਰ ਸਿੰਘ ਨੇ ਅਖਬਾਰਾਂ ਰਾਹੀਂ ਸਰਕਾਰੀ ਤਜਵੀਜ਼ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ਼ ਠੁਕਰਾ ਦਿੱਤੀ ਗਈ।

ਸੰਗਤਾਂ ਵਿਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉਤਰ ਪ੍ਰਦੇਸ਼, ਬੰਬਈ, ਕਾਨਪੁਰ ਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵੱਲ ਵਹੀਰਾ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇਕ ਮਹੀਨੇ ਵਿਚ ਹੀ 5000 ਗ੍ਰਿਫਤਾਰੀਆਂ ਹੋਈਆਂ। ਮੋਰਚੇ ਵਿਚ ਆਉਂਦੀ ਤੇਜੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜੀ ਅਖਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿਚ ਆਉਣ ਦਾ ਪ੍ਰਚਾਰ ਕੀਤਾ ਕਿ ਉਹਨਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਕਿ ਗੁਰਦੁਆਰੇ ਵਿਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1955 ਨੂੰ 25 ਕਾਂਗਰਸੀ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ. ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿਚ ਜਾ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸ. ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ, ਵੇਖਦੇ ਹਾਂ ਦੀਵਾਨ ਵੱਲ ਕੌਣ ਆਉਂਦਾ ਹੈ। ਸ. ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਕੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿਚ ਅਥਾਹ ਜੋਸ਼ ਭਰ ਗਿਆ। ਬਾਬਾਹਰਿਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਲੈ ਕੇ ਨਹੀਂ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15, 1955 ਤੱਕ ਗ੍ਰਿਫਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ, ਜਦੋਂ ਤੱਕ ਨਾਅਰਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੰਘਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫਤਾਰੀਆਂ ਹੋਈਆਂ। ਜੂਨ 29, 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ ਤੇ ਗ੍ਰਿਫਤਾਰੀਆਂ ਹੋਈਆਂ। ਜੂਨ 29 ਆਜ਼ਾਦ ਪੰਜਾਬ ਦਿਨ, ਜੂਨ 30, 1955 ਨੂੰ ਘੱਲੂਘਾਰਾ ਦਵਸ ਤੇ ਜੁਲਾਈ 3, 1955 ਨੂੰ ਵੀ ਗ੍ਰਿਫਤਾਰੀਆਂ ਹੋਈਆਂ, ਜੋ ਸ਼ਹਿਰੀ ਆਜ਼ਾਦੀ ਦਾ ਦਿਨ ਸੀ।

ਪੰਜਾਬ ਦੇ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਉਪ ਇੰਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖਤੀ ਨਾਲ ਦਬਾਅ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿਚ ਜਾ ਕੇ ਪੰਜਾਬੀ ਸੂਬਾ ਮੋਰਚਾ ਵਿਰੁੱਧ ਪ੍ਰਚਾਰ ਕਰਨ। ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਾਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਹਨਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫਤਿਹ ਕਰਨ ਤੋਂ ਬਿਨਾਂ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਸਿੱਖ ਕੌਮ ਖੜ੍ਹੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ ਪਹਿਲਾਂ ਹੀ ਗ੍ਰਿਫਤਾਰ ਕਰ ਲਓ, ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ੍ਹ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫਤੇ, ਜਲੰਧਰ ਡਵੀਜ਼ਨ ਦੇ ਉਪ ਇੰਸਪੈਕਟਰ ਜਨਰਲ ਪੁਲਿਸ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣਦੀ ਵਿਉਂਤ ਬਣਾਈ। ਉਸਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੇ, ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰ੍ਹਾਂ ਉਸਨੇ 4 ਜੁਲਾਈ, 9 ਜੁਲਾਈ 1955 ਤੱਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖੀਰ ਵਿਚ ਜੰਗਲਾ ਲਵਾ ਲਿਆ। ਜਿਸਦੀ ਨਿਗਰਾਨੀ ਅਕਾਲੀ ਦਲ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜ੍ਹੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਅਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂਰਾਮਦਾਸ ਸਰਾਂ ਤੋਂ ਅਕਾਲੀ ਦਫਤਰ ਤੱਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੈਂਸੀ ਬੰਦੂਕਾਂ ਜਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋ ਗਈ। ਬਿਨਾਂ ਵਰੰਟਾਂ ਦੇ ਗ੍ਰਿਫਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸ਼ਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫਤਰਾਂ 'ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਦੇ ਸਤਿਆਗ੍ਰਹੀ ਗ੍ਰਿਫਤਾਰ ਕਰ ਲਏ ਅਤੇ ਹੋਰ ਮੁਸਾਫਰ ਵੀ ਟਰੱਕਾਂ ਵਿਚ ਬਿਠਾ ਕੇ ਜੇਲ੍ਹ ਵਿਚ ਲੈ ਗਏ।

ਮੰਜੀ ਸਾਹਿਬ ਦੀਵਾਨ ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ ਉਤੇ ਚੜ੍ਹ ਕੇ ਜੈਕਾਰੇ ਲਾਉਣ ਲੱਗ ਪਏ। ਸਰਦਾਰ ਹੁਕਮ ਸਿੰਘ ਨੇ ਕਿਹਾ ਕਿ ਫੌਜ ਨੂੰ ਵਾਪਸ ਭੇਜੋ। ਫੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗੋਲੀ ਖਾਣ ਲਈ ਤਿਆਰ ਹਨ। ਇੱਥੇ ਰਹਿਣ, ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀਪੂਰਵਕ ਰੋਕ ਲਿਆ। ਪੁਲਿਸ ਨੇ ਅੱਥਰੂ ਗੈਸ ਅਤੇ ਡਾਂਗਾਂ ਦੀ ਵਰਤੋਂ ਕੀਤੀ। ਸੰਗਤਾਂ ਵਿਚ ਭਗਦੜ ਮੱਚ ਗਈ। ਸਿੰਘ ਡਟੇ ਰਹੇ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ 'ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿਚ ਜ਼ਖਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜਾਮ ਲਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚੱਲੀਆਂ ਹਨ। ਪਰ ਪੁਲਿਸ ਵਾਲੇ ਜ਼ਖਮੀ ਨਹੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵੱਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠੀ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ 'ਤੇ ਅੱਥਰੂ ਗੈਸ ਛੱਡੀ ਗਈ ਅਤੇ ਉਹਨਾਂ ਦਾ ਪਰਿਵਾਰ ਉਥੋਂ ਕੱਢ ਦਿੱਤਾ। ਪੁਲਿਸ ਅਫਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਇੱਟਾਂ, ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪ੍ਰਕਰਮਾ ਵਿਚ ਇਕ ਦੀਵਾਰ ਡਿੱਗ ਪਈ। ਜਿਸ ਹੇਠ ਬਹੁਤ ਸਾਰੀ ਸੰਗਤ ਜ਼ਖਮੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ। ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜ਼ਿਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖਤ ਸਾਹਿਬ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ। ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖਬਾਰਾਂ ਵਿਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ ਤੇ ਪੁਲਿਸ ਦਾ ਕਬਜ਼ਾ ਸੀ। ਪ੍ਰਕਰਮਾ ਵਿਚ ਜਾਣ ਦਾ ਦਰਵਾਜ਼ਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ। ਪਿਸਤੌਲਾਂ ਤਣੀਆਂ ਹੋਈਆਂ ਸਨ। ਪਰ ਸਤਿਆਗ੍ਰਹੀ ਨੌਜਵਾਨ ਪਿੱਛੇ ਨਹੀਂ ਹਟੇ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਲੱਗਾ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੰਘਾਂ ਨੂੰ ਅੱਗੇ ਆਉਣ ਲਈ ਕਿਹਾ। ਸਿੰਘ ਸ਼ਾਂਤਮਈ ਡਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲਾਉਂਦੇ ਡਾਂਗਾਂ ਖਾਂਦੇ ਤੇ ਉਹ ਗ੍ਰਿਫਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ। ਅਜੀਤ ਅਤੇ ਅਕਾਲੀ ਪੱਤ੍ਰਿਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖਬਰਾਂ ਅਖਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖਬਾਰ ਬਹਾਲ ਹੋਏ। ਭਾਵੇਂ ਬੀ. ਬੀ. ਸੀ. ਲੰਡਨ ਅਤੇ ਅਮਰੀਕਾ ਤੱਕ ਖਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਕਬਜ਼ਾ ਕਰਕੇ, ਦਰਬਾਰ ਸਾਹਿਬ ਦੀ ਨਾਕਾਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ 'ਤੇ ਕਬਜ਼ਾ ਕਰ ਲਿਆ।

**(ਬਾਕੀ ਅਗਲੇ ਸਫੇ 'ਤੇ)**

# ਯੋਗ ਵਿੱਦਿਆ ਦੇ ਅਸਲੀ ਰਚਨਹਾਰ ਰਿਸ਼ੀ ਕਪਿਲ ਮੁਨੀ ਸਨ



ਪ੍ਰੇਮ ਲਤਾ (ਪ੍ਰਿੰਸੀਪਲ)
ਸਰਦਾਰ ਪਟੇਲ ਗਰੀਨ ਵੁੱਡ ਪਬ. ਸੀਨੀ. ਸੈਕੰ. ਸਕੂਲ
ਧੂਰੀ -148024 (ਸੰਗਰੂਰ)

ਮੌਰੀਆ ਸਾਮਰਾਜ ਦਾ ਅੰਤਿਮ ਸ਼ਾਸ਼ਕ ਬ੍ਰਹਦ੍ਰਥ ਸੀ। ਉਸਦੇ ਸੈਨਾਪਤੀ ਪੁਸ਼ਯ ਮਿੱਤਰ ਨੇ ਬ੍ਰਹਦ੍ਰਥ ਦੀ ਹੱਤਿਆ ਕਰਕੇ ਮਗਧ ਉਪੱਰ ਆਪਣਾ ਰਾਜ ਸਥਾਪਿਤ ਕਰ ਲਿਆ। ਜਿਸ ਨੂੰ ਸ਼ੁੰਗਵੰਸ਼ ਦਾ ਨਾਮ ਦਿੱਤਾ ਜਾਂਦਾ ਹੈ। ਇਸ ਰਾਜਵੰਸ਼ ਨੇ 112 ਸਾਲ (184-72 ਈ: ਪੂ:) ਤੱਕ ਮਗਧ ਤੇ ਰਾਜ ਕੀਤਾ। ਇਸ ਰਾਜਵੰਸ਼ ਦਾ ਪੁਸ਼ਯਮਿੱਤਰ ਬਹੁਤ ਹੀ ਪ੍ਰਤਾਪੀ ਰਾਜਾ ਹੋਇਆ ਹੈ। ਉਸਦੇ ਸ਼ਾਸ਼ਨਕਾਲ ਵਿੱਚ ਵੈਦਿਕ ਸੰਸਕ੍ਰਿਤੀ ਦੀ ਬਹੁਤ ਤਰੱਕੀ ਹੋਈ। ਸੰਸਕ੍ਰਿਤ, ਰਾਜ ਭਾਸ਼ਾ ਸੀ। ਇਸੇ ਕਾਲ ਵਿੱਚ (150 ਈ: ਪੂ:) ਗੌਂਡਾ (ਉੱਤਰ ਪ੍ਰਦੇਸ਼) ਵਿੱਚ ਪਤੰਜ਼ਲੀ ਰਿਸ਼ੀ ਹੋਏ ਸਨ। ਇਸੇ ਕਾਲ ਵਿੱਚ ਮਨੂਸਮ੍ਰਿਤੀ ਲਿਖੀ ਗਈ। ਸ਼ੁੰਗਵੰਸ਼ ਦੇ ਸ਼ਾਸਕਾਂ ਨੇ ਬੁੱਧ, ਸ਼ੈਵ ਅਤੇ ਵੈਸ਼ ਦੀ ਤਿਕੋਣ ਨੂੰ ਅਪਣਾਇਆ। ਸਾਂਚੀ, ਭਰਹੁਤ ਸਤੂਪ ਉਨ੍ਹਾਂ ਨੇ ਹੀ ਬਣਵਾਏ ਸਨ।

ਅਸ਼ਟਾਂਗ ਯੋਗ ਦਾ ਅਧਾਰ :- ਪਤੰਜ਼ਲੀ ਰਿਸ਼ੀ ਦੇ ਅਸ਼ਟਾਂਗ ਯੋਗ ਦਾ ਅਧਾਰ ਕਪਿਲ ਮੁਨੀ ਦਾ ਸਾਂਖਯ ਦਰਸ਼ਨ ਹੈ। ਕਪਿਲ ਮੁਨੀ, ਪਤੰਜ਼ਲੀ ਰਿਸ਼ੀ ਤੋਂ ਕਈ ਸਦੀਆਂ ਪਹਿਲਾਂ ਹੋਏ ਹਨ। ਕਪਿਲ ਮੁਨੀ ਨੇ ਸਾਂਖਯ ਦਰਸ਼ਨ ਵਿੱਚ ਪ੍ਰਕ੍ਰਿਤੀ ਨੂੰ ਪ੍ਰਧਾਨ ਦੱਸਦੇ ਹੋਏ ਕਿਹਾ ਹੈ, 'ਇਸ ਤੋਂ ਹੀ ਜਗਤ ਦੀ ਉਤਪਤੀ ਹੋਈ ਹੈ'। ਇਸ ਦਰਸ਼ਨ ਮੁਤਾਬਿਕ ਹਰ ਕਾਰਜ ਦਾ ਕਾਰਨ ਮੌਜੂਦ ਹੁੰਦਾ ਹੈ। ਸਾਂਖਯ ਦਰਸ਼ਨ, ਮੁੱਖ 25 ਤੱਤਾਂ ਨੂੰ ਮੰਨਦਾ ਹੈ, ਇਹ ਈਸ਼ਵਰ ਦੀ ਸੱਤਾਂ ਨੂੰ ਨਹੀਂ ਮੰਨਦਾ। ਸ਼੍ਰੀ ਕ੍ਰਿਸ਼ਨ ਨੇ ਭਗਵਤ ਗੀਤਾ ਵਿੱਚ ਕਿਹਾ ਹੈ, ਮੈਂ ਸੰਪੂਰਨ ਵਿਅਕਤੀਆਂ ਵਿੱਚੋਂ, ਰਿਸ਼ੀ ਕਪਿਲ ਮੁਨੀ ਹਾਂ। ਮਹਾਤਮਾ ਬੁੱਧ ਨੇ ਆਪਣੇ ਗੁਰੂ ਆਗੜ੍ਹ ਕਲਾਮ ਕੋਲੋਂ ਕਪਿਲ ਮੁਨੀ ਦੇ ਸਾਂਖਯ ਦਰਸ਼ਨ ਦੀ ਵਿਦਿਆ ਹਾਸਲ ਕੀਤੀ ਸੀ, ਅੱਗੇ ਚੱਲਕੇ ਸਾਂਖਯ ਦਰਸ਼ਨ ਹੀ ਬੁੱਧ ਧਰਮ ਅਤੇ ਜੈਨ ਧਰਮ ਦੀ ਸਿੱਖਿਆ ਦਾ ਅਧਾਰ ਬਣਿਆ। ਕਪਿਲ ਮੁਨੀ ਦੇ ਚੇਲਿਆਂ ਨੇ ਹੀ ਬੁੱਧ ਅਤੇ ਜੈਨ ਧਰਮ ਦੇ ਕੇਂਦਰ ਕਪਿਲਵਸਤੂ ਦੀ ਨੀਂਹ ਰੱਖੀ।

ਪਤੰਜ਼ਲੀ ਰਿਸ਼ੀ ਨੇ ਕਪਿਲ ਦੇ 25 ਤੱਤਾਂ ਵਿੱਚ ਈਸ਼ਵਰ ਦੀ ਸੱਤ੍ਹਾ ਦਾ ਤੱਤ ਜੋੜਕੇ 26 ਤੱਤਾਂ ਦੇ ਆਧਾਰ ਤੇ ਯੋਗ ਸੂਤਰ ਦੀ ਵਿਆਖਿਆ ਕੀਤੀ ਹੈ। ਯੋਗ ਸ਼ਬਦ ਸੰਸਕ੍ਰਿਤ ਦੀ ਯੁਜ ਧਾਤੂ ਤੋਂ ਬਣਿਆ ਹੈ, ਜਿਸਦਾ ਸਧਾਰਣ ਅਰਥ ਹੈ ਜੋੜਨਾ, ਫਲਸਰੂਪ ਪਤੰਜ਼ਲੀ ਯੋਗ ਸੂਤਰ ਵਿੱਚ ਯੋਗ ਦਾ ਅਰਥ ਆਤਮਾ-ਪ੍ਰਮਾਤਮਾ ਦੀ ਸੰਪੂਰਨ ਏਕਤਾ ਹੈ। ਪਤੰਜ਼ਲੀ ਦਾ ਯੋਗ ਸ਼ਾਸਤਰ ਕਪਿਲ ਦੇ ਸਾਂਖਯ ਦਰਸ਼ਨ ਦੀ ਤਾਇਦ ਕਰਦਾ ਹੋਇਆ ਮਨੁੱਖ ਨੂੰ ਉਸ ਅਵਸਥਾ ਵਿੱਚ ਲੈ ਜਾਂਦਾ ਹੈ, ਜਿੱਥੇ ਉਹ ਸੰਸਾਰਿਕ ਚਿੰਤਾਵਾਂ ਤੋਂ ਮੁਕਤ ਹੋਕੇ ਪ੍ਰਕ੍ਰਿਤੀ ਨਾਲ ਸੰਪੂਰਨ ਜੁੜਾਵ ਦੀ ਸਥਿਤੀ ਵਿੱਚ ਆਉਂਦਾ।

ਅਸ਼ਟਾਂਗ ਯੋਗ :- ਮਹਾਰਿਸ਼ੀ ਪਤੰਜ਼ਲੀ ਨੇ ਯੋਗ ਦੇ ਅੱਠ ਅੰਗ ਦੱਸੇ ਹਨ। ਇਨ੍ਹਾਂ ਅੱਠ ਅੰਗਾਂ ਨੂੰ ਜੋੜਕੇ ਅਸ਼ਟਾਂਗ ਯੋਗ ਬਣਦਾ ਹੈ। ਇਹ ਅੱਠ ਅੰਗ ਹਨ: ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ।

ਹ.) ਯਮ: ਇਹ ਅਸ਼ਟਾਂਗ ਯੋਗ ਦਾ ਪਹਿਲਾ ਅੰਗ ਹੈ। ਇਸ ਵਿੱਚ ਮਨੁੱਖ ਦੇ ਜੀਵਨ ਵਿੱਚ ਅਨੁਸ਼ਾਸ਼ਨ ਨੂੰ ਕਾਇਮ ਕਰਨ ਦੇ ਉਪਾਅ ਦੱਸੇ ਗਏ ਹਨ। ਯਮ ਦੇ ਤੱਤ ਹਨ:-

(ੳ) ਅਹਿੰਸਾ (Non-Violence)

(ਅ) ਸੱਤਿਆ (Truth fullness)

(ੲ) ਅਸ਼ਤੇਯ (Non-thieving - ਚੋਰੀ ਨਾ ਕਰਨਾ)

(ਸ) ਬ੍ਰਹਮਚਰਿਆ:- ਮਾਨਸਿਕ ਸੋਚ, ਬਚਨ ਅਤੇ ਕਰਮ ਦੁਆਰਾ ਇੰਦਰੀਆਂ ਅਤ ਮਨ ਉਪੱਰ ਕਾਬੂ ਰੱਖਣਾ ਹੀ ਬ੍ਰਹਮਚਰਿਆ ਹੈ।

(ਹ) ਅਪਰਿਗ੍ਰਹਿ : ਅਪਰਿਗ੍ਰਹਿ ਦਾ ਅਰਥ ਹੈ, ਜੀਵਨ ਜੀਉਣ ਲਈ ਘੱਟੋ-ਘੱਟ ਧਨ ਦੌਲਤ, ਵਸਤਰ, ਜਮੀਨ-ਜਾਇਦਾਦ ਆਦਿ ਨਾਲ ਸਬਰ ਸੰਤੋਖ ਵਾਲਾ ਜੀਵਨ ਬਤੀਤ ਕਰਨਾ।

-2) ਨਿਯਮ : (Self-Purification) ਪੰਜ ਯਮਾਂ ਤੋਂ ਬਾਅਦ ਪੰਜ ਨਿਯਮਾਂ ਦੀ ਵਾਰੀ ਆਉਂਦੀ, ਇਹ ਹਨ: ਸ਼ੌਚ, ਸੰਤੋਸ਼, ਤਪ, ਸਵਾਧਿਆਏ ਅਤੇ ਈਸ਼ਵਰ-ਪ੍ਰਾਣਿਧਾਨ।

(ੳ) ਸ਼ੌਚ (Purity) - ਸ਼ੌਚ ਦਾ ਦਾਯਰਾ ਬਹੁਤ ਵਿਆਪਕ ਹੈ। ਸਾਫ਼ ਪਾਣੀ ਨਾਲ ਸ਼ਰੀਰ ਦੀ ਸ਼ੁੱਧੀ, ਤਪ ਨਾਲ ਆਤਮਾ ਦੀ ਸ਼ੁੱਧੀ, ਗਿਆਨ ਨਾਲ ਬੁੱਧੀ ਦੀ ਸ਼ੁੱਧੀ, ਇਰਦ-ਗਿਰਦ ਦੇ ਵਾਤਾਵਰਣ ਦੀ ਸ਼ੁੱਧੀ, ਪਾਉਣ ਵਾਲੇ ਕੱਪੜਿਆਂ ਦੀ ਸ਼ੁੱਧੀ, ਮਲ ਮੂਤਰ ਦੇ ਤਿਆਗ ਨਾਲ ਅੰਦਰਲੇ ਸ਼ਰੀਰ ਦੀ ਸ਼ੁੱਧੀ ਇਹ ਸਾਰੀਆਂ ਗੱਲਾਂ ਸ਼ੋਚ ਵਿੱਚ ਆਉਂਦੀਆਂ ਹਨ।

(ਅ) ਸੰਤੋਖ (Contentment) : ਤ੍ਰਿਸ਼ਨਾ ਦਾ ਅੰਤ ਕਰਕੇ ਹੀ ਸੰਤੋਖ ਪ੍ਰਾਪਤ ਕੀਤਾ ਜਾ ਸਕਦਾ ਹੈ। ਆਪਣੇ ਦਸਾਂ ਨਹੂੰਆਂ ਦੀ ਕਿਰਤ ਕਮਾਈ ਨਾਲ ਪ੍ਰਾਪਤ ਕੀਤੀ ਧਨ ਦੌਲਤ ਵਿੱਚ ਸੁਖ ਅਨੁਭਵ ਕਰਨਾ ਹੀ ਸੰਤੋਖ ਹੈ।

(ੲ) ਤਪ (Austerity) : ਸ਼ਰੀਰ, ਇੰਦਰੀਆਂ ਅਤੇ ਮਨ ਦੇ ਸੰਜ਼ਮ ਨੂੰ ਹੀ ਤਪ ਕਿਹਾ ਜਾਂਦਾ ਹੈ। ਆਪਣੇ ਸਦ ਉਦੇਸ਼ ਦੀ ਪ੍ਰਾਪਤੀ ਲਈ ਦੁੱਖ ਰੁਕਾਵਟਾਂ, ਵਿਰੋਧੀ ਹਾਲਾਤਾਂ ਆਦਿ ਦੀ ਚੁਨੌਤੀ ਨੂੰ ਸਹਿਜਤਾ ਨਾਲ ਖਿੜੇ ਮੱਥੇ ਸਵੀਕਾਰਦੇ ਹੋਏ, ਮਨ ਨੂੰ ਵਿਚਲਤ ਕੀਤੇ ਬਿਨ੍ਹਾਂ ਆਪਣੇ ਪਰਮ ਉਦੇਸ਼ ਵੱਲ ਅੱਗੇ ਵੱਧਦੇ ਜਾਣਾ ਹੀ ਤਪ ਹੈ।

(ਸ) ਸਵਾਧਿਆਏ : (Study of the sacred scriptures and of one's self) ਆਪਣੇ ਆਪ ਦਾ ਅਧਿਐਨ ਕਰਨਾ-ਆਪਣੇ ਆਪ ਨੂੰ ਜਾਣਨਾ ਹੀ ਸਵਾ ਧਿਆਏ ਹੈ।

(ਹ) ਈਸ਼ਵਰ ਪ੍ਰਾਣਿਧਾਨ : (Surrender to God) ਪ੍ਰਮਾਤਮਾ ਦੇ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਣਾ ਹੀ ਈਸ਼ਵਰ ਪ੍ਰਾਣਿਧਾਨ ਹੈ।

-3) ਆਸਨ : (Postures) ਪਤੰਜ਼ਲੀ ਯੋਗ ਸੂਤਰ ਦੇ ਅਨੁਸਾਰ ਯੋਗ ਆਸਨਾ ਦਾ ਅਭਿਆਸ ਕਰਨ ਨਾਲ ਸ਼ਰੀਰਿਕ ਸਥਿਰਤਾ ਅਤੇ ਸੁਖ ਦਾ ਅਹਿਸਾਸ ਹੁੰਦਾ ਹੈ। ਸ਼ਰੀਰਿਕ ਸਥਿਰਤਾ ਵਿੱਚ ਹੱਡੀਆਂ, ਮਾਸਪੇਸ਼ੀਆਂ, ਤੰਤਰਿਕਾ-ਤੰਤਰ, ਗ੍ਰੰਥੀਆਂ, ਪਾਚਨ ਕਿਰਿਆ, ਸਾਹ-ਪ੍ਰਣਾਲੀ, ਖ਼ੂਨ ਦਾ ਦੌਰਾ ਆਦਿ ਆਉਂਦੀਆਂ ਹਨ। ਇਨ੍ਹਾਂ ਸਭਨਾ ਦਾ ਨਿਯੰਤ੍ਰਣ ਅਤੇ ਇੱਕ ਰੂਪ ਹੋਕੇ ਕੰਮ ਕਰਨਾ-ਸਰੀਰਿਕ ਸਥਿਰਤਾ ਨੂੰ ਦਰਸਾਉਂਦਾ।

ਯੋਗ ਆਸਨਾਂ ਦੀਆਂ ਕਿਸਮਾਂ

(1) ਮਨ ਦੀ ਇਕਾਗਰਤਾ ਅਤੇ ਧਿਆਨ ਲਗਾਉਣ ਲਈ ਪਦਮ ਆਸਨ : ਪਦਮ ਆਸਨ ਦਾ ਅਰਥ ਹੈ, ਕਮਲ ਦਾ ਫੁੱਲ 1 ਇਹ ਆਸਨ ਚੌਂਕੜੀ ਮਾਰ ਕੇ ਸਿੱਧੇ ਬੈਠਕੇ ਹੁੰਦਾ ਹੈ। ਇਸ ਨਾਲ ਮਨ ਦੀ ਇਕਾਗਰਤਾ ਵਧਦੀ ਹੈ ਅਤੇ ਰੀੜ੍ਹ ਦੀ ਹੱਡੀ ਮਜਬੂਤ ਹੁੰਦੀ ਹੈ।

(2) ਖੜੇ ਹੋ ਕੇ ਕੀਤੇ ਜਾਣ ਵਾਲੇ ਆਸਨ: ਤਾੜਆਸਨ, ਤ੍ਰਿਕੋਣਆਸਨ, ਚਕਰਾਸਨ, ਗਰੁੜਆਸਨ, ਧਰੁਵਆਸਨ, ਵਾਤਾਯਨਆਸਨ ਅਤੇ ਸੂਰਜ ਨਮਸਕਾਰ। ਇਨ੍ਹਾਂ ਆਸਨਾਂ ਵਿਚੋਂ ਸੂਰਜ ਨਮਸਕਾਰ ਸਭ ਤੋਂ ਉੱਤਮ ਹੈ। ਸੂਰਜ ਨਮਸਕਾਰ ਦੀਆਂ ਸੱਤ ਸਥਿਤੀਆਂ ਹਨ।

ਸੂਰਜ ਨੂੰ ਦੇਵਤਾ ਮੰਨਕੇ 13 ਮੰਤਰਾਂ ਦਾ ਉਚਾਰਨ ਕੀਤਾ ਜਾਂਦਾ ਹੈ।

(3) ਬੈਠਕੇ ਕੀਤੇ ਜਾਣ ਵਾਲੇ ਆਸਨ : ਬੈਠਕੇ ਅਤੇ ਲੇਟ ਕੇ ਕੀਤੇ ਜਾਣ ਵਾਲੇ ਬਹੁਤ ਸਾਰੇ ਆਸਨ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ:

(ੳ) ਪੱਛਮਉਤਾਨ ਆਸਨ (ਅ) ਉਤਾਨਪਾਦ ਆਸਨ (ੲ) ਸਰਵਾਂਗ ਆਸਨ (ਸ) ਸ਼ੀਰਸ ਆਸਨ (ਹ) ਹਲ ਆਸਨ (ਕ) ਚੱਕਰ ਆਸਨ (ਖ) ਧਨੁਰ ਆਸਨ

-4) ਪ੍ਰਾਣਾਯਾਮ (Yogic Breathing: ਕਿਸੇ ਸਵੱਛ ਸਥਾਨ ਤੇ ਬੈਠਕੇ ਵਿਸ਼ੇਸ਼ ਵਿਧੀ ਦੁਆਰਾ ਸਾਂਹ ਨੂੰ ਅੰਦਰ ਖਿੱਚਣਾ ਅਤੇ ਬਾਹਰ ਕੱਢਣਾ ਹੀ ਪ੍ਰਾਣਾਯਾਮ ਹੈ।

ਲਾਭ :(1) ਮਨ, ਪ੍ਰਾਣ, ਬਿਰਤੀ ਅਤੇ ਵੀਰਜ ਇਨ੍ਹਾਂ ਚਾਰਾਂ ਨੂੰ ਵੱਸ 'ਚ ਲਿਆਉਣ ਲਈ ਮਦਦ ਮਿਲਦੀ ਹੈ। (2) ਉਮਰ ਲੰਬੀ ਹੁੰਦੀ ਹੈ (3) ਗ੍ਰੰਥੀਆਂ ਦੀ ਕਿਰਿਆ ਸੁਚਾਰੂ ਹੋ ਜਾਂਦੀ ਹੈ (4) ਖ਼ੂਨ ਦੀ ਸਫਾਈ ਹੁੰਦੀ ਹੈ (5) ਨਾੜੀ ਪ੍ਰਣਾਲੀ ਠੀਕ ਰਹਿੰਦੀ ਹੈ।

ਪ੍ਰਮੁੱਖ ਪ੍ਰਾਣਾਯਾਮ (ੳ) ਅਨੁਲੋਮ-ਵਿਲੋਮ (ਅ) ਕਪਾਲਭਾਤੀ (ੲ) ਭਰਮਰੀ ਪ੍ਰਾਣਾਯਾਮ

- 5) ਪ੍ਰਤਿਆਹਾਰ (Withdrawal of senses) : ਸੰਸਾਰਕ ਵਿਸ਼ੇ-ਵਾਸਨਾਵਾਂ ਤੋਂ ਵਿਮੁੱਖ ਹੋ ਕੇ ਆਪਣੇ ਮਨ ਅਤੇ ਇੰਦਰੀਆਂ ਨੂੰ ਅੰਤਰ ਮੁਖੀ ਕਰਨਾ ਹੀ ਪ੍ਰੱਤਿਆਹਾਰ ਹੈ।

- 6) ਧਾਰਣਾ : (Concentration on objects) ਅਸ਼ਟਾਂਗ ਯੋਗ ਵਿਚ ਯਮ, ਨਿਯਮ, ਆਸਨ, ਪ੍ਰਾਣਾਯਾਮ ਚਾਰੇ ਅੰਗ ਯੋਗ ਦੇ ਬਾਹਰੀ ਅੰਗ ਹਨ। ਪ੍ਰੱਤਿਆਹਾਰ ਵਿਚਕਾਰਲੀ ਕੜੀ ਹੈ, ਜਦੋਂ ਕਿ ਧਾਰਣ, ਧਿਆਨ ਅਤੇ ਸਮਾਧੀ ਅੰਦਰਲੀ ਦੁਨੀਆਂ ਨਾਲ ਸਬੰਧਤ ਹਨ।

ਮਨ ਨੂੰ ਸਥੂਲ ਵਿਸ਼ਿਆਂ ਤੋਂ ਹਟਾ ਕੇ ਸੂਖਮ ਵਿਸ਼ਿਆਂ ਵੱਲ ਕੇਂਦਰਤ ਕਰਨਾ ਹੀ ਧਾਰਣਾ ਹੈ। ਧਾਰਣਾ, ਧਿਆਨ ਦਾ ਆਧਾਰ ਹੈ।

- 7) ਧਿਆਨ (Deep Meditation: ਸ਼ਰੀਰ ਨੂੰ ਸਥਿਰ ਕਰਨ ਮਗਰੋਂ ਇੰਦਰੀਆਂ ਦਾ ਬਾਹਰਲੀਆਂ ਚੀਜਾਂ ਨਾਲੋਂ ਸੰਪਰਕ ਤੋੜਨਾ ਹੀ ਧਿਆਨ ਹੈ। ਮਨ ਦੀ ਸੰਪੂਰਨ ਸ਼ਾਂਤੀ ਹੀ ਧਿਆਨ ਹੈ। ਬੁੱਧੀ ਨੂੰ ਤਟਅਸਥ ਕਰਨਾ ਧਿਆਨ ਹੈ।

(8) ਸਮਾਧੀ (State of Super bliss): ਅਸ਼ਟਾਂਗ ਯੋਗ ਦੀ ਮੰਜ਼ਿਲ ਹੈ ਸਮਾਧੀ। ਇਹ ਯੋਗ ਸਾਧਨਾ ਦੀ ਸਰਬਉੱਚ ਅਵਸਥਾ ਹੈ। ਆਤਮਾ ਦਾ ਪ੍ਰਮਾਤਮਾ ਨਾਲ ਸੰਪੂਰਨ ਮਿਲਨ ਹੀ ਸਮਾਧੀ ਹੈ। ਇਹ ਪਰਮਆਨੰਦ ਦੀ ਸਥਿਤੀ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਯਤਨਾ ਸਦਕਾ ਯੂ.ਐਨ.ਓ ਵਲੋਂ 21 ਜੂਨ ਨੂੰ ਵਿਸ਼ਵ ਯੋਗ ਦਿਵਸ ਮਨਾਉਣਾ, ਭਾਰਤੀ ਵੈਦਿਕ ਸੰਸਕ੍ਰਿਤੀ ਦਾ ਵਿਗਿਆਨਿਕ ਆਧਾਰ ਪੁਖਤਾ ਹੁੰਦਾ ਹੈ।

ਭਾਰਤੀ ਵੈਦਿਕ ਸੰਸਕ੍ਰਿਤੀ ਸਾਰੀ ਦੁਨੀਆਂ ਲਈ ਚਾਨਣ ਮੁਨਾਰਾ ਸਾਬਿਤ ਹੋ ਸਕਦੀ ਹੈ।

# ਪੰਜਾਬੀ ਸੂਬਾ ਮੋਰਚਾ 1955

(ਸਫਾ 29 ਦੀ ਬਾਕੀ)

ਲੰਗਰਾਂ ਵਿਚੋਂ ਦਾਲ, ਆਟਾ, ਘਿਓ ਅਤੇ ਭਾਂਡੇ ਪੁਲਿਸ ਚੁੱਕ ਕੇ ਲੈ ਗਈ। ਬਾਬਾ ਅਟਲ ਅਤੇ ਕੋਲਸਰ ਸਰੋਵਰ ਦੀ ਪਵਿੱਤਰਤਾ ਭੰਗ ਹੋਈ। ਜੁਲਾਈ 4, 1955 ਨੂੰ ਦਰਬਾਰ ਸਾਹਿਬ ਵਾਸਤੇ ਕੜਾਹ ਪ੍ਰਸ਼ਾਦ ਅਤੇ ਪ੍ਰਸ਼ਾਦਿਆਂ 'ਤੇ ਵੀ ਰੋਕ ਲਗਾ ਦਿੱਤੀ। ਸੇਵਾਦਾਂ ਨੂੰ ਵੀ ਬੇਇਜ਼ਤ ਕੀਤਾ ਗਿਆ। ਸਖਤੀ ਦੇ ਬਾਵਜੂਦ ਵੀ ਅਕਾਲ ਤਖਤ ਸਾਹਿਬ ਤੇ ਪ੍ਰਸ਼ਾਦੇ ਦਾ ਭੰਡਾਰ ਲੱਗ ਗਿਆ। ਸੰਗਤਾਂ ਨੂੰ ਹੋਰ ਪ੍ਰਸ਼ਾਦੇ ਲਿਆਉਣ ਤੋਂ ਰੋਕਣਾ ਪਿਆ।

ਗ੍ਰਿਫਤਾਰੀਆਂ ਜਾਰੀ ਸਨ। ਪੁਲਿਸ ਨੇ ਹਿੰਦੂ ਸਿੱਖ ਫਸਾਦ ਕਰਵਾਉਣ ਦੀ ਸਾਜਿਸ਼ ਹੇਠ ਸ਼ਰਾਰਤੀ ਖੜ੍ਹੇ ਕਰ ਲਏ ਕਿ ਫਸਾਦ ਹੋਣ ਦੇ ਬਹਾਨੇ ਕਰਫਿਊ ਲਗਾ ਕੇ ਮੋਰਚਾ ਕੁਚਲ ਦਿੱਤਾ ਜਾਵੇ। ਪਰ ਇਹ ਸਾਜਿਸ਼ ਸਫਲ ਨਾ ਹੋਈ। ਰੋਜ਼ ਸੈਂਕੜੇ ਸਿੰਘ ਅਕਾਲ ਤਖਤ ਸਾਹਿਬ 'ਤੇ ਇਕੱਠੇ ਹੁੰਦੇ ਗਏ। ਚੀਫ ਖਾਲਸਾ ਦੀਵਾਨ ਨੇ ਵੀ ਆਵਾਜ਼ ਉਠਾਈ ਕਿ ਸਰਕਾਰ ਕੋਲੋਂ ਹੋ ਰਹੇ ਤਸ਼ੱਦਦ ਦੀ ਪੜਤਾਲ ਕਰਵਾਈ ਜਾਵੇ। ਸੰਤ ਮਹਾਤਮਾ ਵੀ ਮੋਰਚੇ ਵਿਚ ਕੁੱਦ ਪਏ। ਮਤਭੇਦ ਰੱਖਣਵਾਲੇ ਕਾਂਗਰਸੀ ਵੀ ਮੋਰਚੇ ਵਿਚ ਆ ਗਏ। ਸੱਚਰ ਸਰਕਾਰ ਬੁਖਲਾ ਗਈ। ਗ੍ਰਿਫਤਾਰੀਆਂ ਤੇ ਰੋਕ ਲਗਾ ਦਿੱਤੀ ਪਰ ਥੋੜ੍ਹੇ ਚਿਰ ਬਾਅਦ ਹੀ ਗ੍ਰਿਫਤਾਰੀਆਂ ਫਿਰ ਸ਼ੁਰੂ ਹੋ ਗਈਆਂ।

ਜੁਲਾਈ 11, 1955 ਨੂੰ 600 ਗ੍ਰਿਫਤਾਰੀਆਂ ਹੋਈਆਂ। ਜੁਲਾਈ 12, 1955 ਨੂੰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਸਰਦਾਰ ਗਿਆਨ ਸਿੰਘ ਰਾੜੇਵਾਲਾ ਨੂੰ ਇਤਲਾਹ ਦਿੱਤੀ ਕਿ ਪ੍ਰਧਾਨ ਮੰਤਰੀ ਨਹਿਰੂ ਨੇ ਸਦਭਾਵਨਾ ਅਧੀਨ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਹੈ। ਜਥੇਦਾਰ ਗੁਰਬਚਨ ਸਿੰਘ ਜੀ ਫਤਿਹਗੜ੍ਹ ਦੀ ਕਮਾਨ ਹੇਠ ਸਰਕੂਲਰ ਰੋਡ ਅੰਮ੍ਰਿਤਸਰ ਤੇ 10-15 ਹਜ਼ਾਰ ਦੀ ਸੰਗਤ ਨੇ ਪੰਜਾਬੀ ਸੂਬਾ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਅਸਮਾਨ ਗੁੰਜਾ ਦਿੱਤਾ। ਸਤਿਆਗ੍ਰਹੀ ਵਾਪਸ ਮੰਜੀ ਸਾਹਿਬ ਆ ਗਏ। ਇਹ ਮੋਰਚਾ 64 ਦਿਨਾਂ ਬਾਅਦ ਪੂਰੀ ਸ਼ਾਨ ਨਾਲ ਫਤਿਹ ਹੋਇਆ।

ਸਮੇਂ ਸਮੇਂ ਮੋਰਚਾ ਸਫਲਤਾ ਪੂਰਵਕ ਚਲਾਉਣ ਲਈ ਮਾਸਟਰ ਤਾਰਾ ਸਿੰਘ ਜੀ ਦੀ ਗ੍ਰਿਫਤਾਰੀ ਤੋਂ ਬਾਅਦ ਜਿਹਨਾਂ ਆਗੂਆਂ ਨੇ ਮੋਰਚੇ ਦੀ ਅਗਵਾਈ ਸੰਭਾਲੀ ਵਿਚ ਸ਼ਾਮਲ ਸਨ। ਪ੍ਰਿੰਸੀਪਲ ਇਕਬਾਲ ਸਿੰਘ, ਸਰਦਾਰ ਭੁਪਿੰਦਰ ਸਿੰਘ ਮਾਨ, ਸਰਦਾਰ ਮੀਹਾਂ ਸਿੰਘ ਗਿੱਲ ਵਿਧਾਇਕ/ਵਜ਼ੀਰ (ਪੈਪਸੂ), ਸ. ਗੁਰਰਾਜ ਸਿੰਘ ਮੈਂਬਰ ਕੌਂਸਲ ਆਫ ਸਟੇਟ, ਸਰਦਾਰ ਨਰਿੰਦਰ ਸਿੰਘ ਭੁਲੇਰ, ਸਰਦਾਰ ਪ੍ਰੀਤਮ ਸਿੰਘ ਮੋਫਰ ਵਿਧਾਇਕ (ਪੈਪਸੂ)।

ਇਸ ਮੋਰਚੇ ਵਿਚ ਅਕਾਲੀਆਂ ਨੇ ਪੰਜ ਦੀ ਆਵਾਜ਼ ਤੇ ਸ਼ਾਨਦਾਰ ਹਿੱਸਾ ਲਿਆ। ਆਪਣੀਆਂ ਖੜ੍ਹੀਆਂ ਫਸਲਾਂ, ਚਲਦੇ ਵਪਾਰ, ਕਾਰੋਬਾਰ, ਨੌਕਰੀਆਂ, ਕੁਰਕੀਆਂ, ਪੜ੍ਹਾਈਆਂ ਦੀ ਪਰਵਾਹ ਨਾ ਕਰਦੇ ਹੋਏ 12000 ਜੇਲ੍ਹਾਂ ਵਿਚ ਗਏ। ਜੋ ਜੋਸ਼ ਰੋਹ, ਹਿੰਮਤ ਦਲੇਰੀ, ਬਹਾਦਰੀ, ਕੁਰਬਾਨੀ ਅਤੇ ਚੜ੍ਹਦੀ ਕਲਾ ਨਾਲ ਮੋਰਚੇ ਵੱਲ ਵਧੇ। ਸ਼੍ਰੋਮਣੀ ਕਮੇਟੀ ਦੇ 111 ਮੈਂਬਰ, ਸਾਰੇ ਅਕਾਲੀ ਮੈਂਬਰ ਪਾਰਲੀਮੈਂਟ, ਵਿਧਾਇਕ, ਮਿਊਂਸਪਲ ਕਮਿਸ਼ਨਰ, ਸਿਰਕੱਢ ਸਿੱਖ ਆਗੂ, ਨਿਆਂਇਕ ਅਮਲਾ, ਵਕੀਲ, ਪ੍ਰੋਫੈਸਰ, ਪ੍ਰਿੰਸੀਪਲ, ਡਾਕਟਰ, ਵਿਦਿਆਰਥੀ ਤੇ ਹਰ ਖਿੱਤੇ ਦੇ ਆਗੂ ਅਤੇ ਸੇਵਾਦਾਰ ਜੇਲ੍ਹ ਗਏ। ਬੀਬੀਆਂ ਨੇ ਵੀ ਸਰਗਰਮੀ ਨਾਲ ਮੋਰਚੇ ਵਿਚ ਹਿੱਸਾ ਲਿਆ।

ਸ਼੍ਰੋਮਣੀ ਅਕਾਲੀ ਦਲ ਨੇ ਦਰਬਾਰ ਸਾਹਿਬ ਤੇ ਹੋਏ ਪੁਲਿਸ ਹਮਲੇ ਦੀ ਅਦਾਲਤੀ ਜਾਂਚ ਦੀ ਮੰਗ ਕੀਤੀ ਪਰ ਸਰਕਾਰ ਨੇ ਕੋਈ ਕਾਰਵਾਈ ਨਾ ਕੀਤੀ। ਅਕਾਲੀ ਦਲ ਨੇ ਇਕ ਜਾਂਚ ਕਮੇਟੀ ਬਣਾਈ। ਸੇਵਾ ਮੁਕਤ ਜੱਜ ਸਰਦਾਰ ਤੇਜਾ ਸਿੰਘ, ਭਾਈ ਜੋਧ ਸਿੰਘ, ਕੰਵਰ ਦਲੀਪ ਸਿੰਘ ਮੈਂਬਰ ਸਨ। ਪੜਤਾਲੀਆ ਕਮੇਟੀ ਨੇ ਸਰਕਾਰ ਨੂੰ ਦੋਸ਼ੀ ਠਹਿਰਾਇਆ। ਮਾਸਟਰ ਜੀ ਨੂੰ 8 ਸਤੰਬਰ 1955 ਨੂੰ ਗੁੜਗਾਵਾਂ ਜੇਲ੍ਹ ਤੋਂ ਰਿਹਾਅ ਕਰ ਦਿੱਤਾ। ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਨੇ 10 ਨਵੰਬਰ 1955 ਨੂੰ ਅਕਾਲ ਤਖਤ ਸਾਹਿਬ ਤੇ ਆ ਕੇ ਮੁਆਫੀ ਮੰਗੀ। ਜਨਵਰੀ 21, 1956 ਨੂੰ ਮੁੱਖ ਮੰਤਰੀ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੂੰ ਬਣਾਇਆ। ਕਾਂਗਰਸ ਨਾਲ ਚਲਦੇ ਟਕਰਾਅ ਦੇ ਦੌਰ ਵਿਚ ਪੰਜਾਬੀ ਸੂਬਾ ਮੋਰਚਾ 1960 ਲੱਗਿਆ।

# ਸੰਗੀਤ ਦੇ ਰਾਗ ਮਨੁੱਖੀ ਜੀਵਨ ਦਾ ਸਕੂਨ

ਗੀਤ ਸੰਗੀਤ ਇਨਸਾਨ ਦੀ ਰੂਹ ਦੀ ਤ੍ਰਿਪਤੀ ਕਰਨ ਵਾਲਾ ਅਤੇ ਕੰਨਾਂ ਚ ਮਿੱਠਾ ਮਿੱਠਾ ਰਸ ਘੋਲਣ ਵਾਲਾ, ਮਨੁੱਖ ਨੂੰ ਮਾਨਸਿਕ ਅਤੇ ਸਰੀਰਕ ਅਕੇਵਿਆਂ ਦੀ ਨਿਰਾਸ਼ਤਾ ਤੋਂ ਮੁਕਤੀ ਪ੍ਰਦਾਨ ਕਰਨ ਵਾਲਾ ਹੋਣਾ ਚਾਹੀਦਾ ਹੈ। ਡਾ. ਬਰਜਿੰਦਰ ਸਿੰਘ ਹਮਦਰਦ ਜੀ ਦੇ ਵਿਚਾਰ 'ਸੰਗੀਤ ਦਾ ਮਨੁੱਖੀ ਜੀਵਨ ਚ ਅਹਿਮ ਸਥਾਨ ਹੈ।' ਬਿਲਕੁਲ ਸੋਲਾਂ ਆਨੇ ਸੱਚ ਹੈ। ਸੰਗੀਤ ਮਨੁੱਖੀ ਦਿਲ ਦੀ ਹੂਕ ਹੈ,ਕੂਕ ਹੈ, ਦੁੱਖ ਦੀ ਕੁਰਲਾਹਟ ਹੈ, ਮਨ ਦੀ ਵੇਦਨਾ ਹੈ, ਖੁਸ਼ੀ ਦਾ ਪ੍ਰਦਰਸ਼ਨ ਹੈ, ਪਿਆਰ ਦਾ ਇਜ਼ਹਾਰ ਹੈ, ਕੁਦਰਤੀ ਹੁਸਨ ਦੀ ਪੇਸ਼ਕਾਰੀ ਹੈ, ਤੋਰ ਦੀ ਥਾਪ ਹੈ, ਖੇੜ੍ਹਿਆਂ ਦੀ ਲੋਰ ਹੈ, ਮਨੁੱਖੀ ਜੀਵਨ ਦੀਆਂ ਅਸਲੀਅਤਾਂ ਅਤੇ ਕ੍ਰਿਆਵਾਂ ਦੇ ਕੰਪਨ ਦੀ ਉਤਪਤੀ ਹੈ, ਸਮਾਜਿਕ , ਪਰਿਵਾਰਕ ਰਿਸ਼ਤਿਆਂ ਦੇ ਵਰਤਾਰਿਆਂ ਨੂੰ ਪ੍ਰਦਰਸ਼ਿਤ ਕਰਨ ਦਾ ਸਾਧਨ ਹੈ।



ਜਦੋਂ ਇਨਸਾਨ ਦਿਨ ਭਰ ਦੇ ਸਰੀਰਕ ਅਤੇ ਮਾਨਸਿਕ ਥਕਾਨ ਨਾਲ ਚੂਰ ਘਰ ਆਉਂਦਾ ਹੈ ਤਾਂ ਮਿੱਠਾ ਮਿੱਠਾ ਸੰਗੀਤ ਜਿਥੇ ਮਨੁੱਖ ਦੀ ਮਾਨਸਿਕ ਥਕਾਵਟ ਦੂਰ ਕਰਕੇ ਰੂਹ ਅੰਦਰ ਤਾਜ਼ਗੀ ਭਰਦਾ ਹੈ, ਉੱਥੇ ਸਰੀਰਕ ਥਕਾਨ ਤੋਂ ਵੀ ਭਰਪੂਰ ਰਾਹਤ ਮਿਲਦੀ ਹੈ। ਕਿਸੇ ਭਿਆਨਕ ਬਿਮਾਰੀ ਤੋਂ ਪੀੜ੍ਹਤ ਇਨਸਾਨ ਨੂੰ ਗੁਰਬਾਣੀ ਜਾਂ ਸ਼ਾਸਤਰੀ ਸੰਗੀਤ ਸੁਣਨ ਦੀ ਸਲਾਹ ਦੇਣਾ ਵੀ ਸ਼ਾਇਦ ਇਸੇ ਕੜੀ ਦਾ ਹਿੱਸਾ ਹੈ।

ਥਰਿਲਤਾ ਭਰਪੂਰ ਅਤੇ ਸ਼ੋਰਮੁਕਤ ਸੰਗੀਤ ਮਨੁੱਖ ਨੂੰ ਆਪ ਮੁਹਾਰੇ ਪੈਰ ਚੱਕਣ ਲਈ ਬੁੱਲ੍ਹ ਫਰਫਾਉਣ ਲਈ ਮਜਬੂਰ ਕਰ ਦਿੰਦਾ ਹੈ ਅਤੇ ਇਨਸਾਨ ਗੁਣਗੁਣਾਉਣ ਲੱਗਦਾ ਹੈ। ਇਹ ਪਾਏਦਾਰ ਸੰਗੀਤ ਦੀ ਤਾਕਤ ਹੀ ਹੈ। ਸੰਗੀਤ ਦੀ ਮਿੱਠੀਆਂ ਧੁਨਾਂ ਚ ਇਨਸਾਨੀਅਤ ਮਨ ਕਈ ਇਤਨਾ ਗੁੰਮ ਹੋ ਜਾਂਦਾ ਹੈ ਕਿ ਸੰਗੀਤ ਸੁਣਦਿਆਂ ਆਪ ਮੁਹਾਰੇ ਝੂੰਮਣ ਲੱਗਦਾ ਹੈ ਅਤੇ ਚੁਫੇਰੇ ਦੀ ਚਿੰਤਾ ਤੋਂ ਮੁਕਤ ਆਪਣੀ ਹੀ ਸੁਪਨਿਆਂ ਦੀ ਦੁਨੀਆ ਚ ਗੁੰਮ ਅਸਮਾਨੀ ਉਡਾਰੀਆਂ ਮਾਰਨ ਲੱਗਦਾ ਹੈ। ਸੰਗੀਤ ਦੀ ਮਹਾਨਤਾ ਬਾਬਤ ਸੁਣਿਆ ਅਤੇ ਪੜਿਆ ਹੈ ਕਿ ਸੰਗੀਤਕਾਰ ਤਾਨਸੈਨ ਦਾ ਸੰਗੀਤ ਚੱਲਦੀਆਂ ਹਵਾਵਾਂ ਨੂੰ ਰੋਕ ਦਿੰਦਾ ਸੀ, ਤਪਦੀ ਦੁਪਹਿਰ ' ਭਰਵੀਂ ਬਾਰਸ਼ ਕਰਵਾ ਦਿੰਦਾ ਸੀ, ਸਰਦ ਰੁੱਤੇ ਵੀ ਸਰੀਰ ਨੂੰ ਗਰਮੀ ਦੀਆਂ ਤਰੇਲੀਆਂ ਲਿਆ ਦਿੰਦਾ ਸੀ। ਜਦੋਂ ਮਨੁੱਖ ਉਸਦਾ ਸੰਗੀਤ ਸੁਣਦਾ ਸੀ ਤਾਂ ਉਸ ਅੰਦਰਲੀਆਂ ਮਨੋਭਾਵਨਾਵਾਂ ਜ਼ਰੀਏ ਇੱਕਮਿੱਕ ਹੋਕੇ ਮਨੁੱਖ ਗਰਮੀ, ਸਰਦੀ, ਬਾਰਸ਼, ਬਹਾਰਾਂ, ਪੱਤਝੜਾਂ ਆਦਿ ਨੂੰ ਅੰਦਰੂਨੀ ਮਹਿਸੂਸ ਕਰਦਾ ਸੀ। ਸੰਗੀਤ ਸ਼ਬਦਾਂ ਦੇ ਸ਼ੁੱਧ ਉਚਾਰਣ ਚ ਮਿਠਾਸ ਅਤੇ ਸਹਿਜਤਾ ਭਾਲਦਾ ਹੈ, ਜੋ ਰੂਹਾਨੀਅਤ ਨੂੰ ਸਰਸ਼ਾਰ ਕਰਨ ਅਤੇ ਸੰਗੀਤ ਚ ਘੁੰਮਣ ਦੀ ਸ਼ਕਤੀ ਦੇਵੇ ਅਤੇ ਮਨ ਮਸਤਕ ਮੌਲਾ ਬਣਨ ਲਈ ਮਜਬੂਰ ਹੋ ਜਾਵੇ।

ਗੁਰਬਾਣੀ ਦੇ ਰਾਗ ਜਿਸ ਤਰ੍ਹਾਂ ਇਨਸਾਨੀਅਤ ਰੂਹ ਨੂੰ ਕੁਦਰਤ ਦੇ ਰੰਗਾਂ ਵਿੱਚ ਰੰਗ ਦਿੰਦੇ ਹਨ,ਇਹ ਸੰਗੀਤ ਦੀ ਹੀ ਆਪਣੀ ਕਸ਼ਿਸ਼ ਹੈ ਅਤੇ ਕੁਦਰਤੀ ਕ੍ਰਿਸ਼ਮੇ ਤੋਂ ਘੱਟ ਨਹੀਂ।

ਕੁਦਰਤੀ ਹਰ ਪ੍ਰਕ੍ਰਿਆ ਚ ਸੰਗੀਤ ਹੈ, ਪੰਛੀਆਂ ਦੀ ਚਹਿਚਆਹਟ, ਪਪੀਹੇ ਦੀ ਕੂਕ, ਹਵਾ ਦੇ ਬੁੱਲਿਆਂ ਦਾ ਵੇਗ, ਪਾਣੀ ਦੇ ਵਹਾਅ ਦੀ ਲੈਅ, ਸ਼ਾਂਤ ਵਾਤਾਵਰਨ ਦੀ ਨਿਵੇਕਲੀ ਗੂੰਜ ਆਦਿ ਵੀ ਇੱਕ ਰੌਮਾਚਿਕ ਸੰਗੀਤ ਪੈਦਾ ਕਰਦੇ ਹਨ, ਜਿਸਨੂੰ ਮਾਨਣ ਦੀ ਮਨੁੱਖ ਨੂੰ ਪੂਰਨ ਆਜ਼ਾਦੀ ਹੈ।

ਸ਼ੋਰ ਮੁਕਤ ਸੰਗੀਤ ਅਤੇ ਸ਼ਬਦ ਇਨਸਾਨੀਅਤ ਮਨ ਨੂੰ ਇੱਕਮਿੱਕ ਹੋਣ ਲਈ ਮਜਬੂਰ ਕਰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਰਾਗ, ਕਾਫ਼ੀਆਂ, ਗ਼ਜ਼ਲਾਂ, ਸ਼ਾਸਤਰੀ ਸੰਗੀਤ ਮਨੁੱਖੀ ਮਨ ਦੀ ਥਕਾਵਟ ਨੂੰ ਰਾਹਤ ਦਿੰਦੇ ਹਨ।ਸੋ ਸੰਗੀਤ ਮਨੁੱਖੀ ਜੀਵਨ ਦੀ ਖੁਸ਼ਹਾਲੀ, ਮਾਨਸਿਕ ਤ੍ਰਿਪਤੀ, ਰੂਹ ਦੀ ਖੁਰਾਕ, ਸਰੀਰਕ ਥਕਾਨ ਤੋਂ ਮੁਕਤੀ ਦਿਵਾਉਣ ਲਈ ਅਹਿਮ ਭੂਮਿਕਾ ਅਦਾ ਕਰਦਾ ਹੈ। ਆਓ ਕੁਦਰਤੀ ਸੰਗੀਤ ਨੂੰ ਮਾਨਣ, ਰੂਹ ਦੀ ਖੁਰਾਕ ਬਣਾਉਣ ਲਈ ਸ਼ੋਰ ਮੁਕਤ ਵਾਤਾਵਰਨ ਪੈਦਾ ਕਰਨ ਦੀ ਕੋਸ਼ਿਸ਼ ਵਿਚ ਜੁਟੀਏ।

- ਸਤਨਾਮ ਸਿੰਘ ਮੱਟੂ 9779708257

# ਤਿਰੰਗੇ ਝੰਡੇ ਦੇ ਵਿਕਾਸ ’ਚ ਸਿੱਖ ਭਾਈਚਾਰੇ ਦੀ ਭੂਮਿਕਾ ਅਤੇ ਕੇਸਰੀ ਰੰਗ ਕਿਵੇਂ ਸਿਖ਼ਰ ’ਤੇ ਪਹੁੰਚਿਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਦਾ ਰਾਸ਼ਟਰੀ ਝੰਡਾ, ਜਿਸਨੂੰ ‘ਤਿਰੰਗਾ’ ਕਿਹਾ ਜਾਂਦਾ ਹੈ, ਵੀ ਲੰਬਾ ਇਤਿਹਾਸ ਰੱਖਦਾ ਹੈ। ਇਹ ਝੰਡਾ ਸਿੱਖ ਆਗੂਆਂ ਦੀ ਮੋਹਰੀ ਭੂਮਿਕਾ ਸਦਕਾ ਫਿਰਕੂ ਰੰਗਤ ਦੇ ਵਿਚ ਰੰਗੇ ਜਾਣ ਤੋਂ ਬਚ ਗਿਆ ਸੀ। ਇਸ ਦੇ ਵਿਚ ਮੋਹਰੀ ਭੂਮਿਕਾ ਸਿੱਖ ਆਗੂ ਬਾਬਾ ਖੜਕ ਸਿੰਘ ਨੇ ਨਿਭਾਈ ਸੀ। ਬਾਬਾ ਖੜਕ ਸਿੰਘ ਹੋਰਾਂ ਦੀ ਯਾਦ ਭਾਰਤ ਸਰਕਾਰ ਵੱਲੋਂ 1988 ਦੇ ਵਿਚ ਡਾਕ ਟਿਕਟ ਵੀ ਜਾਰੀ ਕੀਤੀ ਗਈ ਸੀ। ਆ ਜਾਣੀਏ ਕੁਝ ਦਿਲਚਸਪ ਜਾਣਕ-ਾਰੀ:-

ਤਿਰੰਗੇ ਦੇ ਵਿੱਚ ਤਿੰਨ ਬਰਾਬਰ ਚੌੜਾਈ ਦੀਆਂ ਲੇਟਵੀਂ ਧਾਰੀਆਂ ਹੁੰਦੀਆਂ ਹਨ।

ਕੇਸਰੀ ਰੰਗ (ਸਭ ਤੋਂ ਉੱਪਰ): ਇਹ ਰੰਗ ਦੇਸ਼ ਦੀ ਤਾਕਤ ਅਤੇ ਹਿੰਮਤ ਨੂੰ ਦਰਸਾਉਂਦਾ ਹੈ। ਇਹ ਕੁਰਬਾਨੀ ਅਤੇ ਤਿਆਗ ਦਾ ਪ੍ਰਤੀਕ ਵੀ ਹੈ, ਜੋ ਭਾਰਤ ਦੇ ਆਜ਼ਾਦੀ ਘੁਲਾਟੀਆਂ ਦੇ ਬਲੀਦਾਨ ਨੂੰ ਦਰਸਾਉਂਦਾ ਹੈ।

ਚਿੱਟਾ ਰੰਗ (ਵਿਚਕਾਰ): ਇਹ ਰੰਗ ਸ਼ਾਂਤੀ, ਸੱਚਾਈ ਅਤੇ ਸ਼ੁੱਧਤਾ ਦਾ ਪ੍ਰਤੀਕ ਹੈ। ਇਹ ਦੇਸ਼ ਦੀ ਧਾਰਮਿਕਤਾ ਅਤੇ ਸਾਰੇ ਧਰਮਾਂ ਪ੍ਰਤੀ ਸਹਿਣਸ਼ੀਲਤਾ ਨੂੰ ਦਰਸਾਉਂਦਾ ਹੈ।

ਹਰਾ ਰੰਗ (ਸਭ ਤੋਂ ਹੇਠਾਂ): ਇਹ ਰੰਗ ਜ਼ਮੀਨ ਦੀ ਉਪਜਾਊ ਸ਼ਕਤੀ, ਹਰਿਆਲੀ, ਵਿਕਾਸ ਅਤੇ ਸ਼ੁੱਭਤਾ ਨੂੰ ਦਰਸਾਉਂਦਾ ਹੈ। ਇਹ ਭਾਰਤ ਦੀ ਖੁਸ਼ਹਾਲੀ ਅਤੇ ਵਿਕਾਸ ਦੀਆਂ ਇੱਛਾਵਾਂ ਨੂੰ ਪ੍ਰਗਟ ਕਰਦਾ ਹੈ।









ਅਸ਼ੋਕ ਚੱਕਰ:

ਚਿੱਟੀ ਪੱਟੀ ਦੇ ਕੇਂਦਰ ਵਿੱਚ ਇੱਕ ਨੇਵੀ-ਨੀਲੇ ਰੰਗ ਦਾ ‘ਅਸ਼ੋਕ ਚੱਕਰ’ ਹੈ, ਜਿਸ ਵਿੱਚ 24 ਤੀਲੀਆਂ ਹਨ। ਇਸਦਾ ਡਿਜ਼ਾਈਨ ਸਮਰਾਟ ਅਸ਼ੋਕ ਦੇ ਸਾਰਨਾਥ ਸਤੰਭ ’ਤੇ ਬਣੇ ਚੱਕਰ ਤੋਂ ਲਿਆ ਗਿਆ ਹੈ।

ਅਰਥ: ਇਹ ਚੱਕਰ ‘ਧਰਮ’ (ਨਿਆਂ ਅਤੇ ਧਾਰਮਿਕਤਾ) ਅਤੇ ਨਿਰੰਤਰ ਗਤੀਸ਼ੀਲਤਾ ਦਾ ਪ੍ਰਤੀਕ ਹੈ। 24 ਤੀਲੀਆਂ ਦਿਨ ਦੇ 24 ਘੰਟਿਆਂ ਨੂੰ ਦਰਸਾਉਂਦੀਆਂ ਹਨ, ਜੋ ਦਰਸਾਉਂਦੀਆਂ ਹਨ ਕਿ ਜੀਵਨ ਹਮੇਸ਼ਾਂ ਗਤੀ ਵਿੱਚ ਹੁੰਦਾ ਹੈ ਅਤੇ ਰੁਕਾਵਟ ਵਿੱਚ ਮੌਤ ਹੁੰਦੀ ਹੈ। ਇਹ ਦੇਸ਼ ਦੀ ਨਿਰੰਤਰ ਤਰੱਕੀ ਅਤੇ ਵਿਕਾਸ ਨੂੰ ਦਰਸਾਉਂਦਾ ਹੈ।

ਸਿੱਖ ਧਰਮ ਜਾਂ ਸਿੱਖ ਫੌਜ ਨਾਲ ਕੋਈ ਸੰਬੰਧ?

ਭਾਰਤੀ ਝੰਡੇ ਦੇ ਰੰਗਾਂ ਦਾ ਕੋਈ ਖਾਸ ਫਿਰਕੂ ਅਰਥ ਨਹੀਂ ਹੈ, ਅਤੇ ਸਰਕਾਰੀ ਤੌਰ ’ਤੇ ਇਹ ਰੰਗ ਕਿਸੇ ਵੀ ਇੱਕ ਧਰਮ ਨਾਲ ਜੁੜੇ ਹੋਏ ਨਹੀਂ ਹਨ। ਹਾਲਾਂਕਿ, ਭਾਰਤੀ ਆਜ਼ਾਦੀ ਸੰਘਰਸ਼ ਦੌਰਾਨ ਝੰਡੇ ਦੇ ਵਿਕਾਸ ਵਿੱਚ ਸਿੱਖ ਭਾਈਚਾਰੇ ਦੀ ਭੂਮਿਕਾ ਰਹੀ ਹੈ।

ਇਤਿਹਾਸਕ ਸੰਦਰਭ: ਜਦੋਂ ਮਹਾਤਮਾ ਗਾਂਧੀ ਨੇ ਸ਼ੁਰੂ ਵਿੱਚ ਇੱਕ ਝੰਡੇ ਦਾ ਪ੍ਰਸਤਾਵ ਦਿੱਤਾ ਸੀ ਜਿਸ ਵਿੱਚ ਲਾਲ (ਹਿੰਦੂਆਂ ਲਈ) ਅਤੇ ਹਰਾ (ਮੁਸਲਮਾਨਾਂ ਲਈ) ਰੰਗ ਸਨ, ਤਾਂ ਸਿੱਖ ਆਗੂਆਂ ਨੇ ਇਸਦਾ ਵਿਰੋਧ ਕੀਤਾ ਸੀ। ਬਾਬਾ ਖੜਕ ਸਿੰਘ ਵਰਗੇ ਸਿੱਖ ਆਗੂਆਂ ਨੇ ਮੰਗ ਕੀਤੀ ਸੀ ਕਿ ਝੰਡੇ ਵਿੱਚ ਸਿੱਖਾਂ ਦਾ ਰੰਗ, ਯਾਨੀ ਕੇਸਰੀ (ਭਗਵਾ), ਵੀ ਸ਼ਾਮਿਲ ਕੀਤਾ ਜਾਵੇ। ਉਨ੍ਹਾਂ ਦਾ ਤਰਕ ਸੀ ਕਿ ਭਾਰਤ ਸਿਰਫ ਹਿੰਦੂਆਂ ਅਤੇ ਮੁਸਲਮਾਨਾਂ ਦਾ ਦੇਸ਼ ਨਹੀਂ ਹੈ, ਬਲਕਿ ਹੋਰ ਭਾਈਚਾਰਿਆਂ ਦਾ ਵੀ ਹੈ।

1931 ਦਾ ਪ੍ਰਸਤਾਵ: ਇਸ ਤੋਂ ਬਾਅਦ, 1931 ਵਿੱਚ ਭਾਰਤੀ ਰਾਸ਼ਟਰੀ ਕਾਂਗਰਸ ਨੇ ਇੱਕ ਪ੍ਰਸਤਾਵ ਪਾਸ ਕੀਤਾ ਜਿਸ ਵਿੱਚ ਕੇਸਰੀ, ਚਿੱਟੇ ਅਤੇ ਹਰੇ ਰੰਗ ਦੀਆਂ ਪੱਟੀਆਂ ਵਾਲੇ ਝੰਡੇ ਨੂੰ ਅਪਣਾਇਆ ਗਿਆ। ਇਸ ਸਮੇਂ ਇਹ ਸਪੱਸ਼ਟ ਕੀਤਾ ਗਿਆ ਸੀ ਕਿ ਰੰਗਾਂ ਦਾ ਕੋਈ ਫਿਰਕੂ ਅਰਥ ਨਹੀਂ ਹੋਵੇਗਾ। ਕੇਸਰੀ ਰੰਗ ਨੂੰ ਬਹਾਦਰੀ ਅਤੇ ਕੁਰਬਾਨੀ, ਚਿੱਟੇ ਨੂੰ ਸ਼ਾਂਤੀ ਅਤੇ ਸੱਚਾਈ, ਅਤੇ ਹਰੇ ਨੂੰ ਖੁਸ਼ਹਾਲੀ ਅਤੇ ਵਾਧੇ ਦਾ ਪ੍ਰਤੀਕ ਦੱਸਿਆ ਗਿਆ। ਇਸ ਤਰ੍ਹਾਂ, ਸਿੱਖਾਂ ਦੀ ਕੇਸਰੀ ਰੰਗ ਨੂੰ ਸ਼ਾਮਿਲ ਕਰਨ ਦੀ ਮੰਗ ਨੇ ਝੰਡੇ ਦੇ ਅੰਤਿਮ ਰੂਪ ਵਿੱਚ ਯੋਗਦਾਨ ਪਾਇਆ, ਭਾਵੇਂ ਬਾਅਦ ਵਿੱਚ ਰੰਗਾਂ ਨੂੰ ਗੈਰ-ਫਿਰਕੂ ਅਰਥ ਦਿੱਤੇ ਗਏ।

ਸਿੱਖ ਫੌਜ ਅਤੇ ਝੰਡਾ:

ਭਾਰਤ ਦੇ ਆਜ਼ਾਦੀ ਸੰਘਰਸ਼ ਦੌਰਾਨ, ਜੋ 1947 ਵਿੱਚ ਆਜ਼ਾਦੀ ਦਾ ਕਾਰਨ ਬਣਿਆ, ਸਿੱਖਾਂ ਨੇ ਦੇਸ਼ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ। ਸਿੱਖਾਂ ਨੂੰ ਮਹਾਨ ਮੰਨਿਆ ਜਾਂਦਾ ਸੀ ਅਤੇ ਉਨ੍ਹਾਂ ਨੇ ਕਾਂਗਰਸ ਪਾਰਟੀ ਨੂੰ ਬਿਨਾਂ ਸ਼ਰਤ ਸਹਿਯੋਗ ਦੀ ਪੇਸ਼ਕਸ਼ ਕੀਤੀ। ਹਾਲਾਂਕਿ, ਉਨ੍ਹਾਂ ਨੇ ਕਾਂਗਰਸ ਦੇ ਝੰਡੇ ਹੇਠ ਲੜਨ ਤੋਂ ਇਨਕਾਰ ਕਰ ਦਿੱਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਬਾਬਾ ਖੜਕ ਸਿੰਘ ਨੇ ਪ੍ਰਸਤਾਵਿਤ ਝੰਡੇ ਦਾ ਜ਼ੋਰਦਾਰ ਵਿਰੋਧ ਕੀਤਾ ਜਦੋਂ ਤੱਕ ਝੰਡੇ ਵਿੱਚ ਸਿੱਖ ਰੰਗ, ਕੇਸਰੀ, ਸ਼ਾਮਲ ਨਹੀਂ ਕੀਤਾ ਗਿਆ। 31 ਅਗਸਤ 1930 ਨੂੰ, ਬਾਬਾ ਖੜਕ ਸਿੰਘ ਨੂੰ ਸਟਰੈਚਰ ’ਤੇ ਦੀ ਮੀਟਿੰਗ ਵਿੱਚ ਲਿਆਂਦਾ ਗਿਆ। ਉਨ੍ਹਾਂ ਨੇ ਅਸਤੀਫਾ ਦੇਣ ਦੀ ਧਮਕੀ ਦਿੱਤੀ ਜੇ ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਦੇ ਝੰਡੇ ਹੇਠ ਲੜਨ ਤੋਂ ਇਨਕਾਰ ਨਾ ਕੀਤਾ, ਜਿਸ ਵਿੱਚ ਸਿੱਖ ਰੰਗ, ਕੇਸਰੀ, ਸ਼ਾਮਲ ਨਹੀਂ ਸੀ। ਉਹ ਨਹੀਂ ਚਾਹੁੰਦੇ ਸਨ ਕਿ ਸਿੱਖਾਂ ਨੂੰ ਹਲਕੇ ਵਿੱਚ ਲਿਆ ਜਾਵੇ। ਪੰਜਾਬ ਪ੍ਰੋਵਿੰਸ਼ੀਅਲ ਕਾਂਗਰਸ ਕਮੇਟੀ (ਫਫ33) ਨੇ ਰਾਸ਼ਟਰੀ ਝੰਡੇ ਵਿੱਚ ਸਿੱਖ ਰੰਗ ਨੂੰ ਸ਼ਾਮਲ ਕਰਨ ਦੀ ਸਿਫ਼ਾਰਸ਼ ਕੀਤੀ।

ਝੰਡਾ ਕਮੇਟੀ ਦੀ ਨਿਯੁਕਤੀ:

ਇਸ ਮੁੱਦੇ ਨੂੰ ਸੁਲਝਾਉਣ ਲਈ ਵਰਕਿੰਗ ਕਮੇਟੀ ਦੁਆਰਾ ਇੱਕ ਕਮੇਟੀ ਨਿਯੁਕਤ ਕੀਤੀ ਗਈ। 31 ਜੂਨ 1931 ਦੀ ਸਿੱਖ ਲੀਗ ਨੂੰ ਲਿਖੀ ਚਿੱਠੀ ਵਿੱਚ ਗਾਂਧੀ ਨੇ ਕਮੇਟੀ ਬਾਰੇ ਲਿਖਿਆ, ਜਿੱਥੋਂ ਤੱਕ ਝੰਡੇ ਬਾਰੇ ਸਿਫ਼ਾਰਸ਼ਾਂ ਦਾ ਸਬੰਧ ਹੈ, ਮੈਂ ਤੁਹਾਨੂੰ ਸਲਾਹ ਦੇਵਾਂਗਾ ਕਿ ਤੁਸੀਂ ਉਨ੍ਹਾਂ ਨੂੰ ਕਾਂਗਰਸ ਦੀ ਵਰਕਿੰਗ ਕਮੇਟੀ ਦੁਆਰਾ ਨਿਯੁਕਤ ਝੰਡਾ ਕਮੇਟੀ ਦੇ ਸਕੱਤਰ ਨੂੰ ਭੇਜੋ। ਝੰਡਾ ਕਮੇਟੀ ਦੇ ਕਨਵੀਨਰ ਅਤੇ ਸਕੱਤਰ ਡਾ. ਪੱਟਾਭੀ ਸੀਤਾਰਾਮਈਆ, ਮਸੂਲੀਪੱਟਨਮ, ਦੱਖਣੀ ਭਾਰਤ ਹਨ।

ਸਿੱਖ ਰੰਗ ਦੀ ਸਵੀਕ੍ਰਿਤੀ

ਸੈਸ਼ਨ ਵਿੱਚ ਗਾਂਧੀ ਕਹਿੰਦੇ ਹਨ, ਇਹ ਯਾਦ ਰੱਖਣਾ ਚਾਹੀਦਾ ਹੈ ਕਿ ਚਿੱਟਾ, ਹਰਾ ਅਤੇ ਲਾਲ ਤਿਰੰਗਾ ਝੰਡਾ ਕਦੇ ਵੀ ਕਾਂਗਰਸ ਦੁਆਰਾ ਅਧਿਕਾਰਤ ਤੌਰ ’ਤੇ ਅਪਣਾਇਆ ਨਹੀਂ ਗਿਆ ਸੀ। ਇਹ ਮੇਰੇ ਦੁਆਰਾ ਕਲਪਨਾ ਕੀਤਾ ਗਿਆ ਸੀ, ਅਤੇ ਮੈਂ ਯਕੀਨੀ ਤੌਰ ’ਤੇ ਇਸਨੂੰ ਇੱਕ ਫਿਰਕੂ ਅਰਥ ਦਿੱਤਾ ਸੀ। ਇਸਦਾ ਉਦੇਸ਼ ਫਿਰਕੂ ਏਕਤਾ ਨੂੰ ਦਰਸਾਉਣਾ ਸੀ। ਸਿੱਖਾਂ ਨੇ ਵਿਰੋਧ ਕੀਤਾ ਅਤੇ ਆਪਣੇ ਰੰਗ ਦੀ ਮੰਗ ਕੀਤੀ। ਨਤੀਜੇ ਵਜੋਂ ਇੱਕ ਕਮੇਟੀ ਨਿਯੁਕਤ ਕੀਤੀ ਗਈ। ਇਸਨੇ ਕੀਮਤੀ ਸਬੂਤ ਇਕੱਠੇ ਕੀਤੇ ਅਤੇ ਉਪਯੋਗੀ ਸਿਫ਼ਾਰਸ਼ਾਂ ਕੀਤੀਆਂ। ਅਤੇ ਹੁਣ ਸਾਡੇ ਕੋਲ ਇੱਕ ਝੰਡਾ ਹੈ ਜਿਸਨੂੰ ਅਧਿਕਾਰਤ ਤੌਰ ’ਤੇ ਕਿਸੇ ਵੀ ਫਿਰਕੂ ਅਰਥ ਤੋਂ ਮੁਕਤ ਕਰ ਦਿੱਤਾ ਗਿਆ ਹੈ, ਅਤੇ ਹਰੇਕ ਰੰਗ ਨੂੰ ਇੱਕ ਨਿਸ਼ਚਿਤ ਅਰਥ ਦਿੱਤਾ ਗਿਆ ਹੈ। ਲਾਲ ਨੂੰ ਕੇਸਰੀ ਰੰਗ ਨਾਲ ਬਦਲ ਦਿੱਤਾ ਗਿਆ ਹੈ, ਅਤੇ ਇਸਨੂੰ ਸਿਰਫ਼ ਕਲਾਤਮਕ ਦ੍ਰਿਸ਼ਟੀਕੋਣ ਤੋਂ ਪਹਿਲਾਂ ਰੱਖਿਆ ਗਿਆ ਹੈ।

6 ਤੋਂ 8 ਅਗਸਤ 1931 ਦੇ ਸੈਸ਼ਨ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ (1933) ਨੇ ਲਗਭਗ ਸਰਬਸੰਮਤੀ ਨਾਲ ਹੇਠ ਲਿਖੇ ਮਤੇ ਦੁਆਰਾ ਇੱਕ ਝੰਡਾ ਅਪਣਾਇਆ। ਰਾਸ਼ਟਰੀ ਝੰਡਾ ਪਹਿਲਾਂ ਵਾਂਗ ਤਿੰਨ ਰੰਗਾਂ ਦਾ ਹੋਵੇਗਾ। ਪਰ ਰੰਗ ਕੇਸਰੀ, ਚਿੱਟਾ ਅਤੇ ਹਰਾ ਹੋਣਗੇ। ਚਿੱਟੀ ਪੱਟੀ ਦੇ ਕੇਂਦਰ ਵਿੱਚ ਗੂੜ੍ਹੇ ਨੀਲੇ ਰੰਗ ਵਿੱਚ ਚਰਖੇ ਦੇ ਨਾਲ; ਇਹ ਸਮਝਿਆ ਜਾਵੇਗਾ ਕਿ ਰੰਗਾਂ ਦਾ ਕੋਈ ਫਿਰਕੂ ਮਹੱਤਵ ਨਹੀਂ ਹੈ, ਪਰ ਕੇਸਰੀ ਹਿੰਮਤ ਅਤੇ ਬਲੀਦਾਨ ਨੂੰ ਦਰਸਾਏਗਾ, ਚਿੱਟਾ ਸ਼ਾਂਤੀ ਅਤੇ ਸੱਚਾਈ ਨੂੰ, ਅਤੇ ਹਰਾ ਵਿਸ਼ਵਾਸ ਅਤੇ ਬਹਾਦਰੀ ਨੂੰ ਦਰਸਾਏਗਾ, ਅਤੇ ਚਰਖਾ ਜਨਤਾ ਦੀ ਉਮੀਦ ਨੂੰ ਦਰਸਾਏਗਾ। ਝੰਡੇ ਦਾ ਅਨੁਪਾਤ ਉੱਡਣ ਤੋਂ ਲਹਿਰਾਉਣ ਤੱਕ ਤਿੰਨ ਤੋਂ ਦੋ ਹੋਣਾ ਚਾਹੀਦਾ ਹੈ।

ਕੀ ਰੰਗਾਂ ਦੀ ਸਥਿਤੀ ਕਦੇ ਬਦਲੀ ਗਈ ਹੈ? ਇਸਦਾ ਜਵਾਬ ਹਾਂ ਦੇ ਵਿਚ ਹੈ। ਭਾਰਤੀ ਝੰਡੇ ਦੇ ਰੰਗਾਂ ਦੀ ਸਥਿਤੀ ਅਤੇ ਡਿਜ਼ਾਈਨ ਇਤਿਹਾਸ ਵਿੱਚ ਕਈ ਵਾਰ ਬਦਲਿਆ ਹੈ: 1906 ਦਾ ਅਣਅਧਿਕਾਰਤ ਝੰਡਾ (ਕਲਕੱਤਾ ਫਲੈਗ): ਇਹ ਪਹਿਲਾ ਗੈਰ-ਸਰਕਾਰੀ ਝੰਡਾ ਸੀ, ਜਿਸ ਵਿੱਚ ਹਰੇ, ਪੀਲੇ ਅਤੇ ਲਾਲ ਰੰਗ ਦੀਆਂ ਤਿੰਨ ਲੇਟਵੀਂਆਂ ਪੱਟੀਆਂ ਸਨ। ਉੱਪਰਲੀ ਹਰੀ ਪੱਟੀ ਵਿੱਚ ਅੱਠ ਕਮਲ, ਵਿਚਕਾਰਲੀ ਪੀਲੀ ਪੱਟੀ ’ਤੇ ਦੇਵਨਾਗਰੀ ਵਿੱਚ ‘ਵੰਦੇ ਮਾਤਰਮ’ ਅਤੇ ਹੇਠਲੀ ਲਾਲ ਪੱਟੀ ਵਿੱਚ ਸੂਰਜ ਅਤੇ ਚੰਦਰਮਾ ਦੇ ਪ੍ਰਤੀਕ ਸਨ।

1907 ਦਾ ਮੈਡਮ ਕਾਮਾ ਝੰਡਾ (ਬਰਲਿਨ ਕਮੇਟੀ ਫਲੈਗ): ਇਹ ਜਰਮਨੀ ਵਿੱਚ ਮੈਡਮ ਭੀਖਾ ਜੀ ਕਾਮਾ ਦੁਆਰਾ ਲਹਿਰਾਇਆ ਗਿਆ ਸੀ। ਇਸ ਵਿੱਚ ਹਰੀ, ਕੇਸਰੀ ਅਤੇ ਲਾਲ ਰੰਗ ਦੀਆਂ ਤਿਰਛੀਆਂ ਪੱਟੀਆਂ ਸਨ, ਜਿਸ ਵਿੱਚ ਸੱਤ ਤਾਰੇ (ਸਪਤਰਿਸ਼ੀ ਨੂੰ ਦਰਸਾਉਂਦੇ ਹੋਏ) ਅਤੇ ਇੱਕ ਕਮਲ ਦਾ ਫੁੱਲ ਸ਼ਾਮਲ ਸੀ।

1917 ਦਾ ਹੋਮ ਰੂਲ ਲਹਿਰ ਦਾ ਝੰਡਾ: ਇਸ ਵਿੱਚ ਪੰਜ ਲਾਲ ਅਤੇ ਚਾਰ ਹਰੀਆਂ ਲੇਟਵੀਂਆਂ ਪੱਟੀਆਂ ਸਨ, ਜਿਸ ਵਿੱਚ ਸਪਤਰਿਸ਼ੀ ਦੀ ਤਰ੍ਹਾਂ ਸੱਤ ਤਾਰੇ ਸਨ। ਉੱਪਰਲੇ ਖੱਬੇ ਕੋਨੇ ਵਿੱਚ ਯੂਨੀਅਨ ਜੈਕ ਅਤੇ ਇੱਕ ਚਿੱਟਾ ਚੰਨ ਤੇ ਤਾਰਾ ਵੀ ਸੀ।

1921 ਦਾ ਗਾਂਧੀ ਦੁਆਰਾ ਪ੍ਰਸਤਾਵਿਤ ਝੰਡਾ: ਪਿੰਗਲੀ ਵੈਂਕਈਆ ਦੁਆਰਾ ਡਿਜ਼ਾਈਨ ਕੀਤਾ ਗਿਆ, ਇਸ ਵਿੱਚ ਸ਼ੁਰੂ ਵਿੱਚ ਲਾਲ ਅਤੇ ਹਰਾ ਰੰਗ (ਹਿੰਦੂਆਂ ਅਤੇ ਮੁਸਲਮਾਨਾਂ ਲਈ) ਸਨ। ਮਹਾਤਮਾ ਗਾਂਧੀ ਨੇ ਬਾਅਦ ਵਿੱਚ ਵਿਚਕਾਰ ਵਿੱਚ ਇੱਕ ਚਿੱਟੀ ਪੱਟੀ (ਬਾਕੀ ਭਾਈਚਾਰਿਆਂ ਲਈ) ਅਤੇ ਇੱਕ ਚਰਖਾ (ਸਵੈ-ਨਿਰਭਰਤਾ ਲਈ) ਜੋੜਨ ਦਾ ਸੁਝਾਅ ਦਿੱਤਾ।

1931 ਦਾ ਕਾਂਗਰਸ ਦੁਆਰਾ ਅਪਣਾਇਆ ਗਿਆ ਝੰਡਾ: ਇਹ ਸਾਡੇ ਮੌਜੂਦਾ ਝੰਡੇ ਦਾ ਪੂਰਵਜ ਸੀ। ਇਸ ਵਿੱਚ ਕੇਸਰੀ, ਚਿੱਟੇ ਅਤੇ ਹਰੇ ਰੰਗ ਦੀਆਂ ਲੇਟਵੀਂਆਂ ਪੱਟੀਆਂ ਸਨ ਅਤੇ ਵਿਚਕਾਰ ਵਿੱਚ ਇੱਕ ਚਰਖਾ ਸੀ। ਇਸ ਸਮੇਂ ਹੀ ਰੰਗਾਂ ਦੇ ਫਿਰਕੂ ਅਰਥਾਂ ਨੂੰ ਖਤਮ ਕਰਕੇ ਉਨ੍ਹਾਂ ਨੂੰ ਆਮ ਅਰਥ ਦਿੱਤੇ ਗਏ।

1947 ਦਾ ਰਾਸ਼ਟਰੀ ਝੰਡਾ (ਮੌਜੂਦਾ): ਭਾਰਤ ਦੀ ਆਜ਼ਾਦੀ ਤੋਂ ਪਹਿਲਾਂ 22 ਜੁਲਾਈ 1947 ਨੂੰ ਸੰਵਿਧਾਨ ਸਭਾ ਨੇ ਇਸ ਝੰਡੇ ਨੂੰ ਅਪਣਾਇਆ। 1931 ਦੇ ਝੰਡੇ ਵਿੱਚੋਂ ਚਰਖੇ ਦੀ ਥਾਂ ਅਸ਼ੋਕ ਚੱਕਰ ਨੂੰ ਸ਼ਾਮਿਲ ਕੀਤਾ ਗਿਆ ਸੀ। ਰੰਗਾਂ ਦੀ ਸਥਿਤੀ ਅਤੇ ਉਨ੍ਹਾਂ ਦੇ ਅਰਥ ਉਹੀ ਰੱਖੇ ਗਏ ਸਨ ਜੋ 1931 ਵਿੱਚ ਨਿਰਧਾਰਤ ਕੀਤੇ ਗਏ ਸਨ।

ਇਸ ਤਰ੍ਹਾਂ, ਰੰਗਾਂ ਦੀ ਸਥਿਤੀ ਅਤੇ ਪ੍ਰਤੀਕਾਂ ਵਿੱਚ ਸਮੇਂ-ਸਮੇਂ ’ਤੇ ਬਦਲਾਅ ਆਏ ਹਨ, ਜੋ ਭਾਰਤ ਦੇ ਆਜ਼ਾਦੀ ਸੰਘਰਸ਼ ਅਤੇ ਰਾਸ਼ਟਰ ਦੇ ਵਿਕਾਸ ਨੂੰ ਦਰਸਾਉਂਦੇ ਹਨ। ਹੋਰ ਪਿੱਛੇ ਜਾਇਆ ਜਾਵੇ ਤਾਂ ਅੰਗਰੇਜ਼ਾਂ ਨੇ ਕੁੱਲ 90 ਸਾਲਾਂ ਦਾ ਸਮਾਂ ਲੱਗਿਆ ਹੈ ਇਸ ਝੰਡੇ ਨੂੰ ਅੰਤਿਮ ਰੂਪ ਦੇਣ ਲਈ। 1857 ਦੇ ਵਿਚ ਪਹਿਲਾ ਝੰਡਾ ਪੇਸ਼ ਕੀਤਾ। 1904 ਵਿਚ ਸਵਾਮੀ ਵਿਵੇਕਾਨੰਦ ਦੇ ਇਕ ਚੇਲੇ ਬਣੋ ਬਣਾਇਆ ਗਿਆ। ਇਸ ਦੇ ਚੁਫੇਰੇ 101 ਜਗਦੇ ਬਲਬ ਵਿਖਾਏ ਗਏ, ਬੰਗਾਲੀ ਵਿਚ ਵੰਦੇ ਮਾਤਰਮ ਲਿਖਿਆ ਗਿਆ।

ਬਾਬਾ ਖੜਕ ਸਿੰਘ:

ਭਾਰਤੀ ਆਜ਼ਾਦੀ ਸੰਘਰਸ਼ ਦਾ ਬੇਤਾਜ ਬਾਦਸ਼ਾਹ

ਸਿੰਘ ਸਾਹਿਬ ਬਾਬਾ ਖੜਕ ਸਿੰਘ (1868-1963) ਪੰਜਾਬੀ ਦੇ ਇੱਕ ਦੂਰਅੰਦੇਸ਼ ਸਪੂਤ, ਉੱਘੇ ਰਾਜਨੀਤਿਕ ਆਗੂ ਅਤੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੇ ਮਹਾਨ ਯੋਧੇ ਸਨ। ਉਨ੍ਹਾਂ ਦਾ ਜਨਮ 6 ਜੂਨ 1868 ਨੂੰ ਸਿਆਲਕੋਟ (ਹੁਣ ਪਾਕਿਸਤਾਨ ਵਿੱਚ) ਦੇ ਨਜ਼ਦੀਕੀ ਪਿੰਡ ਕੋਟ ਖੜਕ ਸਿੰਘ ਦੇ ਇੱਕ ਸੰਪੰਨ ਪਰਿਵਾਰ ਵਿੱਚ ਹੋਇਆ ਸੀ। ਉਨ੍ਹਾਂ ਨੇ ਮਿਸ਼ਨ ਸਕੂਲ ਅਤੇ ਫ਼?ਰ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਬੀ।ਏ। ਦੀ ਡਿਗਰੀ ਪ੍ਰਾਪਤ ਕੀਤੀ। ਭਾਵੇਂ ਉਨ੍ਹਾਂ ਦੇ ਪਿਤਾ ਲਾਇਲਪੁਰ ਮੰਡੀ ਵਿੱਚ ਸਫਲ ਵਪਾਰੀ ਸਨ ਅਤੇ ਉਨ੍ਹਾਂ ਦੀ ਜ਼ਿੰਦਗੀ ਸੁਖਾਲੀ ਸੀ, ਪਰ ਬਾਬਾ ਖੜਕ ਸਿੰਘ ਨੇ ਛੋਟੀ ਉਮਰ ਵਿੱਚ ਹੀ ਸਿਆਸਤ ਵੱਲ ਰੁਚੀ ਰੱਖੀ ਤੇ ਆਮ ਲੋਕਾਂ ਦੀ ਸੇਵਾ ਵਿੱਚ ਲੱਗ ਗਏ।

ਉਹ ਮਿਸ਼ਨਰੀਆਂ ਦੀਆਂ ਭੇਦ-ਭਰੀਆਂ ਚਾਲਾਂ ਨੂੰ ਸਮਝ ਗਏ ਅਤੇ ਉਨ੍ਹਾਂ ਦੇ ਅੰਦਰ ਆਜ਼ਾਦੀ ਦੀ ਭਾਵਨਾ ਪ੍ਰਬਲ ਹੋ ਗਈ। ਉਹ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਡਟ ਕੇ ਖੜ੍ਹੇ ਹੋਏ ਅਤੇ ਦੇਸ਼ ਦੀ ਮੁਕੰਮਲ ਆਜ਼ਾਦੀ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਸ਼ੁਰੂ ਵਿੱਚ ਉਹ ਰਿਫਾਰਮਰਾਂ ਅਤੇ ਫ਼?ਰ ਡਿਫ਼ੈਂਸ ਐਸੋਸੀਏਸ਼ਨ ਨਾਲ ਜੁੜੇ। 1912 ਵਿੱਚ ਚੀਨਾਵਾਲੇ ਕੈਂਟ ਵਿਖੇ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੇ ਪ੍ਰਧਾਨ ਬਣੇ, ਜਿਸ ਨੇ ਕੌਮ ਵਿੱਚ ਜੱਥੇਬੰਦ ਤਾਕਤ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। 26 ਫ਼ਰਵਰੀ 1919 ਨੂੰ ਅੰਮ੍ਰਿਤਸਰ ਵਿੱਚ ਡਿਫ਼ੈਂਸ ਐਸੋਸੀਏਸ਼ਨ ਦੀ ਸਥਾਪਨਾ ਉਨ੍ਹਾਂ ਦੀਆਂ ਕੋਸ਼ਿਸ਼ਾਂ ਦਾ ਸਿੱਟਾ ਸੀ।

1920 ਵਿੱਚ, ਉਹ ਸ਼੍ਰੋਮਣੀ ਸਿੱਖ ਐਜੂਕੇਸ਼ਨ ਬੋਰਡ ਦੇ ਪ੍ਰਧਾਨ ਬਣੇ ਅਤੇ ਸਿੱਖ ਵਿਦਿਆ ਦੇ ਮਿਆਰ ਨੂੰ ਮਾਨਤਾ ਦਿਵਾਉਣ ਵਿੱਚ ਯੋਗਦਾਨ ਪਾਇਆ। ਜਨਵਰੀ 1921 ਵਿੱਚ, ਉਹ ਨਾ-ਮਿਲਵਰਤਨ ਅੰਦੋਲਨ ਵਿੱਚ ਸ਼ਾਮਲ ਹੋ ਗਏ। 1921 ਵਿੱਚ ਸਿੱਖ ਰਿਫ਼ਰਮ ਅੰਦੋਲਨਾਂ ਦੌਰਾਨ ’ਚਾਬੀਆਂ ਦੀ ਘਟਨਾ’ ਵਿੱਚ ਉਨ੍ਹਾਂ ਨੂੰ ਮੁੱਖ ਦੋਸ਼ੀ ਮੰਨਿਆ ਗਿਆ। ਅਕਾਲੀਆਂ ਦੀਆਂ ਕੋਸ਼ਿਸ਼ਾਂ ਸਦਕਾ ਚਾਬੀਆਂ ਦੀ ਵਾਪਸੀ ’ਤੇ ਖੁਸ਼ੀ ਮਨਾਈ ਗਈ, ਅਤੇ ਇਸੇ ਦੌਰਾਨ ਵੱਖੋ-ਵੱਖਰੀਆਂ ਪਾਰਟੀਆਂ ਇਕੱਠੀਆਂ ਹੋ ਕੇ ਸ਼੍ਰੋਮਣੀ ਅਕਾਲੀ ਦਲ ਬਣਾਇਆ ਗਿਆ। 20 ਜਨਵਰੀ 1922 ਨੂੰ ਉਨ੍ਹਾਂ ’ਤੇ ਬੰਬ ਨਾਲ ਹਮਲਾ ਵੀ ਹੋਇਆ, ਪਰ ਉਹ ਬਚ ਗਏ। ਉਨ੍ਹਾਂ ਦੀ ਅਗਵਾਈ ਵਿੱਚ ’ਸਿੱਖ ਰਿਫ਼ਾਰਮ ਐਕਟ 1922’ ਬਣਿਆ, ਜਿਸ ਨਾਲ ਗੁਰਦੁਆਰੇ ਕਾਨੂੰਨੀ ਤੌਰ ’ਤੇ ਸਿੱਖ ਪ੍ਰਬੰਧ ਅਧੀਨ ਆ ਗਏ। 14 ਅਪ੍ਰੈਲ 1922 ਨੂੰ ਬਾਬਾ ਖੜਕ ਸਿੰਘ ਜੇਲ੍ਹ ਵਿੱਚੋਂ ਰਿਹਾਅ ਹੋਏ। ਬਾਬਾ ਜੀ ਦੀ ਦ੍ਰਿਸ਼ਟੀ ਵਿੱਚ ਦੇਸ਼ ਦੀ ਪੂਰਨ ਆਜ਼ਾਦੀ ਅਤੇ ਹਰ ਤਰ੍ਹਾਂ ਦੀ ਦੇਸੀ ਹਕੂਮਤਾਂ ਦੀ ਸਥਾਪਨਾ ਮੁੱਖ ਸੀ।

ਬਾਬਾ ਖੜਕ ਸਿੰਘ ਸਿਰਫ਼ ਸਿੱਖਾਂ ਦੇ ਹੀ ਨਹੀਂ, ਸਗੋਂ ਪੂਰੇ ਦੇਸ਼ ਦੇ ਆਗੂ ਸਨ। ਉਨ੍ਹਾਂ ਨੇ ਭਾਰਤੀ ਰਾਸ਼ਟਰੀ ਕਾਂਗਰਸ ਦੇ ਕਈ ਅੰਦੋਲਨਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਕਈ ਵਾਰ ਜੇਲ੍ਹ ਵੀ ਗਏ। 4 ਜੂਨ 1927 ਨੂੰ ਉਨ੍ਹਾਂ ਨੂੰ ਦੁਬਾਰਾ ਰਿਹਾਈ ਮਿਲੀ ਅਤੇ ਉਹ ਕਾਂਗਰਸ ਦੇ ਆਜ਼ਾਦੀ ਅੰਦੋਲਨਾਂ ਵਿੱਚ ਸਫਲਤਾਪੂਰਵਕ ਕੰਮ ਕਰਦੇ ਰਹੇ। 1928-29 ਅਤੇ 1930 ਵਿੱਚ ਉਨ੍ਹਾਂ ਨੇ ਸਿਵਲ ਨਾ-ਫ਼ਰਮਾਨੀ ਅੰਦੋਲਨਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ। ਸਿੱਖ ਮਾਮਲਿਆਂ ਵਿੱਚ ਬ੍ਰਿਟਿਸ਼ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਦੀ ਉਨ੍ਹਾਂ ਨੇ ਬਹੁਤ ਨਿੰਦਾ ਕੀਤੀ ਅਤੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਉਹ ਹੁਣ ਜ਼ਿਆਦਾ ਦੇਰ ਰਾਜ ਨਹੀਂ ਕਰ ਸਕਦੀ। ਮਹਾਤਮਾ ਗਾਂਧੀ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਨ੍ਹਾਂ ਨੂੰ ’ਬੇਤਾਜ ਬਾਦਸ਼ਾਹ’ ਕਹਿ ਕੇ ਸੰਬੋਧਿਤ ਕਰਦੇ ਸਨ।

ਭਾਰਤੀ ਝੰਡੇ ਦੇ ਰੰਗਾਂ ਵਾਲੀ ਪੱਗ ਦਾ ਕਿੱਸਾ

ਬਾਬਾ ਖੜਕ ਸਿੰਘ ਦੇ ਜੀਵਨ ਦੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਪ੍ਰੇਰਨਾਦਾਇਕ ਘਟਨਾ ਭਾਰਤੀ ਝੰਡੇ ਦੇ ਰੰਗਾਂ ਵਾਲੀ ਪੱਗ ਨਾਲ ਜੁੜੀ ਹੋਈ ਹੈ। 1930 ਦੇ ਦਹਾਕੇ ਵਿੱਚ, ਜਦੋਂ ਭਾਰਤ ਦੀ ਆਜ਼ਾਦੀ ਦਾ ਸੰਘਰਸ਼ ਆਪਣੇ ਸਿਖਰਾਂ ’ਤੇ ਸੀ, ਤਾਂ ਕਾਂਗਰਸ ਨੇ ਇੱਕ ਤਿਰੰਗੇ ਝੰਡੇ ਨੂੰ ਰਾਸ਼ਟਰੀ ਝੰਡੇ ਵਜੋਂ ਅਪਣਾਉਣ ਦਾ ਪ੍ਰਸਤਾਵ ਰੱਖਿਆ ਸੀ। ਇਸ ਦੇ ਸ਼ੁਰੂਆਤੀ ਡਿਜ਼ਾਈਨ ਵਿੱਚ ਲਾਲ ਅਤੇ ਹਰੇ ਰੰਗ ਪ੍ਰਮੁੱਖ ਸਨ, ਜਿਨ੍ਹਾਂ ਨੂੰ ਕੁੱਝ ਸਮੂਹਾਂ ਦੁਆਰਾ ਸੰਪਰਦਾਇਕ ਅਰਥ ਦਿੱਤੇ ਜਾ ਰਹੇ ਸਨ।

ਜਦੋਂ ਕਿਸੇ ਨੇ ਬਾਬਾ ਖੜਕ ਸਿੰਘ ਨੂੰ ਇਸ ਪ੍ਰਸਤਾਵਿਤ ਝੰਡੇ ਦੇ ਰੰਗਾਂ ਵਾਲੀ ਪੱਗ ਭੇਂਟ ਕੀਤੀ, ਤਾਂ ਉਨ੍ਹਾਂ ਨੇ ਉਸਨੂੰ ਪਹਿਨਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਇਹ ਸਟੈਂਡ ਸਿਰਫ਼ ਅਧੂਰੀ ਆਜ਼ਾਦੀ ਦੇ ਵਿਰੋਧ ਵਿੱਚ ਹੀ ਨਹੀਂ ਸੀ, ਸਗੋਂ ਇਸ ਗੱਲ ’ਤੇ ਵੀ ਸੀ ਕਿ ਪ੍ਰਸਤਾਵਿਤ ਝੰਡੇ ਵਿੱਚ ਸਿੱਖਾਂ ਦੇ ਪ੍ਰਤੀਕ, ਕੇਸਰੀ (ਸਾਫਰਨ) ਰੰਗ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤੱਕ ਸਿੱਖਾਂ ਦੀ ਨੁਮਾਇੰਦਗੀ ਝੰਡੇ ਵਿੱਚ ਨਹੀਂ ਹੁੰਦੀ, ਅਤੇ ਜਦੋਂ ਤੱਕ ਭਾਰਤ ਪੂਰੀ ਤਰ੍ਹਾਂ ਆਜ਼ਾਦ ਨਹੀਂ ਹੋ ਜਾਂਦਾ, ਉਹ ਕਿਸੇ ਅਜਿਹੇ ਪ੍ਰਤੀਕ ਨੂੰ ਨਹੀਂ ਅਪਣਾਉਣਗੇ।

ਉਨ੍ਹਾਂ ਦੀ ਇਸ ਅੜੀਅਲ ਪਹੁੰਚ ਨੇ ਕਾਂਗਰਸ ਨੂੰ ਝੰਡੇ ਦੇ ਡਿਜ਼ਾਈਨ ’ਤੇ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ। ਇਸ ਤੋਂ ਬਾਅਦ, 1931 ਵਿੱਚ ਕਰਾਚੀ ਸੈਸ਼ਨ ਦੌਰਾਨ, ਕੇਸਰੀ ਰੰਗ ਨੂੰ ਰਾਸ਼ਟਰੀ ਝੰਡੇ ਵਿੱਚ ਸ਼ਾਮਲ ਕੀਤਾ ਗਿਆ (ਲਾਲ ਰੰਗ ਦੀ ਥਾਂ) ਅਤੇ ਇਸਦੇ ਰੰਗਾਂ ਦੇ ਸੰਪਰਦਾਇਕ ਅਰਥਾਂ ਨੂੰ ਖਤਮ ਕਰਕੇ ਉਨ੍ਹਾਂ ਨੂੰ ਸਮੁੱਚੇ ਰਾਸ਼ਟਰ ਦੀ ਏਕਤਾ ਦੇ ਪ੍ਰਤੀਕ ਵਜੋਂ ਦਰਸਾਇਆ ਗਿਆ। ਉਨ੍ਹਾਂ ਦਾ ਇਹ ਕਦਮ ਉਨ੍ਹਾਂ ਦੇ ਅਟੱਲ ਇਰਾਦੇ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਡੂੰਘੇ ਪਿਆਰ ਨੂੰ ਦਰਸਾਉਂਦਾ ਹੈ, ਜਿੱਥੇ ਉਹ ਪੂਰਨ ਆਜ਼ਾਦੀ ਅਤੇ ਸਭ ਦੀ ਬਰਾਬਰ ਨੁਮਾਇੰਦਗੀ ਚਾਹੁੰਦੇ ਸਨ।

ਬਾਬਾ ਖੜਕ ਸਿੰਘ ਨੇ ਆਪਣੀ ਆਖਰੀ ਸਾਹ ਤੱਕ ਦੇਸ਼ ਦੀ ਆਜ਼ਾਦੀ ਅਤੇ ਲੋਕਾਂ ਦੇ ਹੱਕਾਂ ਲਈ ਲੜਾਈ ਲੜੀ। 6 ਅਕਤੂਬਰ 1963 ਨੂੰ 95 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦਾ ਸੰਘਰਸ਼ ਅੱਜ ਵੀ ਸਾਡੇ ਲਈ ਪ੍ਰੇਰਨਾ ਦਾ ਸਰੋਤ ਹਨ। ਉਨ੍ਹਾਂ ਨੂੰ ਹਮੇਸ਼ਾ ਇੱਕ ਮਹਾਨ ਦੇਸ਼ ਭਗਤ ਅਤੇ ਨਿਧੜਕ ਆਗੂ ਵਜੋਂ ਯਾਦ ਕੀਤਾ ਜਾਵੇਗਾ। ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਆਪਣੇ ਆਦਰਸ਼ਾਂ ਅਤੇ ਟੀਚਿਆਂ ਪ੍ਰਤੀ ਕਿਵੇਂ ਸਮਰਪਿਤ ਰਹਿਣਾ ਹੈ ਅਤੇ ਕਿਸੇ ਵੀ ਕੀਮਤ ’ਤੇ ਆਪਣੇ ਹੱਕਾਂ ਲਈ ਲੜਦੇ ਰਹਿਣਾ ਹੈ।

ਉਨ੍ਹਾਂ ਦੀ ਸਮਾਧ ਮਲੋਟ ਤਹਿਸੀਲ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਪੰਜਾਬ ਦੇ ਸਿੱਖਵਾਲਾ ਪਿੰਡ ਵਿੱਚ ਗੁਰਦੁਆਰਾ ਸਾਹਿਬ ਵਿਖੇ ਮੌਜੂਦ ਹੈ। ਅੱਜ, ਨਵੀਂ ਦਿੱਲੀ ਵਿੱਚ ਕਨਾਟ ਪਲੇਸ ਤੋਂ ਗੁਰਦੁਆਰਾ ਬੰਗਲਾ ਸਾਹਿਬ ਵੱਲ ਜਾਣ ਵਾਲੀ ਇੱਕ ਪ੍ਰਮੁੱਖ ਸੜਕ ਦਾ ਨਾਮ ਉਨ੍ਹਾਂ ਦੇ ਨਾਮ ’ਤੇ ‘ਬਾਬਾ ਖੜਕ ਸਿੰਘ ਮਾਰਗ’ ਰੱਖਿਆ ਗਿਆ ਹੈ। ਸੱਚਮੁੱਚ ਬਾਬਾ ਖੜਕ

# ਪੰਜਾਬੀ ਫ਼ਿਲਮ



ਅੰਮ੍ਰਿਤ ਪਵਾਰ

## ਰਾਮ ਨੂੰ ਮਿਲੀ ਨਰਗਿਸ ਫਾਖਰੀ ਬੋਲੀ ਮੁੰਬਈ ਆਨਾ

ਨਿਊਯਾਰਕ ਵਿੱਚ ਰਾਮ ਜੀ ਸੰਗੀਤ ਬਜ਼ਾਰ ਦੇ ਕਾਮਯਾਬ ਪ੍ਰਮੋਟਰ ਬਲਵਿੰਦਰ ਸਿੰਘ ਬਾਜਵਾ ਨਾਲ ਫਿਲਮੀ ਦੁਨੀਆਂ ਦੇ ਸ਼ੋ ਕਰਵਾਉਂਦੇ ਰਹਿੰਦੇ ਹਨ, ਕਾਫ਼ੀ ਚਿਰ ਤੋਂ ਸਿਲਸਿਲਾ ਜ਼ਾਰੀ ਹੈ। ਬਾਲੀਵੁੱਡ ਨੂੰ ਉਂਗਲਾਂ ਤੇ ਨਚਾਉਣ ਵਾਲੀ ਐਕਟ੍ਰੈਸ ਨਰਗਿਸ ਫਾਖਰੀ ਯੂ ਐਸ ਏ ਆਈ ਤੇ ਨਿਊਯਾਰਕ ਵਿਖੇ ਕਾਫੀ ਦੇਰ ਆਰ ਜੇ ਬੀਟਸ ਦੇ ਮਾਲਿਕ ਰਾਮ ਭੋਗ ਪੁਰੀਆ ਨਾਲ ਗੱਲਾਂ ਵਿੱਚ ਮਸਰੂਫ ਰਹੀ। ਰਾਮ ਨੂੰ ਉਚੇਚੇ ਸੱਦੇ ਮੁੰਬਈ ਆਉਣ ਲਈ ਦਿੱਤੇ ਤੇ ਕਿਹਾ ਤੁਸੀਂ ਪੰਜਾਬੀ ਫ਼ਿਲਮ ਕਰੋਗੇ ਤਾਂ ਉਹ ਉਸ ਵਿੱਚ ਕੰਮ ਕਰ ਖੁਸ਼ ਹੋਏਗੀ। ਰਾਮ ਜੀ ਅੱਜ ਕਲ ਭੱਟੀ ਬ੍ਰਦਰਜ਼, ਮਨਵੀਰ ਰਾਣਾ ਤੋਂ ਬਾਅਦ ਟੌਪ ਦੇ ਟਰੈਕ ਲਿਆ ਰਹੇ ਨੇ ਤੇ ਨਰਗਿਸ ਫਾਖਰੀ ਮੁੰਬਈ ਦੁੱਖ ਸੁੱਖ ਹੱਸ ਖੇਡ ਕੱਟ ਰਹੀ ਹੈ ਜੈ ਹੋ। ਬੰਨੀ ਸ਼ਰਮਾ ਨੇ ਸੋਸ਼ਲ ਮੀਡੀਆ ਤੇ ਕਿਹਾ ਕਿ ਰਾਮ ਭੋਗਪੁਰ ਦਰਅਸਲ ਯੁਵਾ ਅਵਸਥਾ ਵਿੱਚ ਹੀਰੋ ਲੱਗਦੇ ਸਨ ਤੇ ਨਰਗਿਸ ਫਾਖਰੀ ਉਹਨਾਂ ਤੋ ਪ੍ਰਭਾਵਿਤ ਹੋਈ ਸੀ ਤੇ ਰਾਮ ਜੀ ਵੀ ਇਸ ਫਿਲਮੀ ਸ਼ੋ ਬਾਅਦ ਅੱਜ ਨਰਗਿਸ ਦੀਆਂ ਤਸਵੀਰਾਂ ਸ਼ੇਅਰ ਕਰ ਆਪਣੇ ਅਰਮਾਨ ਏ ਫਾਖਰੀ ਪੇਸ਼ ਕਰ ਰਹੇ ਹਨ।




## ਬਲਦੇਵ ਰਾਜ ਬੋਲੇ ਦਿਲਜੀਤ ਦੋਸਾਂਝ ਲਈ ਤਨ ਮਨ ਧਨ ਨਾਲ ਕੁਰਬਾਨ

ਦੋਸਾਂਝ ਵਾਲੇ ਲਈ ਪੰਜਾਬੀ ਫ਼ਿਲਮਾਂ ਵਾਲੇ ਡੱਟ ਕਿ ਸਾਹਮਣੇ ਆਏ ਨੇ ਤੇ ਖਾਸ ਕਰ ਬਲਦੇਵ ਰਾਜ ਜਿਹੜੇ ਪੰਜ ਪੰਜਾਬੀ ਫ਼ਿਲਮਾਂ ਕਰ ਚੁੱਕੇ ਨੇ ਤੇ ਹੁਣ ਹਿੰਦੀ ਫ਼ਿਲਮਾਂ ਵੱਲ ਆਏ ਹਨ ਨੇ ਕਿਹਾ ਕਿ ਦਿਲਜੀਤ ਦੋਸਾਂਝ ਦੀ ਦੇਸ਼ ਭਗਤੀ ਤੇ ਉਂਗਲ ਚੁੱਕਣ ਵਾਲੇ ਸਸਤੀ ਸ਼ੋਹਰਤ ਦੇ ਭੁੱਖੇ ਨੇ ਤੇ ਸਾਡਾ ਮਾਂਡੀਆਂ ਪਰਿਵਾਰ ਡੱਟ ਕਿ ਤਨ ਮਨ ਧਨ ਨਾਲ ਦਿਲਜੀਤ ਦੋਸਾਂਝ ਲਈ ਖੜ੍ਹਾ ਹੈ। ਬਲਦੇਵ ਰਾਜ ਨੇ ਕਿਹਾ ਕਿ ਹਨਾਂ ਦਾ ਹੀਰੋ ਪੁੱਤਰ ਦੀਪ ਵੀ ਦਿਲਜੀਤ ਦੋਸਾਂਝ ਦੀ ਪਿੱਠ ਤੇ ਹੈ। ਦੁਨੀਆਂ ਵਿੱਚ ਟੈਗ "ਪੰਜਾਬੀ ਆ ਗਏ ਏ" ਦਿਲਜੀਤ ਦੀ ਦੇਣ ਹੈ, ਬਾਕੀ ਬਾਲੀਵੁੱਡ ਕੀ ਸਾਡੀ ਸਾਰੀ ਹਿੰਦੀ ਫ਼ਿਲਮਾਂ ਦੀ ਦੁਨੀਆਂ ਪਹਿਲਗਾਮ ਘਟਨਾ ਤੇ ਸੱਪ ਸੁੰਘ ਗਿਆ ਤੇ ਅੱਜ ਦਿਲਜੀਤ ਦੋਸਾਂਝ ਨਾਲ ਵਿਤਕਰਾ, ਈਰਖਾ ਤੇ ਬਲਦੇਵ ਰਾਜ ਨੇ ਕਿਹਾ ਸਾਰਾ ਪੰਜਾਬ, ਪੰਜਾਬੀ ਦੋਸਾਂਝ ਵਾਲੇ ਨਾਲ ਹਨ। ਖੁਦ ਨਰਿੰਦਰ ਮੋਦੀ ਜੀ ਸਤਿਕਾਰਤ ਪ੍ਰਧਾਨ ਮੰਤਰੀ ਦਿਲਜੀਤ ਦੁਸਾਂਝ ਨਾਲ ਮਿਲਦੇ ਹਨ ਤਾਂ ਇਹ ਨਕ.ਲੀ ਦੇਸ਼ ਪ੍ਰੇਮੀ ਹਾਸਾ ਇਹਨਾਂ ਦੀ ਸੋਚ ਤੇ ਬਲਦੇਵ ਰਾਜ ਨੇ ਕਿਹਾ ਸਾਬਾਸ਼ ਬਲਦੇਵ ਰਾਜ ਨਿਰਮਾਤਾ ਹੋਏ ਤੇ ਐਸਾ ਵਰਨਾ ਭੀੜ ਤੋਂ ਕੀ ਲੈਣਾ?



## ਰਜਨੀ ਮਾਨ ਦਾ ਤਾਂ "ਕ੍ਰਾਈਮ" ਵੀ ਸਿਰ ਮੱਥੇ ਪ੍ਰਵਾਨ

ਮਟੋਲ ਗੋਲ ਗੱਲ੍ਹਾਂ ਤੇ ਰੰਗ ਕ੍ਰੀਮਾਂ ਨੂੰ ਮਖੌਲ ਕਰੇ ਕਿ ਰਜਨੀ ਮਾਨ ਜਿਆਦਾ ਚਿੱਟੀ ਏ ਗੋਰੀ ਹੈ। ਬੱਲੀ ਮਾਨ ਨਾਲ ਦੋਹਾਂ ਦੀ ਜੋੜੀ ਸੁਪਰ ਹਿੱਟ ਰਹੀ ਤੇ ਅਚਾਨਕ ਬੱਲੀ ਮਾਨ ਸਦਾ ਲਈ ਦੁਨੀਆਂ ਤੋਂ ਗਾਇਬ, ਫਿਰ ਰਜਨੀ ਚੁੱਪ। ਹੁਣ ਰਜਨੀ ਮਾਨ ਦੀ ਉਹੀ ਬੁਲੰਦ ਆਵਾਜ਼ ਤੇ ਸਟੇਜ ਤੇ ਦਿਲ ਮੋਹਣੇ ਅੰਦਾਜ਼ ਸ਼ੁਰੂ ਹਨ। ਰਜਨੀ ਮਾਨ ਇੱਕਲੀ ਗਾ ਰਹੀ ਹੈ ਤੇ ਉਸ ਦਾ ਗੀਤ "ਕ੍ਰਾਈਮ" ਖ਼ੂਬ ਚਲ ਰਿਹਾ ਹੈ। ਰਜਨੀ ਰੱਜ ਕਿ ਮੇਲੇ ਲਾ ਰਹੀ ਏ ਗਾ ਰਹੀ ਏ ਤੇ ਜਾਗਰਣ ਵੀ ਜੈ ਮਾਤਾ ਦੀ ਵਾਧੂ ਹਨ। ਰਜਨੀ ਮਾਨ ਨਾਰੀ ਸੰਗੀਤ ਵਿੱਚ ਵੀ ਧੁੰਮ ਪਾਈ ਹੋਈ ਹੈ ਤੇ ਜਲਦੀ ਦੋ ਨਵੇਂ ਗੀਤ ਉਸ ਦੇ ਆ ਰਹੇ ਹਨ। ਫ਼ਿਲਮਾਂ ਵਾਲਿਆਂ ਦੀ ਅੱਖ ਨੇ ਰਜਨੀ ਦੇਖ ਲਈ ਹੈ, ਸੁਣ ਲਈ ਹੈ ਤੇ ਜਲਦੀ ਰਜਨੀ ਮਾਨ ਭਾਈ ਮੇਰੇ ਭਾਈ ਬਲਜੀਤ ਮਚਰਾਵਾਂ ਪਰਦੇ ਤੇ ਆ ਸਕਦੀ ਹੈ। ਆਖ ਰਹੀ ਹੈ ਰੱਜੀ ਕਿ ਉਹ ਸੁਨੰਦਾ ਸ਼ਰਮਾ, ਅਮਰ ਨੂਰੀ ਤੇ ਨੇਹਾ ਕੱਕੜ ਦੀ ਤਰਾਂ ਆਪਣੇ ਦਮ ਤੇ ਆਵਾਜ਼ ਦੇ ਦਮ ਤੇ ਅੱਛੇ ਸੰਗੀਤ ਗੀਤ ਦੇ ਦਮ ਤੇ ਦਮ ਦਿਖਾਉਂਦੀ ਸਟਾਰ ਗਾਇਕਾ ਬਣ ਕਿ ਦਿਖਾ ਦੇਵੇਗੀ ਅੱਗੇ ਸਾਈਂ ਰੱਬ ਬੇਲੀ।



## ਬੰਨੀ ਸ਼ਰਮਾ ਦੇ "ਪੰਜਾਬੀ ਜ਼ਿੰਦਾਬਾਦ" ਲਈ ਤੇਜਵੰਤ ਕਿੱਟੂ ਦੀ ਸ਼ੁੱਭ ਕਾਮਨਾ

ਤੇਜਵੰਤ ਕਿੱਟੂ ਪੰਜਾਬ ਦਾ ਸਟਾਰ ਮਿਊਜ਼ਿਕ ਡਾਇਰੈਕਟਰ ਹੈ ਤੇ ਟੀਵੀ ਚੈਨਲਾਂ ਦੇ ਰਾਜਾ ਬੰਨੀ ਸ਼ਰਮਾ ਦਾ ਪਰਮ ਮਿੱਤਰ ਵੀ ਹੈ। ਕਿੱਟੂ ਨੇ ਕਿਹਾ ਕਿ ਬੰਨੀ ਸ਼ਰਮਾ ਨੇ ਤਦ ਜਲੰਧਰ ਦੂਰਦਰਸ਼ਨ ਤੇ ਪ੍ਰੋਗਰਾਮ ਚਲਾਏ ਜਦ ਕਈ ਵਾਰ ਘਾਟੇ ਦੇ ਸੌਦੇ ਸਨ ਪਰ ਉਸ ਹਿੰਮਤ ਨਹੀਂ ਹਾਰੀ ਤੇ ਹੁਣ ਹ ਰਿਆਲਿਟੀ ਸ਼ੋ "ਪੰਜਾਬੀ ਜ਼ਿੰਦਾ-ਬਾਦ" ਨੂੰ ਵੀ ਵਿਲੱਖਣ ਦਿੱਖ ਦੇਵੇਗਾ। ਤੇਜਵੰਤ ਕਿੱਟੂ ਨੇ ਕਿਹਾ ਕਿ ਜਿਸ ਬੰਨੀ ਸ਼ਰਮਾ ਕੋਲ ਜਰਨੈਲ ਘੁਮਾਣ ਜਿਹਾ ਸਾਥੀ ਹੈ ਇਸ ਸ਼ੋ ਲਈ ਸਮਝੋ ਉਸ ਕੋਲ ਰਾਗ ਮਾਲਾ ਪੂਰੀ ਏ ਤਾਂ ਸੰਗੀਤ ਦਿਲਕਸ਼ ਬਣੇਗਾ ਹੀ ਤੇ ਬੰਨੀ ਸ਼ਰਮਾ ਸ਼ੋ ਚਲਾਉਣ ਦੇ ਐਕਸਪਰਟ ਨੇ ਜਦ ਕਿ ਜਰਨੈਲ ਘੁਮਾਣ ਦੀ ਪੰਜਾਬੀ ਮਿੱਠੀ ਤੇ ਪਿਆਰੀ ਹੈ। ਤੇਜਵੰਤ ਕਿੱਟੂ ਦੀ ਸ਼ੁੱਭ ਕਾਮਨਾ ਤੇ ਬੰਨੀ ਸ਼ਰਮਾ ਨੇ ਪ੍ਰਤੀਕਰਮ ਦਿੱਤਾ ਹੈ ਕਿ ਜੈ ਹੋ ਕਿੱਟੂ ਸਾਬ ਤੁਹਾਡੀ ਸ਼ੁੱਭ ਕਾਮਨਾ ਨਾਲ ਹੌਸਲੇ ਸੱਤ ਅਸਮਾਨੀ ਪਹੁੰਚ ਗਏ ਨੇ ਤੇ ਪੰਜਾਬੀ ਸਦਾ ਸਾਡੇ ਸ਼ੋ ਤੇ ਮਾਣ ਦਿੰਦੇ ਆਏ ਨੇ ਤੇ ਇਸ ਹਕੀਕੀ ਸ਼ੋ "ਪੰਜਾਬੀ ਜ਼ਿੰਦਾਬਾਦ" ਨੂੰ ਵੀ ਜ਼ਿੰਦਾਬਾਦ ਕਰਨਗੇ ਤੇ ਹੁਣ ਤੋਂ ਹੀ ਤੇਜਵੰਤ ਕਿੱਟੂ ਨੇ ਜ਼ਿੰਦਾਬਾਦ ਕਰ ਉਤਸ਼ਾਹ ਦੀ ਊਰਜਾ ਬੰਨੀ ਸ਼ਰਮਾ ਵਿੱਚ ਭਰ ਦਿੱਤੀ ਹੈ ਬੇਹਤਰੀਨ।



## ਗੋਗੀ ਘੁਮਾਣ ਨੇ ਸੁੱਖਰੀਤ ਬੁੱਟਰ ਨਾਲ ਮਿਲ ਕਿ ਗਾ ਕਿ ਕਿਹਾ "ਸੋਰੀ"

ਗੋਗੀ ਘੁਮਾਣ ਰਹਿਣ ਸਹਿਣ ਅਮਰੀਕਾ ਦੇਸ਼ ਵਿੱਚ ਤੇ ਕਰਦਾ ਗਾਇਕੀ ਬਣ ਗਿਆ ਨਾਮ ਤੇ ਗੁਰਲੇਜ਼ ਅਖਤਰ ਦੇ ਬਾਅਦ ਸੋਹਣੀ ਆਵਾਜ਼, ਸੋਹਣੀ ਸੂਰਤ ਸੀਰਤ ਸੁੱਖਰੀਤ ਬੁੱਟਰ ਨਾਲ ਦੋਗਾਣਾ ਗਾ ਦਿੱਤਾ ਹੈ। ਪੋਸਟਰ ਵਾਇਰਲ ਹੈ। ਪੰਜਾਬ ਕਿੰਗ ਮਿਊਜ਼ਿਕ ਨੇ ਗੋਗੀ ਘੁਮਾਣ ਤੇ ਸੁਖਰੀਤ ਬੁੱਟਰ ਦਾ ਮਿਊਜ਼ਿਕ ਐਂਪਾਇਰ ਦੇ ਮਿਊਜ਼ਿਕ ਵਿੱਚ ਆ ਰਿਹਾ ਏ ਡਿਊਟ ਤੇ ਨਾਮ ਹੈ "ਸੋਰੀ"। ਬਾਈ ਗੋਗੀ ਘੁਮਾਣ ਨੇ ਸਿਰੇ ਦੇ ਨਾਮਵਰ ਗੀਤਕਾਰ ਵਿੱਕੀ ਧਾਰੀਵਾਲ ਤੋਂ ਗੀਤ ਲਿਆ ਹੈ "ਸੋਰੀ" ਤੇ ਮਨਜਿੰਦਰ ਕੌਰ ਦਾ ਨਿਰਮਾਣ ਹੈ। ਪਾਰਸ ਕੁਲਦੀਪ ਦੇ ਲਾਡਲੇ ਸ਼ਗਿਰਦ ਗੋਗੀ ਘੁਮਾਣ ਦਾ ਕਹਿਣਾ ਹੈ ਕਿ "ਅੱਧਾ ਪਿੰਡ" ਨੇ ਨਾਮ ਬਣਾ ਦਿੱਤਾ ਤੇ "ਸੋਰੀ" ਇਸ ਨਾਮ ਨੂੰ ਚਾਰ ਚੰਨ ਲਾਏਗਾ। ਗੋਗੀ ਘੁਮਾਣ ਖੁਦ ਮਾਡਲ ਵੀ ਹੈ ਤੇ ਪਾਲ ਸਿੱਧੂ ਨਾਲ ਇਸ ਵੇਲੇ ਉਸ ਦਾ ਤਾਲਮੇਲ ਉਸ ਨੂੰ ਚਮਕਾ ਰਿਹਾ ਹੈ।ਗੋਗੀ ਘੁਮਾਣ ਆਡੀ ਹਿੱਟ ਹੁੰਦੇ ਹੀ ਅੰਮ੍ਰਿਤ ਸਿੰਘ ਸਿੱਧੂ ਦੀ ਸਲਾਹ ਨਾਲ ਇਸ "ਸੋਰੀ" ਦਾ ਵੀਡਿ ਵੀ ਬਣਾਏਗਾ।




## ਬਬਲੀ ਬਰਾੜ ਦੀਆਂ "ਅੱਖੀਆਂ" ਰਾਤੀਂ ਸੌਣ ਨਾ ਦਿੰਦੀਆਂ

ਬਬਲੀ ਬਰਾੜ ਨੂੰ ਹੁਸਨ ਦਿੱਤਾ ਰੱਬ ਸੋਹਣੇ ਨੇ ਸੋਹਣਾ ਤੇ ਗਲਾ ਦਿੱਤਾ ਸ਼ਹਿਦ ਜਿਹਾ ਮਿੱਠਾ ਤੇ "ਅੱਖੀਆਂ" ਖਿੱਚ ਵਾਲੀਆਂ ਕਾਲੀਆਂ ਮੋਟੀਆਂ ਤੇ ਸਟੇਜਾਂ ਤੇ ਪੰਜਾਬ ਤੋਂ ਅਮਰੀਕਾ ਤੱਕ ਇਸ ਬਬਲੀ ਨੇ ਬਬਲੀ ਗਰਲ ਬਣਨ ਦਾ ਮਾਣ ਹਾਸਿਲ ਕੀਤਾ ਹੈ। ਅਜੇ ਜਵਾਨੀ ਡੁੱਲ ਡੁੱਲ ਪੈਂਦੀ ਸੀ ਕਿ ਯੂ ਐਸ ਏ ਇਹ ਬਬਲੀ ਗਾ ਆਈ। ਹੁਣ ਜਗਰੂਪ ਕੰਗ ਨੇ ਕਿਹਾ ਕਿ ਸੁਨੰਦਾ ਸ਼ਰਮਾ, ਕੌਰ ਬੀ, ਨਿਮਰਤ ਖੈਹਰਾ ਦੀ ਕਤਾਰ ਵਿੱਚ ਬਬਲੀ ਬਰਾੜ ਆ ਰਹੀ ਹੈ। ਬੇਹਤਰੀਨ ਟਰੈਕ ਸ ਨੇ ਚੰਡੀਗੜ੍ਹ ਕੀਤਾ ਹੈ। ਮਿਊਜ਼ਿਕ ਅੱਤੀ ਆਧੁਨਿਕ ਹੈ ਤੇ ਵੀਡਿ ਫਿਲਮੀ ਅੰਦਾਜ਼ ਦਾ ਕੰਗ ਸਾਬ ਬਣਾ ਰਹੇ ਹਨ। ਬਬਲੀ ਬਰਾੜ "ਅੱਖੀਆਂ" ਇਸ ਦਾ ਨਾਮ ਰੱਖ ਸਕਦੀ ਹੈ। ਟਰੈਕ ਨੂੰ ਵਿਸ਼ਾਲ ਪੱਧਰ ਤੇ ਪ੍ਰਚਾਰ ਨਾਲ ਰਲੀਜ਼ ਕੀਤਾ ਜਾਏਗਾ ਤੇ ਲਲਿਤ ਮਹਿਤਾ ਨੇ ਬਬਲੀ ਬਰਾੜ ਦਾ ਨਵਾਂ ਫੋਟੋ ਸੈਸ਼ਨ ਕਰਵਾ ਲਿਆ ਹੈ। ਦੁਨੀਆਂ ਇਧਰ ਉਧਰ ਦੀ ਹੋ ਜਾਏ ਬਬਲੀ ਬਰਾੜ ਹੁਣ ਸਟਾਰ ਟੌਪ ਗਾਇਕਾ ਬਣ ਦਮ ਲੈਣ ਵਾਲੀ ਹੈ ਤੇ ਟਾਂਡਾ ਫ਼ਿਲਮਜ਼ ਨਾਰਵੇ ਨੇ ਬਬਲੀ ਬਰਾੜ ਨੂੰ ਆਪਣੀ ਨਵੀਂ ਫਿਲਮ ਵਿੱਚ ਇਸ ਵਾਰ ਲੈਣ ਦਾ ਫੈਸਲਾ ਕੀਤਾ ਹੈ। ਜੈ ਹੋ ਬਬਲੀ ਬਰਾੜ ਸਾਹਿਬਾਂ ਤੇ ਜਗਰੂਪ ਕੰਗ ਦੀ ਮਿਹਨਤ ਨੂੰ ਮਿੱਠਾ ਫਲ ਪੈਣ ਵਾਲਾ ਹੈ।



'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਜਦੋਂ ਮਾਸਟਰੀ ਛੱਡ ਕੇ ਸਿਲਾਈ ਦੀ ਦੁਕਾਨ ਖੋਲ੍ਹੀ



ਮੇਜਰ ਸਿੰਘ ਨਾਭਾ
91-94635-53962

ਸਿਲਾਈ ਦਾ ਕੰਮ ਪਿਤਾ ਜੀ ਕਰਦੇ ਸੀ। ਇਸ ਲਈ ਘਰ ਅੰਦਰ ਭੈਣ ਭਰਾਵਾਂ 'ਚੋਂ ਵੱਡਾ ਹੋਣ ਕਾਰਨ ਸਾਰੇ ਕੰਮ ਮੈਨੂੰ ਪਹਿਲਾਂ ਸ਼ੁਰੂ ਕਰਨੇ ਪਏ। ਕਪੜਿਆਂ ਦੇ ਬਟਨ ਲਾਉਣੇ, ਕਾਜ ਕਰਨੇ, ਪ੍ਰੈਸ ਕਰਨੀ ਬਚਪਨ ਵਿੱਚ ਹੀ ਮੈਂ ਕਰਨੇ ਸ਼ੁਰੂ ਕਰ ਦਿੱਤੇ ਸੀ। ਹੌਲੀ ਹੌਲੀ ਭੈਣ ਭਰਾ ਵੀ ਚਾਅ ਨਾਲ ਕੰਮ ਕਰਨ ਲੱਗ ਪਏ। ਸਕੂਲ ਦੀ ਪੜ੍ਹਾਈ, ਮੱਝਾਂ ਦਾ ਕੰਮ, ਕੱਚੇ ਘਰ ਦੀ ਹਰੇਕ ਸਾਲ ਪੋਚਾ ਪਾਚੀ ਕਰਨੀ ਪੈਂਦੀ ਸੀ। ਹੌਲੀ ਹੌਲੀ ਹਲਕੇ ਹਲਕੇ ਕਪੜੇ ਸਿਲਾਈ ਕਰਨ ਵੀ ਲੱਗ ਗਿਆ। ਇਹ ਸਿਲਸਿਲਾ ਬੀ.ਏ. ਤੋਂ ਬਾਅਦ ਆਰਟ / ਕਰਾਫਟ ਟੀਚਰਜ਼ ਟ੍ਰੇਨਿੰਗ ਦਾ ਡਿਪਲੋਮਾ 1982 'ਚ ਕਰਨ ਤੱਕ ਚਲਦਾ ਰਿਹਾ। ਪਿੰਡ ਹੀ ਸਿੱਧੇ ਸਾਦੇ ਕਪੜੇ ਸਿਲਾਈ ਕਰ ਲੈਂਦੇ ਪਿਤਾ ਜੀ ਕਟਾਈ ਕਰ ਕੇ ਦੇ ਦਿੰਦੇ ਸੀ। ਡੀ.ਈ.ਓ. ਪਟਿਆਲਾ ਵਲੋਂ ਰੋਜ਼ਗਾਰ ਦਫਤਰ ਰਾਹੀਂ ਉਮੀਦਵਾਰ ਸੱਦ ਕੇ ਛੇ ਮਹੀਨੇ ਦੇ ਆਧਾਰ ਉੱਪਰ ਜਿਲ੍ਹੇ ਅੰਦਰ ਖਾਲੀ, ਛੁੱਟੀ ਵਾਲੀ ਥਾਂ 'ਤੇ ਅਧਿਆਪਕਾਂ ਦੀ ਭਰਤੀ ਮੈਰਿਟ ਬਣਾ ਕੇ ਆਰਡਰ ਦਿੱਤੇ ਜਾਂਦੇ ਸੀ। ਟ੍ਰੇਨਿੰਗ ਕਰਨ ਉਪਰੰਤ 1982 ਵਿੱਚ ਮੈਂ ਰੋਜ਼ਗਾਰ ਦਫਤਰ ਨੌਕਰੀ ਲਈ ਨਾਮ ਦਰਜ਼ ਕਰਵਾ ਦਿੱਤਾ। ਇਸੇ ਸਾਲ ਹੀ ਮੈਨੂੰ ਐਡਹਾਕ ਅਧਿਆਪਕ ਭਰਤੀ ਦਾ ਰੋਜ਼ਗਾਰ ਦਫਤਰ ਰਾਹੀਂ ਇੰਟਰਵਿਊ ਪੱਤਰ ਆ ਗਿਆ। ਮੈਂ ਇਸ ਭਰਤੀ ਲਈ ਮੈਰਿਟ ਵਿੱਚ ਰਿਜ਼ਰਵਰੇਸ਼ਨ ਕਾਰਨ ਤੀਸਰੇ ਨੰਬਰ 'ਤੇ ਸੀ, ਉਂਝ ਦੂਸਰੇ ਨੰਬਰ 'ਤੇ ਸੀ। ਪਰ ਇਸ ਪੂਰੀ ਲਿਸਟ 'ਚੋਂ ਸਿਰਫ ਦੋ ਅਧਿਆਪਕਾਂ ਨੂੰ ਆਰਡਰ ਮਿਲ ਸਕੇ ਕਿਉਂ ਕਿ ਇਹ ਲਿਸਟ ਛੇ ਮਹੀਨੇ ਲਈ ਹੀ ਵੈਲਿਡ ਸੀ ਕਿਉਂਕਿ ਇਸ ਅਰਸੇ ਦੌਰਾਨ ਕੋਈ ਹੋਰ ਪੋਸਟ ਖਾਲੀ ਨਾ ਹੋਈ। ਇਸ ਤੋਂ ਬਾਅਦ 1984 'ਚ ਫਿਰ ਦੁਬਾਰਾ ਇੰਟਰਵਿਊ ਦਿੱਤੀ, ਮੇਰਾ ਪਹਿਲਾਂ ਦੀ ਤਰ੍ਹਾਂ ਮੈਰਿਟ 'ਚ ਤੀਸਰਾ ਨੰਬਰ ਹੀ ਸੀ। ਪਹਿਲੇ ਦੋ ਅਧਿਆਪਕ ਜੁਆਇਨ ਕਰ ਗਏ ਅਖੀਰ ਤੇ ਮੈਨੂੰ ਵੀ 18 ਜਨਵਰੀ 1984 ਨੂੰ ਛੁੱਟੀ ਵਾਲੀ ਥਾਂ 'ਤੇ ਆਰਡਰ ਸ.ਮਿ.ਸ. ਨੰਨਹੇੜਾ (ਸਮਾਣਾ) ਦੇ ਮਿਲ ਗਏ। ਇਥੇ ਸਬੰਧਤ ਮੈਡਮ ਫਰਜ਼ੀ ਅਬੋਰਸ਼ਨ ਲੀਵ ਤੇ ਚਲ ਰਹੀ ਸੀ, ਇਸ ਵਿੱਚ ਉਸ ਸਮੇਂ ਵਾਧਾ ਵੀ ਹੋ ਜਾਂਦਾ ਸੀ। ਮੈਡਮ ਨੇ ਛੁੱਟੀ 'ਚ ਹਫਤੇ ਦਾ ਵਾਧਾ ਕਰਵਾ ਲਿਆ ।ਇਸ ਲਈ ਮੈਂ ਸਕੂਲੋਂ ਰੀਲੀਵ ਹੋ ਕੇ ਦੁਬਾਰਾ ਦਫਤਰੋਂ ਆਰਡਰ ਲੈ ਕੇ ਇਥੇ ਹੀ ਕੁਝ ਦਿਨ ਹੋਰ ਹਾਜ਼ਰੀ ਦਿੱਤੀ ।ਸਕੂਲ ਦੇ ਅਧਿਆਪਕਾਂ ਤੋਂ ਪਤਾ ਲੱਗਿਆ ਕਿ ਹਰੇਕ ਸਾਲ ਉਹ ਮੈਡਮ ਇਸੇ ਤਰ੍ਹਾਂ ਛੁੱਟੀ ਦਾ ਆਨੰਦ ਮਾਣਦੀ ਸੀ। ਮੈਂ ਆਪਣੇ ਪਿੰਡ ਦੇ ਰਮਿੰਦਰ ਕੁਮਾਰ ਜੋ ਸਮਾਣਾ ਤਹਿਸੀਲ ਦੇ ਦਫਤਰ ਵਿੱਚ ਨੌਕਰੀ ਕਰਦਾ ਸੀ ਉਸ ਕੋਲ ਰਹਿਣ ਕਰਕੇ ਅਸੀਂ ਸਮਾਣੇ ਤੋਂ ਇਕੱਠੇ ਹੀ ਪਿੰਡ ਆ ਜਾਂਦੇ। ਛੁੱਟੀ ਖਤਮ ਹੋਣ ਤੋਂ ਬਾਅਦ ਰੀਲੀਵ ਹੋ ਕੇ ਫਿਰ ਘਰ ਬੈਠ ਗਿਆ ਕਿਉਂਕਿ ਖਾਲੀ ਜਾਂ ਛੁੱਟੀ ਵਾਲੀ ਕੋਈ ਪੋਸਟ ਜਿਲ੍ਹੇ 'ਚ ਨਹੀਂ ਸੀ। ਬ੍ਰੇਕ ਜ਼ਿਆਦਾ ਪੈਣ ਦੇ ਡਰੋਂ ਮੈਂ ਕਈ ਦੋਸਤ ਅਧਿਆਪਕਾਂ ਨੂੰ ਛੁੱਟੀ ਦਿਵਾ ਕੇ ਉਨ੍ਹਾਂ ਦੀ ਥਾਂ ਕੁਝ ਦਿਨ ਹਾਜ਼ਰ ਹੁੰਦਾ ਰਿਹਾ। ਇਹ ਵਰਤਾਰਾ 11 ਅਪ੍ਰੈਲ ਤੱਕ ਚਲਿਆ। ਮਹੀਨੇ ਦੀ ਬ੍ਰੇਕ ਬਾਅਦ ਮੈਂ ਡੀ.ਈ.ਓ. ਦਫਤਰੋਂ ਆਰਡਰ ਲੈ ਕੇ 10 ਮਈ ਨੂੰ ਖਾਲੀ ਪੋਸਟ 'ਤੇ ਸ.ਮਿ.ਸ. ਮਵੀ ਕਲਾਂ (ਸਮਾਣਾ) ਵਿਖੇ ਹਾਜ਼ਰ ਹੋ ਕੇ ਡਿਊਟੀ ਕਰਨੀ ਸ਼ੁਰੂ ਕਰ ਦਿੱਤੀ। ਮੈਂ ਰਮਿੰਦਰ ਕੁਮਾਰ ਕੋਲ ਸਮਾਣਾ ਵਿਖੇ ਫਿਰ ਰਹਿਣ ਲੱਗ ਪਿਆ। ਜੂਨ ਚੜ੍ਹਦਿਆਂ ਹੀ ਪੰਜਾਬ ਵਿੱਚ ਕਰਫਿਊ ਲੱਗ ਗਿਆ। ਅਸੀਂ ਪਿੰਡ ਗਏ ਹੋਏ ਸੀ। ਇੰਡੀਅਨ ਮਿਲਟਰੀ ਨੇ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਕਈ ਦਿਨਾਂ ਬਾਅਦ ਕਰਫਿਊ 'ਚ ਢਿੱਲ ਹੋਣ ਉਪਰੰਤ ਰਮਿੰਦਰ ਕੁਮਾਰ, ਇੱਕ ਹੋਰ ਸਾਥੀ ਅਸੀਂ ਸਾਈਕਲਾਂ 'ਤੇ ਹੀ ਪਿੰਡੋਂ ਸਮਾਣੇ ਨੂੰ ਚਲ ਪਏ ਕਿਉਂ ਕਿ ਅਜੇ ਬਸ ਸਰਵਿਸ ਬੰਦ ਸੀ। ਨਾਭੇ ਤੋਂ ਥੂਹੀ ਵਾਲੀ ਨਹਿਰ ਕੱਚੀ ਪਟੜੀ ਹੁੰਦੇ ਹੋਏ ਨਦਾਮਪੁਰ ਦੇ ਪੁੱਲ ਤੋਂ ਪਿੰਡਾਂ ਵਿੱਚ ਦੀ ਸਿੱਧੇ ਸਮਾਣੇ ਆਪਣੇ ਠਿਕਾਣਿਆਂ 'ਤੇ ਪੁੱਜ ਗਏ। ਜਿਸ ਕਮਰੇ 'ਚ ਅਸੀਂ ਰਹਿੰਦੇ ਸੀ ਨਾਲ ਦੇ ਘਰੋਂ ਟੀ.ਵੀ. ਦੀ ਆਵਾਜ਼ ਜਿਸ ਵਿੱਚ ਉਸ ਸਮੇਂ ਦੇ ਅਕਾਲ ਤਖਤ ਦੇ ਜਥੇਦਾਰ ਦਾ ਬਿਆਨ ਵਾਰ-ਵਾਰ ਸੁਣਾਈ ਦੇ ਰਿਹਾ ਸੀ ਕਿ ਤੋਸਾਖਾਨਾ ਬਿਲਕੁਲ ਠੀਕ ਠਾਕ ਹੈ, ਪਰ ਹਾਲਾਤ ਕੁਝ ਹੋਰ ਹੀ ਸਨ। ਹੌਲੀ ਹੌਲੀ ਹਾਲਾਤ ਨਾਰਮਲ ਹੋ ਗਏ। ਇਸ ਤਰ੍ਹਾਂ ਮੈਂ ਖਾਲੀ ਪੋਸਟ ਉੱਪਰ ਇਸ ਸਕੂਲ 'ਚ ਨਿ-ਸਚਿੰਤ ਹੋ ਕੇ ਸੇਵਾ ਨਿਭਾ ਰਿਹਾ ਸੀ। ਅਚਾਨਕ 20 ਜੂਨ 1984 ਨੂੰ ਮੇਰੇ ਤੋਂ ਸੀਨੀਅਰ ਅਧਿਆਪਕਾ ਨੇ ਮੈਨੂੰ ਰੀਲੀਵ ਕਰ ਦਿੱਤਾ ਅਤੇ ਮੈਂ ਡੀ.ਈ.ਓ. ਦਫਤਰ ਪਟਿਆਲਾ ਵਿਖੇ ਜਾ ਰਿਪੋਰਟ ਕਰ ਦਿੱਤੀ। ਕੋਈ ਪੋਸਟ ਖਾਲੀ ਨਾ ਹੋਣ ਮੈਂ ਹੁਣ ਘਰ ਹੀ ਕੰਮ ਕਰਦਾ ਸੀ, ਜੇ ਮੈਂ ਚਾਹੁੰਦਾ ਤਾਂ ਮੈਂ ਕਿਸੇ ਟੀਚਰ ਨੂੰ ਛੁੱਟੀ ਦਿਵਾ ਕੇ ਉਸ ਦੀ ਜਗ੍ਹਾ ਕੁਝ ਦਿਨ ਕੰਮ ਕਰਕੇ ਪਈ ਬ੍ਰੇਕ ਤੋੜ ਕੇ ਸਮਾਂ ਲੰਘਾ ਲੈਂਦਾ, ਇਸੇ ਤਰ੍ਹਾਂ ਹੋਰਾਂ ਟੀਚਰਾਂ ਦੀ ਤਰ੍ਹਾਂ ਮੈਂ ਵੀ ਰੈਗੂਲਰ ਹੋ ਜਾਣਾ ਸੀ। ਆਰਡਰਾਂ ਦੀ ਲੰਬੀ ਉਡੀਕ ਤੋਂ ਬਾਅਦ ਮੇਰੀ ਸੋਚ ਦੁਕਾਨਦਾਰੀ ਵੱਲ ਹੋ ਗਈ ਕਿਉਂ ਕਿ ਅਸੀਂ ਤਿੰਨੇ ਭਰਾ ਮਾੜੀ ਮੋਟੀ ਸਿਲਾਈ ਤਾਂ ਕਰ ਲੈਂਦੇ ਸੀ ਪਰ ਕਟਿੰਗ ਕਿਸੇ ਨੂੰ ਨਹੀਂ ਆਉਂਦੀ ਸੀ। ਉਦੋਂ ਸਿਲਾਈ ਦੇ ਕੰਮ ਦੀ ਦਿਹਾੜੀ ਤਨਖਾਹ ਨਾਲੋਂ ਜ਼ਿਆਦਾ ਜਾਪਦੀ ਸੀ। ਮੈਨੂੰ ਆਪਣੇ ਆਪ 'ਤੇ ਪਤਾ ਨਹੀਂ ਕਿਵੇਂ ਐਨਾ ਵਿਸਵਾਸ਼ ਸੀ ਕਿ ਮੈਂ ਬਿਨ੍ਹਾਂ ਸਿਖਲਾਈ ਲਏ ਐਡਾ ਵੱਡਾ ਦੁਕਾਨ ਖੋਲ੍ਹਣ ਦਾ ਕਦਮ ਚੁੱਕ ਲਿਆ। ਮੈਂ ਘਾਹ ਮੰਡੀ ਐਮ.ਸੀ. ਮਾਰਕੀਟ ਵਿੱਚ ਤਿਲਕ ਰਾਜ ਦੁੱਗਲ ਤੋਂ ਦੁਕਾਨ ਕਿਰਾਏ ਤੇ ਲੈ ਲਈ। ਮਹੂਰਤ ਦੇ ਕਾਰਡ ਛਪਵਾ ਕੇ ਅਕਤੂਬਰ 1984 ਨੂੰ ਦੁਕਾਨ ਦਾ ਉਦਘਾਟਨ ਕਰ ਦਿੱਤਾ। ਇਸ ਮੌਕੇ ਮੇਰੇ ਮਾਮਾ ਜੀ ਰਾਮ ਸਿੰਘ ਜੱਸਲ ਨੇ ਮੈਨੂੰ ਕਟਿੰਗ ਬਾਰੇ ਮੁੱਢਲੇ ਕੁਝ ਨੁਕਤੇ ਦੱਸ ਦਿੱਤੇ ।ਤਿੰਨ ਕੁ ਮਹੀਨੇ ਬਾਅਦ ਮਿਊਂਸਪਲ ਕਮੇਟੀ ਨੇ ਮਾਰਕੀਟ 'ਚ ਖਾਲੀ ਪਈਆਂ ਦੁਕਾਨਾਂ ਦੀ ਬੋਲੀ ਰੱਖ ਲਈ ਤਾਂ ਮੈਂ ਇੱਕ ਦੁਕਾਨ ਆਪਣੇ ਨਾਂ 'ਤੇ ਬੋਲੀ ਦੇ ਕੇ ਲੈ ਲਈ ਅਤੇ ਇਸ ਦੁਕਾਨ ਵਿੱਚ ਕੰਮ ਸ਼ੁਰੂ ਕਰ ਦਿੱਤਾ। ਫਿਰ ਤਾਂ ਮੈਂ ਕੁਝ ਨਹੀਂ ਦੇਖਿਆ ਅੱਗੇ ਨੂੰ ਵੱਧਦੇ ਗਏ। ਇੱਕ ਵਾਰੀ ਤਾਂ ਸ਼ਹਿਰ 'ਚ 'ਸਟੂਡੈਂਟ ਟੇਲਰਜ਼' ਦਾ ਨਾਂ ਨਾਮਵਰ ਟੇਲਰਾਂ ਤੱਕ ਪੁੱਜ ਗਿਆ। ਇਸ ਤਰ੍ਹਾਂ ਮੇਰਾ ਵਾਕਫੀਅਤ ਦਾ ਦਾਇਰਾ ਪਿੰਡਾਂ ਤੋਂ ਲੈ ਕੇ ਸ਼ਹਿਰ ਤੱਕ ਵੱਧਦਾ ਗਿਆ। ਮੈਂ ਨਾਲੋ ਨਾਲ ਬੇਰੁਜ਼ਗਾਰ ਆਰਟ / ਕਰਾਫਟ ਟੀਚਰਜ਼ ਯੂਨੀਅਨ ਨਾਲ ਜੁੜੇ ਹੋਣ ਕਾਰਨ ਯੂਨੀਅਨ ਦੀਆਂ ਮੰਗਾਂ, ਮੀਟਿੰਗਾਂ ਆਦਿ ਬਾਰੇ ਪ੍ਰੈਸ ਨੋਟ ਅਖਬਾਰਾਂ ਨੂੰ ਭੇਜਦਾ ਰਹਿੰਦਾ।

ਯੂਨੀਅਨ ਦੇ ਪਟਿਆਲਾ ਜਿਲ੍ਹੇ ਦਾ ਕੰਮ ਮੇਰੀ ਦੁਕਾਨ ਤੋਂ ਹੀ ਚਲਦਾ ਸੀ ਅਤੇ ਮੈਂ ਦੁਕਾਨ ਦੇ ਕੰਮ ਨੂੰ ਵੀ ਸਾਂਭਦਾ, ਸਾਰੇ ਕਾਰੀਗਰਾਂ ਨੂੰ ਕੰਮ ਕਟਾਈ ਕਰਕੇ ਦੇਣ ਦਾ ਕੰਮ ਮੈਂ ਹੀ ਕਰਦਾ, ਭਰਾ ਅਤੇ ਕਾਰੀਗਰ ਸਿਲਾਈ ਹੀ ਕਰਦੇ। ਇਸ ਦੇ ਨਾਲ ਹੀ ਚੰਡੀਗੜ੍ਹ ਰੈਲੀਆਂ ਧਰਨਿਆਂ, ਲਗਾਤਾਰ ਭੁੱਖ ਹੜਤਾਲ ਵਿੱਚ ਰਾਤਾਂ ਕੱਟਣ ਦੀ ਵੀ ਹਾਜ਼ਰੀ ਲਵਾਉਂਦਾ। ਸਿੱਖਿਆ ਵਿਭਾਗ 'ਚ ਵਿਭਾਗੀ ਚੋਣ ਕਮੇਟੀ ਵਲੋਂ ਮੇਰੀ ਸਿਲੈਕਸ਼ਨ ਹੋਣ ਉਪਰੰਤ ਆਖਿਰ 30 ਅਪ੍ਰੈਲ 1997 ਨੂੰ ਤਕਰੀਬਨ 13 ਸਾਲ ਦੀ ਬਰੇਕ ਬਾਦ ਬਤੌਰ ਅ/ਕ ਰੈਗੂਲਰ ਟੀਚਰ ਦੇ ਤੌਰ 'ਤੇ ਸਰਕਾਰੀ ਹਾਈ ਸਕੂਲ ਉਲਾਣਾ ਵਿਖੇ ਹਾਜ਼ਰ ਹੋ ਕੇ ਮੁੜ ਨੌਕਰੀ ਵਿੱਚ ਆਇਆ।

ਇਸ ਤਰ੍ਹਾਂ ਹੋਣਾ ਮੇਰੀ ਸਮਝ ਤੋਂ ਬਾਹਰ ਹੈ ਕਿ ਮੇਰਾ ਨੌਕਰੀ 'ਚ ਹੱਥ ਪੈਣ ਦੇ ਬਾਵਜੂਦ ਵੀ ਮੈਂ ਕਾਮਯਾਬ ਕਿਉਂ ਨਾ ਹੋਇਆ ਨਹੀਂ ਤਾਂ ਮੈਂ ਘੱਟੋ-ਘੱਟ ਲੈਕਚਰਾਰ ਸੇਵਾ ਮੁਕਤ ਹੁੰਦਾ ਕਿਉਂ ਕਿ ਐਮ.ਏ. ਮੇਰੀ 1984 ਤੋਂ ਪਹਿਲਾਂ ਹੀ ਕੀਤੀ ਹੋਈ ਸੀ। ਬਾਕੀ ਮੇਰੇ ਨਾਲ ਦੇ ਭਰਤੀ ਹੋਏ ਸਾਥੀ ਸਰਵਿਸ ਵਿੱਚ ਰਹਿ ਗਏ ਅਤੇ ਪੱਕੇ ਹੋ ਕੇ ਬਾਅਦ 'ਚ ਟਿੱਕ ਕੇ ਸੇਵਾ ਨਿਭਾਉਂਦੇ ਰਹੇ। ਇਹ ਸ਼ੰਘਰਸ਼ਮਈ ਜ਼ਿੰਦਗੀ ਦੇ ਪਲ ਮੇਰੇ ਜਿਹਨ 'ਚ ਹਮੇਸ਼ਾ ਰਹਿਣਗੇ।